# ਦੇਸ਼ ਦੁਆਬਾ

VOL - 3 ISSUE - 19
December 18, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸਤਿਕਾਰਯੋਗ ਇਸ਼ਤਿਹਾਰਦਾਤਾਵਾਂ ਅਤੇ ਪਾਠਕਾਂ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ। ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ-ਖੇੜੇ, ਤੰਦਰੁਸਤੀਆਂ ਲੈ ਕੇ ਆਵੇ।



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸਾਹਿਬਜ਼ਾਦਿਆਂ ਦੇ ਸ਼ਹੀਦੀ-ਪੁਰਬ 'ਤੇ ਵਿਸ਼ੇਸ਼ ਲੇਖ ਸਫਾ 11 ਤੇ ਦੇਖੋ



ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਮਾਣ ਦਿਵਸ ਮਨਾਇਆ ਗਿਆ- ਦੇਖੋ ਸਫਾ 7 ਤੇ



'ਜਦੋਂ ਗੱਜਿਆ ਲੰਡਨ ਵਿਚ ਸੂਰਮਾ' ਐਚ ਐਲ ਕਪੂਰ ਦਾ ਲੇਖ ਦੇਖੋ ਸਫਾ 13 ਤੇ

# ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਯਾਦਗਾਰੀ ਛਾਪ ਛੱਡਦਾ ਸੰਪਨ

## "ਕਾਮਾਗਾਟਾ ਮਾਰੂ ਸਫ਼ਰ ਜਾਰੀ ਹੈ'' ਨਾਟਕ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਬਿਠਾਈ ਰੱਖਿਆ

**ਸੈਕਰਾਮੈਂਟੋ/ (ਡੀ ਡੀ ਬੀ)-** ਹਰ ਸਾਲ ਦੀ ਤਰ੍ਹਾਂ ਗ਼ਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਅਮਰੀਕਾ (ਸੈਕਰਾਮੈਂਟੋ) ਵਲੋਂ ਇਸ ਸਾਲ ਦਾ ਗ਼ਦਰੀ ਮੇਲਾ ਗ਼ਦਰ ਲਹਿਰ ਨਾਲ ਸਬੰਧਿਤ'' ਕਾਮਾਗਾਟਾ ਮਾਰੂ ਕਾਂਡ ਨਾਲ ਸਬੰਧਿਤ ਗ਼ਦਰੀ ਬਾਬਿਆਂ ਦੀ ਯਾਦ ਅਤੇ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਮੇਲਾ Cosumnes Oaks High School Performing Art Center ਵਿਖੇ ਸ਼ਾਨਦਾਰ ਪ੍ਰਬੰਧਾਂ ਤਹਿਤ ਦਿਨ ਸ਼ਨਿਚਰਵਾਰ 6 ਦਸੰਬਰ 2014 ਨੂੰ ਕਰਵਾਇਆ ਗਿਆ। ਸੌ ਸਾਲ ਪਹਿਲਾਂ ਵਾਪਰੀ ਘਟਨਾ ਸਬੰਧੀ ਇਹ ਸਮਾਗਮ ਬੜੇ ਸੁਚੱਜੇ ਪ੍ਰਬੰਧਾਂ ਹੇਠ ਕਰਵਾਇਆ ਗਿਆ। ਕਾਮਾਗਾਟਾ ਮਾਰੂ ਜਹਾਜ਼ ਦੀ ਕਨੇਡਾ ਤੋਂ ਕੌਮੀ ਤੇ ਨਸਲੀ ਭੇਦ ਭਾਵ ਕਾਰਨ ਹੋਈ ਵਾਪਸੀ ਦੀ ਸ਼ਤਾਬਦੀ ਸਮਾਗਮ ਵਿਚ ਉਹਨਾਂ ਭਾਰਤੀ ਯੋਧਿਆਂ ਨੂੰ ਵਿਅਕਤੀਆਂ ਨੂੰ ਉਚੇਚੇ ਤੌਰ ਤੇ ਯਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਵਿਤਕਰੇ ਤੋਂ ਬਾਅਦ ਗ਼ਦਰ ਲਹਿਰ ਵਿਚ ਆਪਣਾ ਯੋਗਦਾਨ ਪਾਇਆ।

ਇਸ ਸਮਾਗਮ ਵਿਚ ਗਾਇਕ ਕਲਾਕਾਰ ਪੰਮੀ ਮਾਨ, ਅਨੂਪ ਚੀਮਾ ਅਤੇ ਤਰਲੋਕ ਸਿੰਘ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਗਵਾਈ। ਸਮਾਗਮ ਦੇ ਪ੍ਰਧਨਗੀ ਮੰਡਲ ਵਿਚ ਡਾਕਟਰ ਸਤਨਾਮ ਸਿੰਘ ਉੱਪਲ (ਮਰਸਡ), ਸੁਰਜੀਤ ਸਿੰਘ ਅਟਵਾਲ (ਮਰਸਡ), ਨਿਰੰਜਨ ਸਿੰਘ ਸਮਰਾ (ਮੌਡੈਸਟੋ) ਅਤੇ ਸੈਮ ਸਮਰਾ (ਮੌਡੈਸਟੋ ) ਯਾਦ ਰਹੇ ਕਿ ਸਮਰਾ ਬ੍ਰਦਰਜ਼ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਵਿਚੋਂ ਹਨ ਸੁਸ਼ੋਭਤ ਹੋਏ। ਪ੍ਰਧਾਨਗੀ ਮੰਡਲ ਅਤੇ ਸੰਜੀਦਾ ਦਰਸ਼ਕਾਂ ਦੀ ਹਾਜ਼ਰੀ ਵਿਚ ਡਾਕਟਰ ਗੁਰੁਮੇਲ ਸਿੰਘ



ਕੈਲੀਫੋਰਨੀਆਂ ਯੂਨੀਵਰਸਿਟੀ ਫਰਿਜ਼ਨੋ, ਚਰਨ ਸਿੰਘ ਜੱਜ ਸੈਕਰਾਮੈਂਟੋ ਅਤੇ ਕੁਲਵੰਤ ਸਿੰਘ ਢੇਸੀ ਦੀਆਂ ਕਾਮਾਗਾਟਾ ਮਾਰੂ ਘਟਨਾ ਨਾਲ਼ ਸਬੰਧਿਤ ਵੱਖ ਵੱਖ ਇਤਿਹਾਸਕ ਪਹਿਲੂਆਂ ਤੇ ਵਿਸਥਾਰ ਸਹਿਤ ਚਾਨਣ ਪਾਉਂਦੀਆਂ ਪ੍ਰਭਾਵਸ਼ਾਲੀ ਤਕਰੀਰਾਂ ਕੀਤੀਆਂ। ਮੇਲੇ ਦੇ ਸਬੰਧ 'ਚ ਬੋਲਦਿਆਂ ਕਨੇਡਾ ਤੋਂ ਵਿਸ਼ੇਸ਼ ਬੁਲਾਰੇ ਦੇ ਤੌਰ ਤੇ ਆਏ ਕਾਮਰੇਡ ਕੁਲਵੰਤ ਸਿੰਘ ਢੇਸੀ ਨੇ ਕਿਹਾ ਕਿ ਸਿਆਣੇ ਲੋਕਾਂ ਦੀ ਭੀੜ ਨਹੀਂ ਹੋਇਆ ਕਰਦੀ ਤੇ ਨਾ ਹੀ ਭੀੜ ਵਿਚ ਸਿਆਣੇ ਹੋਇਆ ਕਰਦੇ ਹਨ। ਇਸ ਦੌਰਾਨ ਡਾਕਟਰ ਗੁਰੁਮੇਲ ਸਿੰਘ ਦੀ ਗ਼ਦਰ ਲਹਿਰ ਨਾਲ਼ ਸਬੰਧਿਤ ਪੁਸਤਕ ਜਾਰੀ ਕੀਤੀ ਗਈ। ਉਨ੍ਹਾਂ ਨੇ ਕਾਮਾਗਾਟਾ ਮਾਰੂ ਘਟਨਾ ਬਾਰੇ ਆਪਣੇ ਇੱਕ ਪੱਖ ਦਾ ਵੇਰਵਾ ਦਿੰਦਿਆਂ ਕਿਹਾ ਕਿ ਸੰਨ 1914 ਵਿਚ ਜਦ ਕਾਮਾਗਾਟਾ ਮਾਰੂ ਦੀ ਘਟਨਾ ਵਾਪਰੀ ਉਸ ਵੇਲੇ ਗ਼ਦਰ ਲਹਿਰ ਪੂਰੇ ਜ਼ੋਰਾਂ ਤੇ ਸੀ। ਭਾਰਤੀ ਵਪਾਰੀ ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਤੋਂ ਇੱਕ ਨਾਮੀ ਜਹਾਜ਼ ਜਪਾਨੀ ਕੰਪਨੀ ਕਾਮਾਗਾਟਾ ਮਾਰੂ ਤੋਂ ਜਹਾਜ਼ ਕਿਰਾਏ ਤੇ ਲਿਆ ਸੀ। ਕਨੇਡਾ ਜਾਣ ਦੇ ਚਾਹਵਾਨ ਪੰਜਾਬੀ ਭਾਰਤੀ ਤੇ ਹੋਰ ਲੋਕਾਂ ਨੂੰ ਲੈਕੇ ਜਾਣ ਲਈ (ਕਨੇਡਾ ਸਰਕਾਰ ਦੇ ਭਾਰਤੀ ਏਸ਼ੀਆਈ ਲੋਕਾਂ ਪ੍ਰਤੀ ਵਿਤਕਰੇ ਦੀ ਭਾਵਨਾ ਵਾਲਾ ਕਾਨੂੰਨ ਥੋਪਣ ਦੇ ਬਾਵਜੂਦ 200 ਡਾਲਰ ਜੇਬ ਵਿਚ ਹੋਣ ਦੀ ਸ਼ਰਤ ਮਨਜ਼ੂਰ ਕਰਦੇ ਹੋਏ ਵੀ) ਤਿਆਰੀ ਕਰ ਲਈ ਅਤੇ 400 ਯਾਤਰੀਆਂ ਨੂੰ ਲੈ ਕੇ ਆਪਣੀ ਮੰਜ਼ਿਲ ਵੱਲ ਚੱਲ ਪਏ। ਲੰਬੇ ਸਮੇਂ ਦੀ ਖੱਜਲ ਖਰਾਬੀ ਤੋਂ ਬਾਅਦ ਇਨ੍ਹਾਂ ਨੂੰ ਵਿਤਕਰੇ ਦਾ ਸ਼ਿਕਾਰ ਹੋ ਕੇ ਵਾਪਸ ਮੁੜਨਾ ਪਿਆ। ਵਾਪਸੀ ਤੇ ਬਾਬਾ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿਚ ਆ ਕੇ ਇਹ ਯਾਤਰੀ ਵੀ ਅਖੀਰ ਭਾਰਤ ਦੀ ਅਜ਼ਾਦੀ ਦੇ ਘੋਲ ਦੇ ਵਿਚ ਸ਼ਾਮਲ ਹੋ ਗਏ ਸਨ। ਅਖੀਰ ਬਜ ਬਜ ਘਾਟ ਕਲਕੱਤਾ ਵਿਖੇ ਬ੍ਰਿਟਿਸ਼ ਸਰਕਾਰ ਨੇ

(ਬਾਕੀ ਖਬਰ ਸਫਾ 4 ਤੇ ਦੇਖੋ)

# 37 ਸਾਲਾ ਭਾਰਤੀ-ਅਮਰੀਕੀ ਵਿਵੇਕ ਮੂਰਤੀ ਹੋਣਗੇ ਅਮਰੀਕਾ ਦੇ ਨਵੇਂ ਸਰਜਨ ਜਨਰਲ

ਵਾਸ਼ਿੰਗਟਨ- 37 ਸਾਲਾ ਭਾਰਤੀ-ਅਮਰੀਕੀ ਵਿਵੇਕ ਮੂਰਤੀ ਨੂੰ ਅਮਰੀਕਾ ਦਾ ਸਰਜਨ ਜਨਰਲ ਨਿਯੁਕਤ ਕਰਨ ਤੋਂ ਇਕ ਦਿਨ ਬਾਅਦ ਵ੍ਹਾਈਟ ਹਾਊਸ ਨੇ ਆਖਿਆ ਕਿ ਉਨ੍ਹਾਂ ਕੋਲ ਮੈਡੀਕਲ ਸਿਖਲਾਈ ਅਤ ਸੰਚਾਰ ਯੋਗਤਾ ਦਾ ਉਹ ਸਹੀ ਮਿਸ਼ਰਣ ਹੈ, ਜਿਸ ਨਾਲ ਦੇਸ਼ ਦੇ ਹਿੱਤਾਂ ਦੀ ਸੇਵਾ ਹੋ ਸਕੇਗੀ।

ਵ੍ਹਾਈਟ ਹਾਊਸ ਦੇ ਪ੍ਰੈਸ ਸੈਕਟਰੀ ਜੋਸ਼ ਅਰਨੈਸਟ ਨੇ ਆਖਿਆ, ''ਰਾਸ਼ਟਰਪਤੀ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਨੂੰ ਡਾ. ਮੂਰਤੀ ਦੇ ਰੂਪ ਵਿੱਚ ਅਜਿਹੀ ਕਾਬਲੀਅਤ ਵਾਲਾ ਵਿਅਕਤੀ ਮਿਲਿਆ ਹੈ ਜੋ ਅਮਰੀਕੀ ਆਵਾਮ ਨਾਲ ਜਨ ਸਿਹਤ ਦੇ ਅਹਿਮ ਮੁੱਦਿਆਂ 'ਤੇ ਸੰਵਾਦ ਰਚਾ ਸਕਦੇ ਹਨ। ਭਾਵੇਂ ਇਹ ਇਬੋਲਾ ਹੋਵੇ ਜਾਂ ਸਸਤੀਆਂ ਸਿਹਤ ਸੇਵਾਵਾਂ ਬਾਰੇ ਕਾਨੂੰਨ, ਡਾ. ਮੂਰਤੀ ਅਜਿਹੀ ਮੈਡੀਕਲ ਸਿਖਲਾਈ ਅਤੇ ਸੰਚਾਰ ਯੋਗਤਾ ਦੇ ਮਾਲਕ ਹਨ ਕਿ ਉਸ ਨਾਲ ਦੇਸ਼ ਅਤੇ ਸਰਕਾਰ ਦੇ ਹਿੱਤਾਂ ਦੀ ਪੂਰਤੀ ਹੋ ਸਕੇਗੀ।'' ਸੈਨੇਟ ਨੇ 43 ਦੇ ਮੁਕਾਬਲੇ 51



ਵੋਟਾਂ ਨਾਲ ਡਾ. ਮੂਰਤੀ ਦੀ ਚਾਰ ਸਾਲ ਲਈ ਨਿਯੁਕਤੀ 'ਤੇ ਮੋਹਰ ਲਗਾਈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਦੀ ਅਗਵਾਈ ਵਾਲੀ ਗੰਨ ਰਾਈਫਲ ਲਾਬੀ ਵੱਲੋਂ ਡਾ. ਮੂਰਤੀ ਦਾ ਜਬਰਦਸਤ ਵਿਰੋਧ ਕੀਤਾ ਜਾ ਰਿਹਾ ਸੀ। 37 ਸਾਲਾ ਡਾ. ਮੂਰਤੀ ਨਾ ਕੇਵਲ ਸਭ ਤੋਂ ਛੋਟੀ ਉਮਰ ਦੇ ਸਰਜਨ ਜਨਰਲ ਹਨ ਸਗੋਂ ਪਹਿਲੇ ਭਾਰਤੀ-ਅਮਰੀਕੀ ਵੀ ਹਨ। ਉਹ ਅਮਰੀਕਾ ਦੇ

(ਬਾਕੀ ਖਬਰ ਸਫਾ 4 ਤੇ ਦੇਖੋ)

PRE
Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



SAROAY
INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121





MAJESTIC
HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

HAPPY TRAVELS AGENCY
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy)
Agency Owner
HappyTravels Agency
1743 GRAND CANAL BLVD
12 STOCKTON, CA 95207



MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



# ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਚ ਬਾਬਾ ਸਾਹਿਬ ਡਾ.ਅੰਬੇਡਕਰ ਦਾ ਪ੍ਰੀ ਨਿਰਮਾਣ ਦਿਵਸ ਅਤੇ ਨਵੀਂ ਕਮੇਟੀ ਦੀ ਚੋਣ ਤੇ ਸਤਿਗੁਰੂ ਦਾ ਸ਼ੁਕਰਾਨਾ ਦਿਵਸ ਮਨਾਇਆ ਗਿਆ














**ਨਿਊਯਾਰਕ–** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਦੀ ਨਵੀਂ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਦੀ ਚੋਣ ਪਿਛਲੇ ਦਿਨੀਂ ਸ਼ਾਂਤੀ ਪੂਰਵਕ ਸੰਪੂਰਨ ਹੋਈ। ਇਸ ਤੇ ਸੰਗਤ ਦਾ ਧੰਨਵਾਦ ਕਰਦਿਆਂ ਸਤਿਗੁਰੂ ਰਵਿਦਾਸ ਮਹਾਰਾਜ ਜੀ, ਧੰਨ ਗੁਰੂ ਗ੍ਰੰਥ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸੇਵਾਦਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੁਆਉਣ ਉਪਰੰਤ ਦੀਵਾਨ ਸਜਾਏ ਗਏ। ਜਿਸ ਵਿਚ ਗੁਰੂ ਦੇ ਕੀਰਤਨੀਏ ਭਾਈ ਪਦਮ ਸਿੰਘ ਲੁਧਿਆਣੇ ਵਾਲੇ, ਭਾਈ ਜਗਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਕੀਰਤਨ ਨਾਲ ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਮਰਜੀਤ ਸਿੰਘ ਨੇ ਹਾਜ਼ਰੀ ਲਗਵਾ ਕੇ ਸੰਗਤ ਤੋਂ ਅਸੀਸ ਪ੍ਰਾਪਤ ਕੀਤੀ। ਗੁਰੂ ਘਰ ਦੇ ਪਹਿਲੇ ਜਨਰਲ ਸਕੱਤਰ ਪਰਮਜੀਤ ਲਾਲ ਨੇ ਨਵੀਂ ਪ੍ਰਬੰਧਕ ਕਮੇਟੀ ਤੇ ਟਰੱਸਟ ਕਮੇਟੀ ਨੂੰ ਸੰਗਤ ਦੇ ਰੂਬਰੂ ਕਰਕੇ ਸੰਗਤ ਨਾਲ ਸਾਂਝ ਪੁਆਈ। ਨਵੇਂ ਜਨਰਲ ਸਕੱਤਰ ਸ੍ਰੀ ਪ੍ਰਕਾਸ਼ ਮਹਿਮੀ ਨੂੰ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਸੰਗਤ ਨਾਲ ਪਿਛਲੇ ਸਮੇਂ ਦੀ ਸਾਂਝ ਪਾਈ ਕਿ ਅਸੀਂ ਸਾਰੇ ਜਿਵੇਂ ਪਹਿਲਾਂ ਇਕੱਠਿਆਂ ਕੰਮ ਕੀਤਾ, ਅੱਗੇ ਤੋਂ ਵੀ ਇਵੇਂ ਹੀ ਇਕੱਠੇ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਕੰਮ ਕਰਨਾ ਹੈ।

ਗੁਰੂ ਘਰ ਦੇ ਜਨਰਲ ਸਕੱਤਰ ਪ੍ਰਕਾਸ ਮਹਿਮੀ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਪੂਰੀ ਪ੍ਰਬੰਧਕ ਅਤੇ ਟਰੱਸਟ ਕਮੇਟੀ ਵੱਲੋਂ ਸੰਗਤ ਦਾ ਧੰਨਵਾਦ ਕਰਦਿਆਂ ਸਤਿਗੁਰੂ ਦਾ ਸ਼ੁਕਰਾਨਾ ਕੀਤਾ ਤੇ ਆਉਣ ਵਾਲੇ ਸਮੇਂ ਸੰਗਤ ਤੋਂ ਹਰ ਤਰ੍ਹਾਂ ਦੇ ਸਹਿਯੋਗ ਲਈ ਬੇਨਤੀ ਕੀਤੀ। ਬਾਬਾ ਸਾਹਿਬ ਦੇ ਜੀਵਨ ਉਪਦੇਸ਼ ਤੇ ਬੋਲਦਿਆਂ ਉਹਨਾਂ ਨੇ ਕਿਹਾ ਕਿ ਸਾਨੂੰ ਉਹਨਾਂ ਦੇ ਜੀਵਨ ਨੂੰ ਪੜ੍ਹਨਾ ਚਾਹੀਦਾ ਹੈ ਤਾਂ ਕਿ ਸਾਨੂੰ ਸਹੀ ਅਤੇ ਪੂਰੀ ਜਾਣਕਾਰੀ ਮਿਲ ਸਕੇ। ਇਸ ਦੀਵਾਨ ਵਿਚ ਜਿੱਥੇ ਸੰਗਤ ਵੱਡੀ ਗਿਣਤੀ ਵਿਚ ਪਹੁੰਚੀ, ਉਥੇ ਨਾਲ ਹੀ ਨਿਊਯਾਰਕ ਦੀਆਂ ਜਥੇਬੰਦੀਆਂ, ਗੁਰੂ ਘਰਾਂ ਦੇ ਨੁਮਾਇੰਦੇ ਅਤੇ ਮੀਡੀਏ ਨਾਲ ਸਬੰਧਤ ਹਰਬਖਸ਼ ਸਿੰਘ ਟਾਹਲੀ, ਬਲਦੇਵ ਸਿੰਘ ਗਰੇਵਾਲ, ਪ੍ਰਦੀਪ ਸਿੰਘ ਗਲੋਬਲ ਪੰਜਾਬ ਵੱਲੋਂ ਪਹੁੰਚੇ ਸਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਸ਼ੇਸ਼ ਤੌਰ ਤੇ ਦੀਵਾਨ ਵਿਚ ਪਹੁੰਚੇ, ਜਿਹਨਾਂ ਨੇ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨਾਲ ਸਾਂਝ ਪਾਉਂਦਿਆਂ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਨਾਲ ਜੁੜਨਾ ਚਾਹੀਦਾ ਹੈ।

ਨਵੀਂ ਕਮੇਟੀ ਨੂੰ ਗੁਰੂ ਘਰ ਦੀ ਸਾਂਭ ਸੰਭਾਲ ਦੀ ਸੇਵਾ ਲੈਣ ਤੇ ਵਧਾਈ ਦਿੱਤੀ। ਹਰਬਖਸ਼ ਸਿੰਘ ਟਾਹਲੀ ਸੰਪਾਦਕ 'ਸਾਂਝ ਪੰਜਾਬ ਦੀ' ਵੱਲੋਂ ਬੋਲਦਿਆਂ ਸਾਰੇ ਗੁਰੂ ਘਰਾਂ ਤੇ ਸਾਰੇ ਮੀਡੀਏ ਨੇ ਨਵੀਂ ਕਮੇਟੀ ਨੂੰ ਗੁਰੂ ਦੇ ਸਿਧਾਂਤ ਨੂੰ ਪ੍ਰਚਾਰਨ ਤੇ ਵਿਸ਼ੇਸ਼ ਵਧਾਈ ਦਿੱਤੀ ਤੇ ਹਰ ਵਕਤ ਗੁਰੂ ਦੇ ਸਿਧਾਂਤ ਤੇ ਇੱਕਜੁਟਤਾ ਦਾ ਭਰੋਸਾ ਦਿੱਤਾ।

ਗੁਰੂ ਘਰ ਦੇ ਚੇਅਰਮੈਨ ਨੰਦ ਲਾਲ ਜੀ ਵੱਲੋਂ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤ ਨੂੰ ਗੁਰੂ ਘਰ ਦੀ ਸ਼ਾਂਤਮਈ ਚੋਣ ਤੇ ਵਧਾਈ ਦਿੱਤੀ। ਸਭ ਨੂੰ ਇਕੱਠੇ ਹੋ ਕੇ ਚੱਲਣ ਲਈ ਬੇਨਤੀ ਕੀਤੀ। ਬਾਬਾ ਸਾਹਿਬ ਦੇ ਜੀਵਨ ਉਪਦੇਸ਼ ਤੇ ਕਵਿਤਾ ਰਾਹੀਂ ਆਪਣੇ ਦਿਲ ਦੀ ਸਾਂਝ ਪਾਈ। ਗੁਰੂ ਘਰ ਦੇ ਪ੍ਰਬੰਧ ਤੋਂ ਸੇਵਾ ਮੁਕਤ ਹੋਏ ਗੁਰੂ ਘਰ ਦੇ ਚੇਅਰਮੈਨ ਨੰਦ ਲਾਲ, ਕੈਸ਼ੀਅਰ ਭੋਲਾ ਕਲੇਰ ਅਤੇ ਪਰਮਜੀਤ ਲਾਲ ਜਨਰਲ ਸਕੱਤਰ ਨੂੰ ਉਹਨਾਂ ਵੱਲੋਂ ਪਿਛਲੇ 2 ਸਾਲ ਵਿਚ ਨਿਭਾਈਆਂ ਵਡਮੁੱਲੀਆਂ ਸੇਵਾਵਾਂ ਕਰਕੇ ਸਿਰੋਪਾਓ ਤੇ ਪਲੇਕਾਂ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਰਕਾਬਗੰਜ ਦਿੱਲੀ ਦੇ ਚੇਅਰਮੈਨ ਜਿਹਨਾਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਨਿਰਮਲ ਸਿੰਘ ਨੇ ਸੰਗਤ ਦਾ ਧੰਨਵਾਦ ਤੇ ਗੁਰੂ ਦਾ ਸ਼ੁਕਰਾਨਾ ਕਰਦਿਆਂ ਸੰਗਤ ਨਾਲ ਸਾਂਝ ਪਾਈ। ਉਹਨਾਂ ਕਿਹਾ ਕਿ ਇਹ ਕਿਸੇ ਵਿਸ਼ੇਸ਼ ਵਿਅਕਤੀ ਅਤੇ ਗਰੁੱਪ ਦੀ ਜਿੱਤ ਨਹੀਂ, ਇਹ ਗੁਰੂ ਪਾਤਸ਼ਾਹ ਦੇ ਸਿਧਾਂਤ ਪ੍ਰਤੀ ਤੁਹਾਡਾ ਪਿਆਰ ਹੈ।

ਪਿਛਲੇ ਸਮੇਂ ਵਿਚ ਗੁਰੂ ਘਰ ਤੋਂ ਅਨੇਕਾਂ ਪ੍ਰੋਗਰਾਮ ਸੰਗਤ ਦੇ ਸਹਿਯੋਗ ਨਾਲ ਉਲੀਕੇ ਗਏ। ਆਉਣ ਵਾਲੇ ਸਮੇਂ ਵਿਚ ਗੁਰੂ ਦੇ ਸਿਧਾਂਤ ਨੂੰ ਮੁੱਖ ਰੱਖਦਿਆਂ ਤੁਹਾਡੇ ਵਡਮੁੱਲੇ ਸੁਝਾਵਾਂ ਨੂੰ ਮੁੱਖ ਰੱਖ ਕੇ ਪ੍ਰੋਗਰਾਮ ਉਲੀਕੇ ਜਾਣਗੇ। ਗੁਰੂ ਰਵਿਦਾਸ ਸਭਾ ਜਿੱਥੇ ਗੁਰੂ ਸਾਹਿਬਾਨ ਦੇ ਦਿਹਾੜੇ ਚੜ੍ਹਦੀਕਲਾ ਵਿਚ ਮਨਾਉਂਦੀ ਹੈ, ਉਥੇ ਗੁਰੂ ਦੇ ਸਿਧਾਂਤ ਤੇ ਆਪਾ ਕੁਰਬਾਨ ਕਰਨ ਵਾਲਿਆਂ ਦੇ ਦਿਨ ਵੀ ਗੁਰੂ ਘਰ ਵਿਚ ਉਨੀ ਸ਼ਰਧਾ ਨਾਲ ਮਨਾਏ ਜਾਂਦੇ ਹਨ।

ਇਸੇ ਲੜੀ ਵਿਚ ਅੱਜ ਬਾਬਾ ਸਾਹਿਬ ਡਾ. ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ ਜਾ ਰਿਹਾ ਹੈ। ਬਾਬਾ ਸਾਹਿਬ ਦੇ ਨਾਮ ਤੇ ਗੁਰੂ ਘਰ ਵਿਚ ਲਾਇਬ੍ਰੇਰੀ ਬਣੀ ਹੋਈ ਹੈ, ਜਿਸ ਵਿਚ ਉਹਨਾਂ ਦੀਆਂ ਕਿਤਾਬਾਂ ਸੈਂਕੜੇ ਦੀ ਗਿਣਤੀ ਵਿਚ ਹਨ, ਜਿਹਨਾਂ ਨੂੰ ਪੜ੍ਹਨ ਲਈ ਪ੍ਰਬੰਧਕਾਂ ਵੱਲੋਂ ਸੰਗਤ ਨੂੰ ਬੇਨਤੀ ਕੀਤੀ ਗਈ। ਅੰਤ ਵਿਚ ਸੰਗਤ ਨੇ ਲੰਗਰ ਛਕ ਕੇ ਜਾਂਦਿਆਂ ਪ੍ਰੋਗਰਾਮ ਦੀ ਸਿਫਤ ਕੀਤੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਰੱਤੂ ਪਰਿਵਾਰ ਵੱਲੋਂ ਸਮਾਗਮ







ਪਿਛਲੇ ਦਿਨੀਂ ਸ੍ਰੀ ਹਰਬਿਲਾਸ ਰਾਮ ਰੱਲ੍ਹ ਨੂੰ ਉਹਨਾਂ ਵੱਲੋਂ ਗੁਰੂ ਘਰ ਦੀ ਨਵੀਂ ਪ੍ਰਾਪਰਟੀ ਲਈ ਡੋਨੇਸ਼ਨ ਦੇਣ ਲਈ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ।




**ਯੂਬਾ ਸਿਟੀ ਦਿਲਵਿੰਦਰ ਰੱਲ੍ਹ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਮਿਲਖਾ ਸਿੰਘ ਰੱਤੂ ਦੀ ਯਾਦ ਵਿਚ ਉਹਨਾਂ ਦੇ ਸਪੁੱਤਰ ਸ੍ਰੀ ਮਹਿੰਦਰ ਸਿੰਘ ਤੇ ਸਮੂਹ ਪਰਿਵਾਰ ਨੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ, ਜਿਹਨਾਂ ਦੇ 7 ਦਸੰਬਰ ਨੂੰ ਭੋਗ ਪਾਏ ਗਏ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਅੱਜ ਦੇ ਇਸ ਸਮਾਗਮ ਮੌਕੇ ਗੁਰੂ ਘਰ ਦੇ ਮੁੱਖ ਗ੍ਰੰ ਭਾਈ ਸਾਹਿਬ ਪ੍ਰਿਤਪਾਲ ਸਿੰਘ ਦੇ ਜਥੇ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਕਥਾਵਾਚਕ ਭਾਈ ਗੁਰਦੇਵ ਸਿੰਘ ਯੂਬਾ ਸਿਟੀ ਨੇ ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਪ੍ਰੇਮ, ਪੜ੍ਹ ਸੁਣ ਕੇ ਆਪਣਾ ਜੀਵਨ ਸਫਲਾ ਬਣਾਉਣ ਲਈ ਪ੍ਰੇਰਿਆ। ਇਹਨਾਂ ਤੋਂ ਇਲਾਵਾ ਕਵੀ ਗੁਰਦੀਪ ਸਿੰਘ ਹੀਰਾ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੇ ਮੁੱਖ ਸੇਵਾਦਾਰ ਕਰਮ ਸਿੰਘ ਬੰਗੜ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਗੁਰੂ ਘਰ ਲਈ ਆਪਣੀ ਵਿੱਤ ਅਨੁਸਾਰ ਵਿੱਤੀ ਯੋਗਦਾਨ ਪਾ ਕੇ ਸਾਨੂੰ ਧੰਨਵਾਦੀ ਬਣਾਓ ਜੀ।



ਸ੍ਰੀ ਗੁਰੂ ਨਾਨਕ ਦੇਵ ਜੀ

ੴ ਸਤਿਗੁਰ ਪ੍ਰਸਾਦਿ

# SRI GURU RAVIDASS TEMPLE

## 2150 CRESTVIEW Dr. PITTSBURG, ( CALIFORNIA ) 94531

## (925) 439- 2355



### ਹਕ ਹਕ ਅੰਦੇਸ ਗੁਰੂ ਗੋਬਿੰਦ ਸਿੰਘ॥ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥
### ਗਰੀਬਾਂ ਦੇ ਮਸੀਹਾ, ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਰਹਿਬਰਾਂ ਦੇ ਰਹਿਬਰ ਸਰਬੰਸ ਦਾਨੀ, ਸਾਹਿਬ-ਏ-ਕਮਾਲ







ਸਾਹਿਬੇ ਆਲਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਅਤੇ ਗੁਰੂ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਅਤੇ ਤਿਆਗ ਦੀ ਮੂਰਤੀ ਮਾਤਾ ਗੁਜਰ ਕੌਰ ਜੀ ਦੇ ਸ਼ਹਾਦਤ ਦਿਵਸ ਨੂੰ ਸਮਰਪਿਤ ਅਤੇ ਗੁਰੂ ਜੀ ਦੇ ਅਨਿੰਨ ਸੇਵਕ ਬਾਬਾ ਬਲੂ ਰਾਇ ਜੀ, ਬਾਬਾ ਲੱਖੀ ਸ਼ਾਹ ਵਣਜਾਰਾ, ਭਾਈ ਮਨੀ ਸਿੰਘ ਸ਼ਹੀਦ, ਭਾਈ ਦਿਆਲਾ ਜੀ, ਬਾਬਾ ਬਚਿੱਤਰ ਸਿੰਘ ਜੀ, ਬੀਬੀ ਮੁਮਤਾਜ ਜੀ ਅਤੇ ਸਿੱਖ ਕੌਮ ਦੇ ਪਹਿਲੇ ਮਹਾਰਾਜੇ, ਸੂਬੇਦਾਰ ਪੰਜਾਬ ਬਾਬਾ ਬਾਜ ਸਿੰਘ ਜੀ ਦੀ ਮਿੱਠੀ ਯਾਦ ਵਿਚ ਅਤੇ ਨਾਮ-ਬਾਣੀ ਦੇ ਰਸੀਏ ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਬਾਬਾ ਗੁਰਦਿੱਤਾ ਭਗਤ ਜੀ, ਬਾਬਾ ਸੁਖਚੈਨ ਸਿੰਘ ਜੀ, ਬਾਬਾ ਦਰਸ਼ਨ ਸਿੰਘ ਜੀ ਮਸਤ ਅਤੇ ਸ੍ਰੀ ਨਾਭਕਮਲ ਰਾਜਾ ਸਾਹਿਬ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੀ ਸਲਾਨਾ ਬਰਸੀ ਅਤੇ ਮਿੱਠੀ ਯਾਦ ਵਿਚ



Baba Mani Singh



Baba Lakhi Shah



Bhai Bachittar Singh Ji



Bhai Diala Ji



Baba Gurditta ji



Baba Sukhchain Singh Ji



Baba Nand Singh Ji



Baba Darshan Singh Ji Masat

# ਸ੍ਰੀ ਅਖੰਡ ਪਾਠ ਸਾਹਿਬ

### ਜੀ ਦੇ ਪਾਠ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪ੍ਰਾਰੰਭ ਹੋਣਗੇ

## ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਸ਼ੁੱਕਰਵਾਰ, 26 ਦਸੰਬਰ 2014, ਸਵੇਰੇ 9 ਵਜੇ
## ਭੋਗ ਸ੍ਰੀ ਅਖੰਡ ਪਾਠ ਸਾਹਿਬ - ਐਤਵਾਰ, 28 ਦਸੰਬਰ, 2014 ਸਵੇਰੇ 9 ਵਜੇ

### ਤਿੰਨੇ ਦਿਨ ਸੁਬਾਹ-ਸ਼ਾਮ ਕੀਰਤਨ ਦਰਬਾਰ ਸਜੇਗਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ਤੇ ਕੀਰਤਨੀ ਜਥਿਆਂ ਤੋਂ ਕਥਾ ਕੀਰਤਨ ਸੁਣ ਕੇ ਜੀਵਨ ਸਫਲਾ ਕਰੋ ਜੀ।**

ਭੋਗ ਉਪਰੰਤ ਐਤਵਾਰ ਦੇ ਵਿਸ਼ੇਸ਼ ਦੀਵਾਨ ਸਵੇਰੇ 9 ਤੋਂ 4 ਵਜੇ ਤੱਕ ਸਜਣਗੇ। ਜਿਸ ਵਿਚ ਪੰਥ ਦੇ ਪ੍ਰਸਿੱਧ ਰਾਗੀ ਜਥੇ ਭਾਗ ਲੈਣਗੇ। ਸ਼ਨੀਵਾਰ ਰਾਤ ਦਾ ਕੀਰਤਨ ਦਰਬਾਰ ਵੀ ਸਜੇਗਾ। ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਬਚਿੱਤਰ ਸਿੰਘ ਜੀ ਟਰਲਕ ਵਾਲੇ ਕਥਾ ਦੁਅਰਾ ਸੰਗਤਾਂ ਨੂੰ ਨਿਹਾਲ ਕਰਨਗੇ। ਬਾਬਾ ਜੋਗਿੰਦਰ ਸਿੰਘ ਜੀ ਖਾਲਸਾ ਸਕੂਲ, ਸਰੀ (ਕੈਨੇਡਾ) ਵਾਲੇ ਬੱਚਿਆਂ ਦਾ ਤਿੰਨੇ ਦਿਨ ਗੁਰਮਤਿ ਕੈਂਪ ਲਗਾਉਣਗੇ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਸੰਗਤਾਂ ਆਪਣੇ ਬੱਚਿਆਂ ਨੂੰ ਲੈ ਕੇ ਸ਼ਾਮਲ ਹੋਣ ਜੀ। ਸਾਰੀਆਂ ਸੰਗਤਾਂ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ, ਧੰਨਵਾਦੀ ਹੋਵਾਂਗੇ।

### ਬੇਨਤੀ ਕਰਤਾ - ਸੰਗਤਾਂ ਦੇ ਸੇਵਾਦਾਰ

ਭਾਈ ਗੁਰਨਾਮ ਸਿੰਘ ਰਸੀਲਾ, ਭਾਈ ਵੀਰ ਸਿੰਘ ਢਿੱਲੋਂ, ਭਾਈ ਹਰਜਿੰਦਰ ਸਿੰਘ ਝਤੌਦੀ, ਓ. ਪੀ. ਬਾਲੀ, ਭਾਈ ਅਮਰ ਸਿੰਘ ਮਠਾੜੂ, ਭਾਈ ਜਗਸੀਰ ਸਿੰਘ ਢਿੱਲੋਂ, ਸੁਖਦੇਵ ਸਿੰਘ ਤੇ ਬੀਬੀ ਸੁਨੀਤ ਕੌਰ, ਗੁਰਤੇਜ ਸਿੰਘ, ਬੀਬੀ ਕੁਲਦੀਪ ਕੌਰ ਅਤੇ ਸਮੂਹ ਪਰਿਵਾਰ ਅਤੇ ਸਮੂਹ ਸਾਧ ਸੰਗਤ ਪਿਟਸਬਰਗ

## BHAGAT GURDITTA JI INTERNATIONAL CHARITABLE ORGANIZATION
## TEL: 925-354-9025, 925-437-8611

ੴ ਸਤਿਗੁਰ ਪ੍ਰਸਾਦਿ

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

61-01 Broadway, Woodside NY 11377

ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਵਿੱਚ ਦਸੰਬਰ ਮਹੀਨੇ ਦੇ ਪ੍ਰੋਗਰਾਮ

* 21 ਦਸੰਬਰ ਦਿਨ ਐਤਵਾਰ ਦਾ ਦੀਵਾਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਭਾਈ ਸੰਗਤ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮੂਪਿਤ ਸਜਾਇਆ ਜਾਵੇਗਾ। 19 ਤੋਂ 21 ਦਸੰਬਰ ਦੀ ਅਖੰਡ ਪਾਠ ਸਾਹਿਬ ਦੀ ਸੇਵਾ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੀਆਂ ਸਮੂਹ ਬੀਬੀਆਂ ਵਲੋਂ ਨਿਭਾਈ ਜਾਵੇਗੀ।
* 28 ਦਸੰਬਰ ਦਿਨ ਐਤਵਾਰ ਦਾ ਦੀਵਾਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮੂਪਿਤ ਸਜਾਇਆ ਜਾਵੇਗਾ। 26 ਤੋਂ 28 ਦਸੰਬਰ ਤੱਕ ਸ਼੍ਰੀ ਅਖੰਡ ਪਾਠ ਦੀ ਸੇਵਾ ਸਮੂਹ ਸੰਗਤ ਵਲੋਂ ਨਿਭਾਈ ਜਾਵੇਗੀ।

ਗੁਰੂਘਰ ਦੇ ਸਮੂਹ ਪ੍ਰਬੰਧਕੀ ਸੇਵਾਦਾਰਾਂ ਵਲੋਂ ਨਿਮਰਤਾ ਸਹਿਤ ਸਨਮਾਨਯੋਗ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਘਰ ਵਿੱਚ ਦਸੰਬਰ ਮਹੀਨੇ ਦੇ ਇਹਨਾਂ ਸਾਰੇ ਦੀਵਾਨਾਂ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਦੀਵਾਨਾਂ ਨੂੰ ਸਫਲ ਬਣਾਉਦੇ ਹੋਏ ਗੁਰੂ ਦੀਆਂ ਖੁਸ਼ੀਆਂ ਨੂੰ ਕਰੋ ਜੀ।ਹੋਰ ਵਧੇਰੇ ਜਾਣਕਾਰੀ ਲਈ 718-898-8150 (ਗੁਰੂਘਰ) ਅਤੇ 718-213-8136 (ਗ੍ਰੰਥੀ ਅਮਰਜੀਤ ਸਿੰਘ) ਤੇ ਸੰਪਰਕ ਕਰ ਸਕਦੇ ਹੋ।

ਨਿਰਮਲ ਸਿੰਘ, ਪ੍ਰਧਾਨ (437-538-8296)

Shri Guru Ravidass Temple New York

ਗੁਰੂ ਘਰ ਦਾ ਸੰਪਰਕ ਨੰਬਰ

718- 898- 8150

ਫੈਕਸ- 718-898-0932

# ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਯਾਦਗਾਰੀ ਛਾਪ ਛੱਡਦਾ ਸੰਪਨ

(ਪਹਿਲੇ ਸਫੇ ਦੀ ਬਾਕੀ)

ਇਨ੍ਹਾਂ ਯਾਤਰੀਆਂ ਨੂੰ ਖ਼ਤਰਨਾਕ ਰਾਜਨੀਤਿਕ ਧਾੜਵੀ ਐਲਾਨ ਦਿੱਤਾ ਅਤੇ ਗ੍ਰਿਫਤਾਰੀ ਸਮੇਂ ਹੋਏ ਫਸਾਦ ਵਿਚ 20 ਯਾਤਰੀਆਂ ਨੂੰ ਜਾਨੋ ਮਾਰ ਦਿੱਤਾ ਗਿਆ ਤੇ ਬਾਕੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਨੂੰ ਅੱਠ ਸਾਲ ਬਾਅਦ ਗ੍ਰਿਫਤਾਰ ਕਰ ਕੇ ਪੰਜ ਸਾਲ ਲਈ ਜੇਲ੍ਹ ਭੇਜਿਆ ਗਿਆ। ਇਸ ਘਟਨਾ ਦਾ ਡੂੰਘਾ ਅਸਰ ਅਜ਼ਾਦੀ ਦੀ ਲੜਾਈ ਦੀ ਲਹਿਰ ਤੇ ਵੀ ਪਿਆ। ਮੇਲੇ ਵਿਚ ਉੱਘੀਆਂ ਸਖ਼ਸ਼ੀਅਤਾਂ ਦਾ ਉਨ੍ਹਾਂ ਦੇ ਆਪੋ ਆਪਣੇ ਖੇਤਰ ਵਿਚ ਪਾਏ ਯੋਗਦਾਨ ਵਾਸਤੇ ਖ਼ੂਬਸੂਰਤ ਸਨਮਾਨ ਚਿੰਨ੍ਹਾਂ ਨਾਲ਼ ਸਨਮਾਨ ਕੀਤਾ ਗਿਆ। ਇਹ ਮਾਣ ਸਤਿਕਾਰ ਪ੍ਰਾਪਤ ਕਰਨ ਵਾਲੀਆਂ ਡਾਕਟਰ ਸਤਨਾਮ ਸਿੰਘ ਉੱਪਲ, ਡਾਕਟਰ ਗੁਰੂਮੇਲ ਸਿੰਘ ਸਿੱਧੂ, ਚਰਨ ਸਿੰਘ ਜੱਜ, ਪਰਮਜੀਤ ਸਿੰਘ ਜੌਹਲ, ਸਰਬਜੀਤ ਸਿੰਘ ਜੌਹਲ, ਰਵਿੰਦਰ ਸਿੰਘ ਜੌਹਲ, ਬਲਜੀਤ ਸਿੰਘ ਬਾਸੀ, ਅਮਰਜੀਤ ਸਿੰਘ ਕੰਦੋਲਾ ਬ੍ਰਦਰਜ਼ ਅਤੇ ਸਰਬਜੀਤ ਸਿੰਘ ਅਟਵਾਲ ਸ਼ਾਮਲ ਸਨ। ਸਰਬਜੀਤ ਸਿੰਘ ਅਟਵਾਲ ਦਾ ਸਨਮਾਨ ਉਨ੍ਹਾਂ ਦੇ ਭਤੀਜਿਆਂ ਡਾਕਟਰ ਪਾਲ ਅਟਵਾਲ ਅਤੇ ਅਟਾਰਨੀ ਐਟ ਲਾਅ ਜੈਸੀ ਅਟਵਾਲ ਨੇ ਪ੍ਰਾਪਤ ਕੀਤਾ। ਮੁਲਖ ਰਾਜ ਸ਼ਰਮਾ ਦਾ ਪਰਿਵਾਰ ਸਮੇਤ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। "ਕਾਮਾਗਾਟਾ ਮਾਰੂ ਸਫ਼ਰ ਜਾਰੀ ਹੈ" ਦੇ ਲੇਖਕ ਅਤੇ ਨਿਰਦੇਸ਼ਕ ਦਵਿੰਦਰ ਦਮਨ ਉਨ੍ਹਾਂ ਦੀ ਸਮੂਹ ਨਾਟਕ ਮੰਡਲੀ ਦਾ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦੇ ਫਾਉਂਡਰ ਰਛਪਾਲ ਫਰਵਾਲਾ ਨੇ ਲੜਕੀਆਂ ਦੇ ਗਰੁੱਪ ਨੂੰ ਸਨਮਾਨਿਤ ਕੀਤਾ।

ਸਮਾਗਮ ਦੀ ਮੁੱਖ ਖਿੱਚ ਦਾ ਕੇਂਦਰ ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਤ੍ਰਾਸਦੀ ਕੀ ਅਤੇ ਕਿਵੇਂ ਦੇ ਇਤਿਹਾਸ ਨੂੰ ਬਿਆਨ ਕਰਦਾ ਨਾਟਕ "ਕਾਮਾਗਾਟਾ ਮਾਰੂ ਸਫ਼ਰ ਜਾਰੀ ਹੈ" ਲੇਖਕ ਦਵਿੰਦਰ ਦਮਨ ਦੀ ਨਿਰਦੇਸ਼ਨਾ ਹੇਠ ਬਾਖ਼ੂਬੀ ਪੇਸ਼ ਕੀਤਾ ਗਿਆ। ਨਾਟਕ ਦੇ ਅਖੀਰ ਤੱਕ ਦਰਸ਼ਕਾਂ ਵਿਚ ਨਾਟਕ ਪ੍ਰਤੀ ਖਾਸ ਲਗਾਓ ਬਣਿਆ ਰਿਹਾ। ਇਸ ਇਤਿਹਾਸਕ ਨਾਟਕ ਨੂੰ ਦਰਸ਼ਕਾਂ ਦਾ ਸੰਜੀਦਾ ਹੁੰਗਾਰਾ ਇਸ ਦੀ ਸਫਲਤਾ ਦਾ ਹਾਸਿਲ ਬਣਿਆਂ। ਸਮਾਗਮ ਦੇ ਅਖੀਰ ਤੱਕ ਇਹ ਨਾਟਕ ਦਰਸ਼ਕਾਂ ਨੇ ਨਿੱਠ ਕੇ ਦੇਖਿਆ।

ਇਸ ਸਤਾਬਦੀ ਸਮਾਗਮ ਵਿਚ ਬਹੁਤ ਸਾਰੀਆਂ ਨਾਮਵਰ ਸਖ਼ਸ਼ੀਅਤਾਂ ਅਵਤਾਰ ਸਿੰਘ ਤਾਰੀ, ਸੁਰਿੰਦਰ ਸਿੰਘ ਸਰਪੰਚ, ਬਲਵੀਰ ਸਿੰਘ ਜੌਹਲ, ਸਤਨਾਮ ਸਿੰਘ ਖਹਿਰਾ ਬੇ ਏਰੀਆ, ਗੁਰਦੀਪ ਸਿੰਘ ਅਣਖੀ, ਸੁਰਿੰਦਰ ਸਿੰਘ ਮੰਡਾਲੀ, ਮਹਿੰਦਰ ਸਿੰਘ ਢਾਅ, ਬਲਦੇਵ ਸਿੰਘ ਧਾਰੀਵਾਲ, ਪਰਮਜੀਤ ਸਿੰਘ ਢਿੱਲੋਂ ਫਰਿਜਨੋ, ਹਰਭਜਨ ਸਿੰਘ ਬਾਸੀ, ਮਾਸਟਰ ਮਲਕੀਤ ਸਿੰਘ ਸੰਧੂ, ਰਛਪਾਲ ਸਿੰਘ ਬਿਲਗਾ ਮਡੈਂਸਟੋ ਮੱਖਣ ਸਿੰਘ ਬਾਸੀ ਯੂਬਾਸਿਟੀ, ਮੁਲਖ ਰਾਜ ਸ਼ਰਮਾ ਜਨਕ ਰਾਜ ਸਿਧਰਾ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਿਹਾਰ, ਪ੍ਰੋ : ਮੱਖਣ ਸਿੰਘ ਸੰਧੂ, ਕੇਵਲ ਬੋਲੀਨਾ, ਸੁਖਰਾਮ ਚੰਦੂੜ, ਸਤਨਾਮ ਸਿੰਘ ਮੰਡਾਲੀ, ਅਮਰਜੀਤ ਸਿੰਘ ਕੰਦੋਲਾ,ਗੁਰਪਾਲ ਸਿੰਘ ਕੈਲੇ, ਹਰਦੀਪ ਸਿੰਘ ਕੰਗ ਲਖਵਿੰਦਰ ਸਿੰਘ ਕੰਗ, ਕਮਲਪ੍ਰੀਤ ਸਿੰਘ ਤੱਖਰ, ਹਰਮਨਦੀਪ ਸਿੰਘ ਸ਼ੇਰਗਿੱਲ, ਸਰਬਜੀਤ ਸਿੰਘ ਸਾਬੀ, ਅਵਤਾਰ ਸਿੰਘ ਅਟਵਾਲ, ਚਰਨ ਸਿੰਘ ਸੈਕਰਾਮੈਂਟੋ ਅਤੇ ਮਸਤਾਨ ਸਿੰਘ ਤੇ ਹੋਰ ਸਖ਼ਸ਼ੀਅਤਾਂ ਨੇ ਸ਼ਿਰਕਤ ਕੀਤੀ। ਇਸ ਮੇਲੇ ਵਾਸਤੇ ਦਾਖਲਾ, ਪਾਰਕਿੰਗ ਅਤੇ ਭੋਜਨ ਬਿਲਕੁਲ ਮੁਫ਼ਤ ਸੀ। ਭੋਜਨ ਦੀ ਸੇਵਾ ਜਿੰਮੀ ਰੈਸਟੋਰੈਂਟ ਯੂਬਾਸਿਟੀ ਵਲੋਂ ਅਤੇ ਫਰੂਟ ਦੀ ਸੇਵਾ ਅਟਵਾਲ ਬ੍ਰਦਰਜ਼ ਵਲੋਂ ਕੀਤੀ ਗਈ। ਇਸ ਮੇਲੇ ਨੂੰ ਨੇਪਰੇ ਚਾੜ੍ਹਨ ਵਿਚ ਜਿੱਥੇ ਹੋਰ ਸਭਾਵਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਉੱਥੇ ਗ਼ਦਰ ਮੈਮੋਰੀਅਲ ਫਾਉਂਡੇਸ਼ਨਾਂਫ਼ ਅਮਰੀਕਾ ਸੈਕਰਾਮੈਂਟੋ ਦੇ ਅਹੁਦੇਦਾਰਾਂ ਅਤੇ ਕਾਰਜ ਕਰਤਾਵਾਂ ਪ੍ਰਧਾਨ ਸੁਰਜੀਤ ਸਿੰਘ ਅਟਵਾਲ, ਮੀਤ ਪ੍ਰਧਾਨ ਸਤਬੀਰ ਸਿੰਘ ਬਾਜਵਾ, ਮੀਤ ਪ੍ਰਧਾਨ ਜਰਨੈਲ ਸਿੰਘ ਮੰਡੇਰ, ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਮੀਤ ਚੇਅਰਮੈਨ ਯਾਦਵਿੰਦਰ ਸਿੰਘ ਹੈਪੀ, ਸਕੱਤਰ ਜਗਜੀਤ ਸਿੰਘ ਕੰਦੋਲਾ, ਸਹਾਇਕ ਸਕੱਤਰ ਰਵਿੰਦਰ ਰਵੀ ਖਜ਼ਾਨਚੀ ਹਰਪਾਲ ਸਿੰਘ, ਸਤਵਿੰਦਰ ਪਾਲ ਸਿੰਘ ਸਰਹੱਦੀ, ਡਾਇਰੈਕਟਰ ਜਥੇਦਾਰ ਬਲਵੀਰ ਸਿੰਘ ਗਿੱਲ, ਜਨਕ ਰਾਜ ਸਿਧਰਾ, ਬਲਦੇਵ ਸਿੰਘ ਬੋਲੀਨਾ ਲੈਂਡਸਕੇਪ ਕੰਕਰੀਟ ਸਰਵਿਸ ਨੇ ਆਪਣੀਆਂ ਜਿਮੇਵਾਰੀਆਂ ਨੂੰ ਬਾਖ਼ੂਬੀ ਅੰਜ਼ਾਮ ਦਿੱਤਾ। ਸਾਰੇ ਸਮਾਗਮ ਦੀ ਪੇਸ਼ਕਾਰੀ ਵਿਚ ਸੂਤਰਧਾਰ ਦੀ ਭੂਮਿਕਾ ਬੀਬਾ ਆਸ਼ਾ ਸ਼ਰਮਾ ਨੇ ਨਿਭਾਈ ਅਤੇ ਕੁਝ ਸਮਾਂ ਸੁਰਿੰਦਰ ਸਿੰਘ ਮੰਡਾਲੀ ਨੇ ਵੀ ਸਾਥ ਦਿੱਤਾ। ਸਮਾਗਮ ਦੇ ਅਖੀਰ ਵਿਚ ਕਮੇਟੀ ਮੈਂਬਰਾਂ ਵਲੋਂ ਸਾਰੇ ਦਰਸ਼ਕਾਂ , ਬੁਲਾਰਿਆਂ, ਕਲਾਕਾਰਾਂ, ਸਪਾਂਸਰਾਂ ਅਤੇ ਕਾਰਜ ਕਰਤਾਵਾਂ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਚੇਅਰਮੈਨ ਕੁਲਦੀਪ ਸਿੰਘ ਅਟਵਾਲ ਦੇ ਦੱਸਣ ਅਨੁਸਾਰ ਲੇਖਕ ਤੇ ਨਿਰਦੇਸ਼ਕ ਦਵਿੰਦਰ ਦਮਨ ਅਤੇ ਉਹਨਾਂ ਦੀ ਨਾਟਕ ਮੰਡਲੀ ਨੇ ਸਮਾਗਮ ਦੇ ਪ੍ਰਬੰਧਾਂ ਅਤੇ ਦਰਸ਼ਕਾਂ ਦੀ ਖੂਬ ਪ੍ਰਸੰਸਾ ਕੀਤੀ। ਇਸ ਤਰ੍ਹਾਂ ਇਹ ਸਮਾਗਮ ਇਤਿਹਾਸਕ ਅਤੇ ਯਾਦਗਾਰੀ ਹੋ ਨਿਬੜਿਆ। ਮੇਲੇ ਦੀ ਇੱਕ ਵਿਲੱਖਣਤਾ ਇਸ ਪੱਖੋਂ ਵੀ ਹਮੇਸ਼ਾ ਯਾਦ ਕੀਤੀ ਜਾਂਦੀ ਰਹੇਗੀ ਕਿ ਇਹ ਮੇਲਾ 6 ਦਸੰਬਰ ਨੂੰ ਹੋਇਆ ਜਿਸ ਦਿਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਸੀ। ਇਸ ਮੇਲੇ ਨੇ ਇਕ ਵੱਖਰੀ ਹੀ ਪਿਰਤ ਪਾਉਂਦਿਆਂ ਬਾਬਾ ਸਾਹਿਬ ਨੂੰ ਪ੍ਰੀ-ਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕੀਤੀ।

**-ਰਿਪੋਰਟ ਦੇਸ਼ ਦੁਆਬਾ ਬਿਊਰੋ**

# ਬੀਬੀ ਸੰਤੀ ਰਾਏ ਨਹੀਂ ਰਹੇ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਦੇ ਸਕੱਤਰ ਸ੍ਰੀ ਰਾਜ ਕੁਮਾਰ ਸੂਦ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸੱਸ ਬੀਬੀ ਸੰਤੀ ਰਾਏ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਅਖੰਡ ਪਾਠ ਸਾਹਿਬ ਦੇ ਭੋਗ ਬੀਤੀ 7 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਉਹਨਾਂ ਦੇ ਲੜਕੇ ਜਸਵੰਤ ਰਾਏ ਵੀ ਜਰਮਨੀ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਤੋਂ ਇਲਾਵਾ



ਲਾਸ ਏਂਜਲਸ ਤੋਂ ਉਹਨਾਂ ਦੇ ਬੇਟੇ ਹਰੀਦਾਸ ਅਤੇ ਤਿੰਨ ਧੀਆਂ ਅਤੇ ਨੂੰਹਾਂ ਦੇ ਨਾਲ ਨਾਲ ਕਾਫੀ ਪਰਿਵਾਰਕ ਮੈਂਬਰ ਹਾਜ਼ਰ ਸਨ। ਰਾਜ ਕੁਮਾਰ ਸੂਦ ਨੇ ਉਹਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਦੱਸਿਆ ਕਿ ਉਹਨਾਂ ਨੇ ਕਿਸ ਤਰ੍ਹਾਂ ਸੰਘਰਸ਼ ਕਰਕੇ ਪਰਿਵਾਰਕ ਮੈਂਬਰਾਂ ਨੂੰ ਆਪਣੀ ਜਗ੍ਹਾ ਤੇ ਸੈਟ ਕੀਤਾ। ਜੀਵਨ ਰੱਤੂ ਨੇ ਆਪਣੇ ਵੱਲੋਂ ਅਤੇ ਗੁਰੂ ਘਰ ਦੀ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਅਸੀਂ ਇਸ ਦੁੱਖ ਦੀ ਘੜੀ ਵਿਚ ਦੁਖ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹਾਂ। ਬੀਬੀ ਸੰਤੀ ਰਾਏ ਪੰਜਾਬ ਦੇ ਬਘੌਰਾ ਪਿੰਡ ਦੇ ਰਹਿਣ ਵਾਲੇ ਸਨ, ਜੋ ਪਿੱਛੇ ਹਰਿਆ ਭਰਿਆ ਪਰਿਵਾਰ ਛੱਡ ਗਏ ਹਨ।

# 37 ਸਾਲਾ ਭਾਰਤੀ-ਅਮਰੀਕੀ ਵਿਵੇਕ ਮੂਰਤੀ ਹੋਣਗੇ ਅਮਰੀਕਾ ਦੇ ਨਵੇਂ ਸਰਜਨ ਜਨਰਲ

(ਪਹਿਲੇ ਸਫੇ ਦੀ ਬਾਕੀ)

19ਵੇਂ ਸਰਜਨ ਜਨਰਲ ਹੋਣਗੇ ਅਤੇ ਬੇਰਿਸ ਡੀ ਲੁਸ਼ਨਿਆਲ ਦੀ ਥਾਂ ਲੈਣਗੇ।

ਸਦਨ ਵਿੱਚ ਡੈਮੋਕਰੈਟਿਕ ਪਾਰਟੀ ਦੇ ਵਿਪ੍ਰ ਸਟੈਨੀ ਐਚ ਹੋਇਰ ਨੇ ਡਾ. ਮੂਰਤੀ ਨੂੰ ਮੁਬਾਰਕਵਾਦ ਦਿੰਦਿਆਂ ਆਖਿਆ ਕਿ ਉਨ੍ਹਾਂ ਨਾ ਕੇਵਲ ਮਰੀਜ਼ਾਂ ਦੀ ਸੇਵਾ ਕੀਤੀ ਹੈ ਸਗੋਂ ਜਨ ਸਿਹਤ ਅਤੇ ਮੈਡੀਕਲ ਖੋਜ ਅਦਾਰਿਆਂ ਦੀ ਅਗਵਾਈ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਇਬੋਲਾ ਵਰਗੀਆਂ ਵੰਗਾਰਾਂ ਨਾਲ ਸਿੱਝਣ ਲਈ ਪ੍ਰਸ਼ਾਸਨ ਦੇ ਉਪਰਾਲਿਆਂ ਨੂੰ ਪੁਖਤਾ ਕਰਨਗੇ। ਕਾਂਗਰਸ ਮੈਂਬਰ ਤੁਲਸੀ ਰਾਬਾਰਡ, ਜੋ ਇਸ ਵੇਲੇ ਭਾਰਤ ਦੇ ਦੌਰੇ 'ਤੇ ਹਨ, ਨੇ ਆਖਿਆ ਕਿ ਡਾ. ਮੂਰਤੀ ਨੇ ਸਿਹਤ ਸੰਭਾਲ, ਖਾਸ ਕਰਕੇ ਮਾਨਸਿਕ ਤੰਦਰੁਸਤੀ, ਮੋਟਾਪਾ, ਲੰਗਚਿਰੀ ਬਿਮਾਰੀਆਂ ਅਤੇ ਟੀਕਾਕਰਨ ਜਿਹੇ ਖੇਤਰਾਂ ਵਿੱਚ ਸੁਧਾਰ ਲਈ ਬੇਮਿਸਾਲ ਪ੍ਰਤੀਬੱਧਤਾ ਅਤੇ ਉਤਸ਼ਾਹ ਦਾ ਮੁਜ਼ਾਹਰਾ ਕੀਤਾ ਹੈ। ਡਾ. ਮੂਰਤੀ ਦੇ ਮਾਪੇ ਕਰਨਾਟਕ ਦੇ ਮੂਲ ਵਾਸੀ ਹਨ ਅਤੇ ਜਦੋਂ ਉਸ ਦੀ ਉਮਰ ਤਿੰਨ ਸਾਲ ਸੀ ਤਾਂ ਉਹ ਅਮਰੀਕਾ ਆ ਗਏ ਸਨ। ਉਨ੍ਹਾਂ ਦਾ ਬਚਪਨ ਮਿਆਮੀ (ਫਲੋਰਿਡਾ) ਵਿੱਚ ਗੁਜ਼ਰਿਆ। ਉਨ੍ਹਾਂ ਹਾਰਵਰਡ ਯੂਨੀਵਰਸਿਟੀ ਤੋਂ ਬੀਏ ਕੀਤੀ, ਯੇਲ ਸਕੂਲ ਆਫ ਮੈਨੇਜਮੈਂਟ ਤੋਂ ਐਮਬੀਏ ਅਤੇ ਯੇਲ ਸਕੂਲ ਆਫ ਮੈਡੀਸਨ ਤੋਂ ਐਮਡੀ ਦੀ ਡਿਗਰੀ ਲਈ ਸੀ। ਇਸ ਵੇਲੇ ਉਹ ਬੋਸਟਨ 'ਚ ਬ੍ਰਿਗਮ ਐਂਡ ਵਿਮੈਂਨ'ਜ਼ ਹਸਪਤਾਲ 'ਚ ਡਾਕਟਰ ਸਨ ਅਤੇ ਹਾਰਵਰਡ ਮੈਡੀਕਲ ਸਕੂਲ ਵਿੱਚ ਅਟੈਂਡਿੰਗ ਫਿਜ਼ੀਸ਼ਿਅਨ ਅਤੇ ਇੰਸਟ੍ਰਕਟਰ ਹਨ।

# ਬੇਗਮਪੁਰਾ ਸੰਸਥਾ ਵਲੋਂ ਬਾਬਾ ਸਾਹਿਬ ਡਾ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ






















**ਨਿਊਯਾਰਕ–** ਬੀਤੀ 14 ਦਸੰਬਰ ਨੂੰ ਬੇਗਮਪੁਰਾ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ ਅੰਬੇਦਕਰ ਜੀ ਦਾ 59ਵਾਂ ਪ੍ਰੀਨਿਰਵਾਣ ਦਿਵਸ ਰੌਇਲ ਇੰਡੀਆ ਪੈਲੇਸ ਨਿਊਯਾਰਕ ਵਿਖੇ ਬਹੁਤ ਹੀ ਪ੍ਰਭਾਵਸ਼ਾਲੀ ਤੇ ਭਰਪੂਰ ਸਰਧਾ ਨਾਲ ਮਨਾਇਆ ਗਿਆ । ਲਿਤਾੜੇ ਅਤੇ ਨਿਮਨ ਜਾਤੀਆਂ ਦੇ ਮਸੀਹਾ ਡਾ ਅੰਬੇਦਕਰ ਜੀ 6 ਦਸੰਬਰ 1956 ਨੂੰ ਕਰੋੜਾਂ ਪੱਛੜੇ ਵਰਗ ਦੇ ਲੋਕਾਂ ਨੂੰ ਕਾਨੂੰਨੀ ਤੌਰ ਤੇ ਮਨੁੱਖੀ ਅਧਿਕਾਰ ਦੁਆ ਕੇ ਸਦੀਵੀ ਸਾਂਝ ਤੋੜ ਗਏ ਸਨ । ਪ੍ਰੋਗਰਾਮ ਦੇ ਆਰੰਭ 'ਚ ਲੇਖਕ ਬਲਵਿੰਦਰ ਭੌਰਾ ਨੇ ਪ੍ਰੀਨਿਰਵਾਣ ਸੰਬੰਧੀ ਬਹੁਤ ਹੀ ਅਰਥ ਭਰਪੂਰ ਜਾਣਕਾਰੀ ਸਾਂਝੀ ਕੀਤੀ । ਉਹਨਾਂ ਦੱਸਿਆ ਕਿ ਪ੍ਰੀਨਿਰਵਾਣ ਉਹਨਾਂ ਮਹਾਂਮਾਨਵਾਂ ਦੇ ਮਨਾਏ ਜਾਂਦੇ ਹਨ ਜੋ ਜਿਉਂਦੇ ਜੀਅ ਇਸੇ ਜਨਮ 'ਚ ਮੁਕਤੀ ਪ੍ਰਤੀ ਵਿਸ਼ਵਾਸ ਰੱਖਦੇ ਹਨ ਨਾ ਕਿ ਮਰਨ ਤੋਂ ਬਾਅਦ ਅਖੌਤੀ ਸਵਰਗ ਜਾਂ ਨਰਕ ਨੂੰ ਮੰਨਣ ਵਾਲਿਆ ਦੇ । ਬਾਬਾ ਸਾਹਿਬ ਨੇ ਜਿਸ ਵਿਵਸਥਾ ਨੂੰ ਹੰਢਾਇਆ ਨਾ ਕਿ ਉਸਦਾ ਕਾਰਨ ਲੱਭਿਆ ਸਗੋਂ ਉਸਦਾ ਕਾਨੂੰਨੀ ਤੌਰ ਤੇ ਹੱਲ ਵੀ ਕੀਤਾ, ਇਸ ਉਪਰੰਤ ਨਿਊਯਾਰਕ 'ਚ ਵਸਦੇ ਗਾਇਕ ਅਮਰਜੀਤ ਰਮਤਾ ਨੇ ਬਾਬਾ ਸਾਹਿਬ ਦੇ ਸੰਘਰਸ਼ ਨੂੰ ਬਿਆਨਦੇ ਗੀਤਾਂ ਨਾਲ ਹਾਜ਼ਰੀ ਲੁਆਈ। ਵਿਸ਼ੇਸ਼ ਤੌਰ ਤੇ ਆਏ ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਹਰਮੇਸ਼ ਸਿੰਘ ਭਾਰਸਿੰਘ ਪੁਰੀ ਨੇ ਆਪਣੇ ਜੋਸ਼ੀਲੇ ਵਿਚਾਰਾਂ ਨਾਲ ਬਾਬਾ ਸਾਹਿਬ ਦੀ ਦਲਿਤ ਸਮਾਜ ਲਈ ਕੀਤੀ ਕੁਰਬਾਨੀ ਨੂੰ ਨੂੰ ਬਹੁਤ ਹੀ ਨਿਵੇਕਲੇ ਢੰਗ ਨਾਲ ਬਿਆਨਿਆ, ਉਹਨਾਂ ਕਿਹਾ ਕਿ ਬਾਬਾ ਸਾਹਿਬ ਸਾਡੇ ਲਈ ਜੋ ਕਰ ਗਏ ਹਨ ਉਹ ਅਸੀ ਕਈ ਜਨਮ ਵਾਰ ਕੇ ਵੀ ਕਰਜ਼ ਉਤਾਰ ਨਹੀ ਸਕਦੇ। ਅੱਜ ਬਹੁਤੇ ਲੋਕ ਬਾਬਾ ਸਾਹਿਬ ਦਾ ਨਾਮ ਆਪਣੇ ਮੁਫਾਦਾਂ ਲਈ ਵਰਤ ਰਹੇ ਹਨ । ਮਿਸ਼ਨਰੀ ਸਾਥੀ ਪਾਲ ਬੰਗਾ ਨੇ ਕਿਹਾ ਕਿ ਬਾਬਾ ਸਾਹਿਬ ਨੂੰ ਮੰਨਣ ਦਾ ਪਹਿਲਾ ਸਿਧਾਂਤ ਉਹਨਾਂ ਦੀਆਂ 22 ਪ੍ਰਤੀਗਿਆਵਾਂ ਨੂੰ ਮੰਨਣਾ ਹੈ। ਇਸ ਤੋ ਇਲਾਵਾ ਬੁਲਾਰਿਆ 'ਚ ਸ੍ਰੀ ਰਾਮ ਸਰੂਪ ਬੰਗੜ, ਸੋਹਣ ਲਾਲ ਝਿਕਾ, ਬਲਵੀਰ ਚੌਹਾਨ, ਸੰਸਾਰ ਰਾਮ ਘੇੜਾ, ਕਿਰਪਾਲ ਸਿੰਘ ਡੱਲੀ ਨੇ ਆਪਣੇ ਆਪਣੇ ਵਿਚਾਰਾਂ ਨਾਲ ਵਿਛੜੇ ਮਸੀਹਾ ਨੂੰ ਸਰਧਾ ਦੇ ਫੁੱਲ ਭੇਟ ਕੀਤੇ । ਪ੍ਰੋਗਰਾਮ ਦੇ ਅੰਤ 'ਚ ਮੰਚ ਸੰਚਾਲਕ ਬਲਵਿੰਦਰ ਭੌਰਾ ਨੇ ਸੰਸਥਾ ਪ੍ਰਧਾਨ ਸ੍ਰੀ ਪਰਮਜੀਤ ਕਮਾਮ ਨੂੰ ਸੱਦਾ ਦਿੱਤਾ ਜਿਹਨਾਂ ਨੇ ਆਏ ਹੋਏ ਸਮੂਹ ਮੈਂਬਰਜ਼ ਅਤੇ ਮਹਿਮਾਨਾਂ ਦਾ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ । ਇਸ ਸਮਾਗਮ ਵਿੱਚ ਚਾਹ ਪਾਣੀ ਤੋਂ ਇਲਾਵਾ ਖਾਣਪੀਣ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ, ਸਾਊਡ ਦੀ ਸੇਵਾ ਡੀ. ਜੇ ਲਾਲੀ ਰਾਏ ਦੀ ਟੀਮ ਨੇ ਨਿਭਾਈ। ਕੁੱਲ ਮਿਲਾ ਕੇ ਸੰਸਥਾ ਵਲੋਂ ਮਨਾਇਆ ਇਹ ਪ੍ਰਥਮ ਪ੍ਰੀਨਿਰਵਾਣ ਦਿਵਸ ਸਭ ਲਈ ਪ੍ਰੇਰਨਾ ਦਾਇਕ ਰਿਹਾ।

# ਭਾਰਤ-ਪਾਕਿ ਸੀਮਾ ਰਾਹੀ ਸਮਗਲਿੰਗ ਨੇ ਬਣਾਇਆ ਪੰਜਾਬ ਨੂੰ ਹੈਰੋਇਨ ਦੀ ਮੰਡੀ

ਬਠਿੰਡਾ– ਭਾਰਤ–ਪਾਕਿ ਸਰਹੱਦ ਨੇ ਪੰਜਾਬ ਨੂੰ ਹੈਰੋਇਨ ਦੀ ਮੰਡੀ ਬਣਾ ਦਿੱਤਾ ਹੈ। ਪੰਜਾਬ ਰਾਹੀਂ ਕਰੀਬ 50 ਕੁਇੰਟਲ ਹੈ–ਰੋਇਨ ਦਾ ਸਾਲਾਨਾ ਦਾ ਕਾਰੋਬਾਰ ਹੁੰਦਾ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿੱਚ ਕਰੀਬ 25 ਹਜ਼ਾਰ ਕਰੋੜ ਰੁਪਏ ਕੀਮਤ ਬਣਦੀ ਹੈ। ਭਾਰਤ–ਪਾਕਿ ਸੀਮਾ ਰਾਹੀਂ ਸਭ ਤੋਂ ਵੱਧ ਹੈਰੋਇਨ ਪੰਜਾਬ ਵਿੱਚ ਆ ਰਹੀ ਹੈ। ਕੇਂਦਰ ਸਰਕਾਰ ਨੇ ਕੌਮਾਂਤਰੀ ਤਸਕਰੀ ਰੋਕਣ ਲਈ ਗੁਰਦਾਸਪੁਰ ਸੈਕਟਰ ਵਿੱਚ 1 ਮਾਰਚ 2014 ਤੋਂ ਇੱਕ ਹੋਰ ਬਟਾਲੀਅਨ ਦੀ ਤਾਇਨਾਤੀ ਵੀ ਕੀਤੀ ਸੀ, ਫਿਰ ਵੀ ਕੌਮਾਂਤਰੀ ਤਸਕਰੀ ਨੂੰ ਕੋਈ ਠੱਲ੍ਹ ਨਹੀਂ ਪੈ ਸਕੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਰਟੀਆਈ ਰਾਹੀਂ ਪ੍ਰਾਪਤ ਸੂਚਨਾ ਅਨੁਸਾਰ 1 ਜਨਵਰੀ 2013 ਤੋਂ 31 ਅਕਤੂਬਰ 2014 ਤੱਕ ਭਾਰਤ–ਪਾਕਿ ਸਰਹੱਦ ਤੋਂ 785 ਕਿਲੋ ਹੈਰੋਇਨ ਫੜੀ ਗਈ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ 3925 ਕਰੋੜ ਰੁਪਏ ਬਣਦੀ ਹੈ। ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੇ 648 ਕਿਲੋ ਅਤੇ ਡਾਇਰੈਕਟੋਰੇਟ ਆਫ ਰੈਵਨਿਊ ਨੇ 137 ਕਿਲੋ ਹੈਰੋਇਨ ਇਨ੍ਹਾਂ ਪੌਣੇ ਦੋ ਵਰ੍ਹਿਆਂ ਦੌਰਾਨ ਫੜੀ। ਇਸ ਤੋਂ ਇਲਾਵਾ ਪੰਜਾਬ ’ਚੋਂ ਇਸ ਸਮੇਂ ਦੌਰਾਨ 1300 ਕਿਲੋ ਹੈਰੋਇਨ ਹੋਰ ਫੜੀ ਗਈ।

ਸਰਹੱਦ ਅਤੇ ਪੰਜਾਬ ’ਚੋਂ ਇਸ ਸਮੇਂ ਦੌਰਾਨ ਕੁੱਲ 2087 ਕਿਲੋ ਹੈਰੋਇਨ ਫੜੀ ਗਈ ਹੈ, ਜਿਸ ਦੀ ਕੌਮਾਂਤਰੀ ਮਾਰਕੀਟ ਵਿੱਚ ਕੀਮਤ 10435 ਕਰੋੜ ਰੁਪਏ ਬਣਦੀ ਹੈ। ਸਰਕਾਰੀ ਸੂਤਰਾਂ ਅਨੁਸਾਰ ਫੜੀ ਮਾਤਰਾ ਤੋਂ ਪੰਜ ਗੁਣਾ ਜ਼ਿਆਦਾ ਹੈਰੋਇਨ ਪੁਲੀਸ ਅਤੇ ਏਜੰਸੀਆਂ ਦੀ ਨਜ਼ਰ ਤੋਂ ਬਚ ਕੇ ਟਿਕਾਣਿਆਂ ’ਤੇ ਪੁੱਜ ਜਾਂਦੀ ਹੈ। ਜੇ ਇਨ੍ਹਾਂ ਤੱਥਾਂ ’ਤੇ ਯਕੀਨ ਕਰੀਏ ਤਾਂ ਪੰਜਾਬ ਵਿੱਚ ਸਾਲਾਨਾ 25 ਹਜ਼ਾਰ ਕਰੋੜ (ਕੌਮਾਂਤਰੀ ਬਾਜ਼ਾਰ ਦੀ ਕੀਮਤ) ਦੀ ਹੈਰੋਇਨ ਦਾ ਕਾਰੋਬਾਰ ਹੁੰਦਾ ਹੈ। ਕੌਮਾਂਤਰੀ ਸਰਹੱਦ ਤੋਂ ਫੜੀ ਹੈਰੋਇਨ ਬਾਰੇ ਇਨ੍ਹਾਂ ਪੌਣੇ ਦੋ ਵਰ੍ਹਿਆਂ ਦੌਰਾਨ 80 ਕੇਸ ਦਰਜ ਕੀਤੇ ਗਏ ਹਨ ਅਤੇ ਪੰਜਾਬ ਵਿੱਚ ਫੜੀ ਹੈਰੋਇਨ ਦੇ 3410 ਪੁਲੀਸ ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਕੇਸਾਂ ਵਿੱਚ ਪੰਜਾਬ ਵਿੱਚ 3934 ਵਿਅਕਤੀ ਫੜੇ ਗਏ ਹਨ। ਦੱਸਣਯੋਗ ਹੈ ਕਿ ਹੁਣ ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖ ਕੇ ਕੌਮਾਂਤਰੀ ਸਰਹੱਦ ਤੋਂ ਹੁੰਦੀ ਤਸਕਰੀ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਹੈ।

ਦੂਸਰੇ ਸੂਬੇ ਹੈਰੋਇਨ ਦੀ ਤਸਕਰੀ ਦੀ ਅਲਾਮਤ ਤੋਂ ਬਚੇ ਹੋਏ ਹਨ। ਰਾਜਸਥਾਨ ਵਿੱਚ ਭਾਰਤ–ਪਾਕਿ ਸਰਹੱਦ ਤੋਂ ਸਿਰਫ 3.77 ਕਿਲੋ, ਗੁਜਰਾਤ ਵਿੱਚ 3.40 ਕਿਲੋ ਤੇ ਜੰਮੂ–ਕਸ਼ਮੀਰ ਵਿੱਚ 151 ਕਿਲੋ ਹੈਰੋਇਨ ਫੜੀ ਹੈ। ਦੂਜੇ ਪਾਸੇ ਪੰਜਾਬ ਵਿੱਚ ਕੌਮਾਂਤਰੀ ਸੀਮਾ ਤੋਂ 648 ਕਿਲੋ ਹੈਰੋਇਨ ਫੜੀ ਗਈ। ਪੰਜਾਬ ਦੀਆਂ ਜੇਲ੍ਹਾਂ ਵਿੱਚ ਇਸ ਵੇਲੇ 47 ਫੀਸਦੀ ਬੰਦੀ ਨਸ਼ਿਆਂ ਦੀ ਤਸਕਰੀ ਵਾਲੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਕੌਮਾਂਤਰੀ ਸੀਮਾ ਤੋਂ ਤਸਕਰੀ ਰੋਕਣ ਖਾਤਰ ਨਾਰਕੋਟਿਕ ਯੂਨਿਟ ਮਜ਼ਬੂਤ ਕਰਨ ਵਾਸਤੇ ਸੂਬਿਆਂ ਨੂੰ ਵਿੱਤੀ ਮਦਦ ਦਿੱਤੀ ਜਾ ਰਹੀ ਹੈ ਅਤੇ ਤਸਕਰਾਂ ਦੀ ਸੂਹ ਦੇਣ ਵਾਲਿਆਂ ਨੂੰ ਵਿੱਤੀ ਐਵਾਰਡ ਦਿੱਤੇ ਜਾ ਰਹੇ ਹਨ।

ਕੌਮਾਂਤਰੀ ਸੀਮਾ ’ਤੇ ਕੰਡਿਆਲੀ ਤਾਰ ਮਜ਼ਬੂਤ ਕੀਤੀ ਗਈ ਹੈ ਅਤੇ ਫਲੱਡ ਲਾਈਟਾਂ ਲਾਈਆਂ ਗਈਆਂ ਹਨ। ਇਸ ਦੇ ਬਾਵਜੂਦ ਤਸਕਰੀ ਘੱਟ ਨਹੀਂ ਰਹੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਗੁਰੂ ਘਰ ਦੀਆਂ ਸਰਗਰਮੀਆਂ, ਸ੍ਰੀ ਅਜੀਤ ਰਾਮ ਬੰਗੜ੍ਹ ਦੀ ਕਿਤਾਬ ਰਿਲੀਜ਼ ਕੀਤੀ ਗਈ



ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਮਹਿੰਦਰ ਸਿੰਘ ਕਾਹਲੋਂ ਨੇ ਆਪਣੀ ਧਰਮ ਪਤਨੀ ਬੀਬੀ ਸਵਰਨ ਕੌਰ ਦੀ ਯਾਦ ਵਿਚ ਸੁਖਮਨੀ ਸਾਹਿਬ ਦੇ ਪਾਠ ਰਖਵਾਏ। ਇਸ ਮੌਕੇ ਗੁਰੂ ਘਰ ਟਰਲਕ ਤੋਂ ਭਾਈ ਸਾਹਿਬ ਭਾਈ ਹਰਪ੍ਰੀਤ ਸਿੰਘ ਜੀ ਨੇ ਬਹੁਤ ਹੀ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਲੰਗਰ ਦੀ ਸੇਵਾ ਕਾਹਲੋਂ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਘਰ ਵੱਲੋਂ ਉਹਨਾਂ ਦਾ ਸਿਰੋਪੇ ਨਾਲ ਸਨਮਾਨ ਕੀਤਾ ਗਿਆ।



ਇਸੇ ਹੀ ਦਿਨ ਸ੍ਰੀ ਅਜੀਤ ਰਾਮ ਬੰਗੜ ਦੀ ਨਵੀਂ ਕਿਤਾਬ (ਚਾਨਣ ਮੁਨਾਰਾ) ਵੀ ਰਿਲੀਜ਼ ਕੀਤੀ ਗਈ।ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸੈਕਰਾਮੈਂਟੋ ਤੋਂ ਪਰਮਜੀਤ ਭੁੱਟਾ, ਕੇਵਲ ਬੋਲੀਨਾ ਅਤੇ ਰਮੇਸ਼ ਬੰਗੜ ਆਦਿ ਮੌਜੂਦ ਸਨ।

ਦੇਸ਼ ਦੁਆਬਾ

# ਸਿੱਖਿਆ ਨੂੰ ਭਗਵਾਂ ਰੰਗ ਚੜ੍ਹਾਉਣ ਦੀ ਕੋਸ਼ਿਸ਼

## ਸ਼ਹੀਦ ਊਧਮ ਸਿੰਘ ਦੀ ਕੁਰਬਾਨੀ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਹਨਾਂ ਯੋਧਿਆਂ, ਸੂਰਬੀਰਾਂ ਨੇ ਕੁਰਬਾਨੀਆਂ ਦੇ ਕੇ ਅੱਜ ਦੇ ਭਾਰਤ ਦੇ ਹੋਂਦ ਵਿਚ ਆਉਣ ਦਾ ਰਾਹ ਪੱਧਰਾ ਕੀਤਾ, ਉਹਨਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਨੌਜਵਾਨ ਸ਼ਹੀਦਾਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ। ਹਾਲਾਂਕਿ ਪੰਜਾਬੀ ਮੂਲ ਦੇ ਸੈਂਕੜੇ ਅਜਿਹੇ ਮਹਾਨ ਸ਼ਹੀਦ ਹੋਏ, ਜਿਹਨਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ, ਪਰ ਕੁਝ ਦਿਨਾਂ ਵਿਚ ਅਸੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਾਂ, ਜਿਹਨਾਂ ਦੀ ਬਦੌਲਤ ਸਾਨੂੰ ਅੱਜ ਦਾ ਲੋਕਰਾਜੀ ਭਾਰਤ ਮਿਲਿਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਸ਼ਹੀਦਾਂ ਨੇ ਆਪਣੀ ਮਹਾਨ ਸ਼ਹਾਦਤ ਦੇ ਕੇ ਜਿੱਥੇ ਮੁਲਕ ਨੂੰ ਆਜ਼ਾਦ ਕਰਵਾਇਆ, ਉਥੇ ਹੀ ਅੱਜ ਦੇ ਲੋਕਰਾਜੀ ਅਤੇ ਹਰੇਕ ਵਰਗ ਲਈ ਅਧਿਕਾਰਾਂ ਦੀ ਸਿਰਜਣਾ ਕਰਨ ਵਾਲੇ, ਬਰਾਬਰੀ ਦੇ ਸਮਾਜ ਦਾ ਮੁੱਢ ਬੰਨ੍ਹਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਵੀ ਹਾਲੇ ਅਸੀਂ ਕੁਝ ਦਿਨ ਪਹਿਲਾਂ ਮਨਾਇਆ ਹੈ।

ਸ਼ਹੀਦ ਊਧਮ ਸਿੰਘ ਇਕ ਗਰੀਬ ਪਰਿਵਾਰ ਨਾਲ ਸਬੰਧਤ ਸਨ, ਜੋ ਬਚਪਨ ਵਿਚ ਹੀ ਯਤੀਮ ਹੋ ਗਏ ਅਤੇ ਯਤੀਮਖਾਨੇ ਵਿਚ ਹੀ ਪਲੇ-ਵੱਡੇ ਹੋਏ। ਉਹਨਾਂ ਦੇ ਇਸ ਸੰਘਰਸ਼ ਭਰੇ ਜੀਵਨ ਦੇ ਬਾਵਜੂਦ ਆਦਰਸ਼ ਅਤੇ ਦੇਸ਼ ਲਈ ਮਰ ਮਿਟਣ ਦੀਆਂ ਭਾਵਨਾਵਾਂ ਹੋਰ ਪ੍ਰਬੱਲ ਹੁੰਦੀਆਂ ਗਈਆਂ। ਉਹਨਾਂ ਨੇ ਆਪਣੀ ਚੜ੍ਹਦੀ ਜਵਾਨੀ ਜਲ੍ਹਿਆਂਵਾਲਾ ਬਾਗ ਦੇ ਕਿੱਸੇ ਸੁਣੇ, ਜਿੱਥੇ ਅੰਗਰੇਜ਼ ਹਕੂਮਤ ਨੇ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ ਸੀ।

ਉਹਨਾਂ ਤੇ ਇਸ ਵਾਰਦਾਤ ਦਾ ਇੰਨਾ ਜ਼ਿਆਦਾ ਅਸਰ ਹੋਇਆ ਕਿ ਉਹਨਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕਰ ਲਿਆ। ਇਸ ਤੋਂ ਬਾਅਦ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਉਹ ਭਾਰਤ ਤੋਂ ਨਿਕਲ ਤੁਰੇ ਅਤੇ ਕਈ ਮੁਲਕਾਂ ਵਿਚ ਹੁੰਦੇ ਹੋਏ, ਸੰਘਰਸ਼ ਕਰਦੇ ਆਖਿਰ ਇੰਗਲੈਂਡ ਪਹੁੰਚੇ। ਜਿੱਥੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਅੰਗਰੇਜ਼ ਅਫਸਰ ਜਨਰਲ ਡਾਇਰ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਆਤਮ-ਸਮਰਪਣ ਕਰਕੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ਾਂ ਦੀ ਅਦਾਲਤ ਵਿਚ ਜਿਸ ਬਹਾਦਰੀ ਨਾਲ ਬਿਆਨ ਕੀਤਾ, ਉਸ ਨੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦਾ ਅੰਗਰੇਜ਼ਾਂ ਤੇ ਇੰਨਾ ਅਸਰ ਹੋਇਆ ਕਿ ਉਹਨਾਂ ਨੇ ਭਾਰਤ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ। ਅੰਗਰੇਜ਼ਾਂ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਰਤੀ ਹੁਣ ਜਾਗਰੂਕ ਹੋ ਗਏ ਹਨ ਅਤੇ ਭਾਰਤ ਦੇ ਨੌਜਵਾਨਾਂ ਨੇ ਆਜ਼ਾਦੀ ਦਾ ਝੰਡਾ ਚੁੱਕ ਲਿਆ ਹੈ, ਜਿਹਨਾਂ ਨੂੰ ਹਰਾਉਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਅਸੀਂ ਤਹਿ ਦਿਲੋਂ ਸਿਜਦਾ ਕਰਦੇ ਹਾਂ।

ਇਸ ਦੇ ਨਾਲ ਹੀ ਭਾਰਤ ਦੇ ਇਕ ਹੋਰ ਮਹਾਨ ਸਪੂਤ ਨੇ ਬੜਾ ਲੰਮਾ ਸੰਘਰਸ਼ ਕਰਕੇ ਭਾਰਤ ਦੀ ਬਹੁਗਿਣਤੀ ਆਬਾਦੀ ਦੇ ਲਈ ਉਹ ਕੀਤਾ, ਜੋ ਭਾਰਤ ਦੇ ਦਲਿਤ, ਪੱਛੜੇ ਅਤੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੋਰ ਕੋਈ ਵੀ ਇਨਸਾਨ ਨਹੀਂ ਕਰ ਸਕਦਾ ਸੀ। ਭਾਰਤ ਦੇ ਹਰੇਕ ਨਾਗਰਿਕ ਨੂੰ ਬੁਨਿਆਦੀ ਹੱਕ ਤਾਂ ਮਿਲੇ ਹੀ, ਨਾਲ ਹੀ ਭਾਰਤ ਇਕ ਅਜਿਹਾ ਫੈਡਰਲ ਅਤੇ ਵਿਕੇਂਦਰਿਤ ਰਾਜ ਬਣਿਆ, ਜਿਸ ਵਿਚ ਸ਼ਕਤੀਆਂ ਦੀ ਵੰਡ ਅਜਿਹੇ ਤਰੀਕੇ ਨਾਲ ਕੀਤੀ ਗਈ ਕਿ ਕੋਈ ਵੀ ਪਾਸਾ ਤਾਨਾਸ਼ਾਹ ਨਹੀਂ ਹੋ ਸਕਦਾ। ਬਾਬਾ ਸਾਹਿਬ ਦੁਆਰਾ ਦਿੱਤੇ ਇਸ ਸੰਵਿਧਾਨ ਦੀ ਬਦੌਲਤ ਹੀ ਭਾਰਤ ਆਜ਼ਾਦੀ ਦੀ ਅੱਧੀ ਸਦੀ ਤੋਂ ਬਾਅਦ ਵਿਸ਼ਵ ਵਿਚ ਤੇਜ਼ੀ ਨਾਲ ਉਭਰ ਰਿਹਾ ਹੈ।



**– ਤਰਸੇਮ ਜਲੰਧਰੀ**

## ਸਰਕਾਰ ਸੰਘ ਦੇ ਵਿਚਾਰਾਂ ਦੇ ਮੁਤਾਬਕ ਸਿੱਖਿਆ ਨੀਤੀ ਬਣਾ ਰਹੀ ਹੈ

**ਸੀ. ਪੀ. ਭਾਂਬਰੀ**

ਸੰਘ ਪਰਿਵਾਰ ਕੇਂਦਰ ਸਰਕਾਰ ਦੇ ਜ਼ਰੀਏ ਸਿੱਖਿਆ ਪ੍ਰਣਾਲੀ ਵਿਚ ਆਪਣੇ ਮਨ ਮੁਤਾਬਕ ਤਬਦੀਲੀ ਕਰਨ ਵਿਚ ਜੁਟ ਗਿਆ ਹੈ। ਮਨੁੱਖੀ ਸਰੋਤ ਵਿਕਾਸ ਮੰਤਰੀ ਸਿਮਰਤੀ ਇਰਾਨੀ ਨੇ ਕਿਹਾ ਹੈ ਕਿ 2015 ਵਿਚ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਾਵੇਗੀ। ਗੱਲ ਇਹ ਨਹੀਂ ਹੈ ਕਿ ਪਿਛਲੀਆਂ ਸਰਕਾਰਾਂ ਦੀ ਬਣਾਈ ਸਿੱਖਿਆ ਨੀਤੀ ਜਾਂ ਪ੍ਰਣਾਲੀਆਂ ਤੇ ਮੁੜ ਵਿਚਾਰ ਨਾ ਹੋਵੇ। ਗਿਆਨ ਅਤੇ ਸਿੱਖਿਆ ਦੇ ਖੇਤਰ ਵਿਚ ਤਬਦੀਲੀ ਤਾਂ ਹੋਣੀ ਹੀ ਚਾਹੀਦੀ ਹੈ। ਇਹ ਤਬਦੀਲੀ ਇਕ ਖਾਸ ਏਜੰਡੇ ਨੂੰ ਲਾਗੂ ਕਰਨ ਦੇ ਲਈ ਕੀਤੀ ਜਾ ਰਹੀ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਵਿਚ ਜੁਟੀ ਆਰ ਐਸ ਐਸ ਇਹ ਮੰਨਦੀ ਹੈ ਕਿ ਭਾਰਤੀਆਂ ਨੂੰ ਭਾਰਤੀਅਤਾ ਤੋਂ ਹਟ ਕੇ ਪੱਛਮਵਾਦੀ ਵਿਚਾਰਧਾਰਾ ਪੜ੍ਹਾਈ ਜਾ ਰਹੀ ਹੈ, ਜਿਸ ਕਾਰਨ ਉਹਨਾਂ ਵਿਚ ਪੱਛਮੀ ਕਦਰਾਂ ਕੀਮਤਾਂ ਦਾ ਪ੍ਰਸਾਰ ਹੋ ਰਿਹਾ ਹੈ ਅਤੇ ਉਹਨਾਂ ਦਾ ਵਿਦੇਸ਼ੀਕਰਨ ਹੋ ਰਿਹਾ ਹੈ। ਇਸ ਕਰਕੇ ਜ਼ਰੂਰੀ ਹੈ ਕਿ ਨਵੀਂ ਪੀੜ੍ਹੀ ਨੂੰ ਭਾਰਤੀ ਸਿੱਖਿਆ ਦਿੱਤੀ ਜਾਵੇ, ਉੱਚੀਆਂ ਕਲਾਸਾਂ ਵਿਚ ਵੀ ਉਹਨਾਂ ਨੂੰ ਅੰਗਰੇਜ਼ੀ ਦੀ ਬਜਾਏ ਹਿੰਦੀ ਮੀਡੀਅਮ ਜ਼ਰੀਏ ਪੜ੍ਹਾਇਆ ਜਾਵੇ ਅਤੇ ਸੰਸਕ੍ਰਿਤ ਭਾਸ਼ਾ ਨੂੰ ਲਾਜ਼ਮੀ ਬਣਾ ਦਿੱਤਾ ਜਾਵੇ।

### ਆਧੁਨਿਕਤਾ ਤੋਂ ਪਰਹੇਜ਼

ਸੰਘ ਪਰਿਵਾਰ ਦਾ ਦਾਅਵਾ ਹੈ ਕਿ ਵੇਦ, ਪੁਰਾਣ, ਰਮਾਇਣ, ਮਹਾਂਭਾਰਤ ਇਹਨਾਂ ਸਭ ਵਿਚ ਇੰਨਾ ਗਿਆਨ ਅਤੇ ਵਿਗਿਆਨ ਦਾ ਭੰਡਾਰ ਹੈ ਕਿ ਇਹਨਾਂ ਦੇ ਅਧਿਐਨ ਨਾਲ ਅੱਜ ਦਾ ਭਾਰਤੀ ਨਾਗਰਿਕ ਦੁਨੀਆਂ ਦੇ ਸਾਹਮਣੇ ਮਾਣ ਨਾਲ ਸਿਰ ਚੁੱਕ ਕੇ ਚੱਲ ਸਕਦਾ ਹੈ। ਸੰਘ ਸੁਪਰੀਮੋ ਮੋਹਨ ਭਾਗਵਤ ਨੇ ਅਕਤੂਬਰ ਵਿਚ 75 ਵਿਚਾਰਕਾਂ ਦਾ ਇਕ ਸੰਮੇਲਨ ਦਿੱਲੀ ਵਿਚ ਆਯੋਜਿਤ ਕੀਤਾ, ਜਿਸ ਵਿਚ ਦਿੱਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਯੂ. ਜੀ. ਜੀ. ਦੇ ਚੇਅਰਮੈਨ ਅਤੇ ਕਈ ਮੰਨੇ ਪ੍ਰਮੰਨੇ ਬੁੱਧੀਜੀਵੀਆਂ ਦੇ ਸਾਹਮਣੇ ਅੱਜ ਦੀ ਸਿੱਖਿਆ ਪ੍ਰਣਾਲੀ ਦੀ ਤਿੱਖੀ ਆਲੋਚਨਾ ਕਰਦੇ ਹੋਏ ਇਹ ਸੰਦੇਸ਼ ਦਿੱਤਾ ਕਿ ਪੱਛਮੀ ਵਿਚਾਰਧਾਰਾ ਤੋਂ ਮੁਕਤ ਹੋ ਕੇ ਆਪਣੀ ਪ੍ਰੰਪਰਾ ਨੂੰ ਪੜ੍ਹੀ ਅਤੇ ਪੜ੍ਹਾਓ। ਮੋਹਨ ਭਾਗਵਤ ਨੇ ਨਾਗਪੁਰ ਵਿਚ ਇਕ ਹੋਰ ਸੰਮੇਲਨ ਵਿਚ ਕਰੀਬ 250 ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਕਿ ਨੈਸ਼ਨਲਿਸਟ ਐਜੂਕੇਸ਼ਨ ਕਾਨਸੈਪਟ ਐਂਡ ਸਟ੍ਰਕਚਰ ਤੇ ਧਿਆਨ ਨਾਲ ਵਿਚਾਰ ਕਰੋ। ਉਹਨਾਂ ਦੇ ਸ਼ਬਦਾਂ ਵਿਚ 'ਦੇਸ਼ ਦੀ ਸਿੱਖਿਆ ਪ੍ਰਣਾਲੀ ਪ੍ਰਾਚੀਨ ਭਾਰਤ ਦੀਆਂ ਮਾਨਤਾਵਾਂ, ਗਿਆਨ ਅਤੇ ਵਿਗਿਆਨ ਤੇ ਆਧਾਰਿਤ ਹੋਣੀਆਂ ਚਾਹੀਦੀਆਂ ਹਨ। ਭਾਰਤ ਵਿਦਿਆ ਦਾ ਸਭ ਤੋਂ ਵੱਡਾ ਕੇਂਦਰ ਸੀ। ਅਸੀਂ ਸਦੀਆਂ ਤੱਕ ਇਸਦੀ ਅਗਵਾਈ ਵਿਚ ਬਣੇ ਰਹੀਏ ਅਤੇ ਹੁਣ ਸਮਾਂ ਆ ਗਿਆ ਹੈ ਕਿ ਉਸ ਲੀਡਰਸ਼ਿਪ ਨੂੰ ਅਸੀਂ ਫਿਰ ਤੋਂ ਪ੍ਰਾਪਤ ਕਰੀਏ। ਆਪਣੀਆਂ ਇਹਨਾਂ ਕੋਸ਼ਿਸ਼ਾਂ ਨੂੰ ਅਸੀਂ ਫਿਰ ਤੋਂ ਪ੍ਰਾਪਤ ਕਰੋ। ਆਪਣੇ ਇਹਨਾਂ ਯਤਨਾਂ ਦੇ ਜ਼ਰੀਏ ਸੰਘ ਪਰਿਵਾਰ ਕੇਵਲ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਨਹੀਂ ਕਰ ਰਿਹਾ ਹੈ, ਬਲਕਿ ਉਸਨੂੰ ਰਾਸ਼ਟਰ ਦੀ ਮੂਲ ਨੀਤੀ ਬਣਾਉਣਾ ਚਾਹੁੰਦਾ ਹੈ। 30 ਅਕਤੂਬਰ ਨੂੰ ਆਰ. ਐਸ. ਐਸ. ਨੇ ਸਿਮਰਤੀ ਇਰਾਨੀ ਨੂੰ ਕਿਹਾ ਕਿ ਸਕੂਲਾਂ ਵਿਚ ਜੋ ਇਤਿਹਾਸ ਪੜ੍ਹਾਇਆ ਜਾਂਦਾ ਹੈ, ਉਸਦੀ ਜਗ੍ਹਾ ਉਹਨਾਂ ਨਾਇਕਾਂ ਅਤੇ ਲੀਡਰਾਂ ਨੂੰ ਪੜ੍ਹਾਓ, ਜਿਹਨਾਂ ਨੇ ਦੇਸ਼ ਵਿਚ ਹਿੰਦੂ ਸੰਸਕ੍ਰਿਤੀ ਨੂੰ ਵਧਾਉਣ ਵਿਚ ਯੋਗਦਾਨ ਪਾਇਆ ਹੈ। ਦਰਅਸਲ ਸਿਮਰਤੀ ਇਰਾਨੀ ਦੀ ਸੰਘ ਦੇ ਵਿਚਾਰਕਾਂ ਦੇ ਨਾਲ ਬੈਠਕ ਹੋਈ ਸੀ, ਜਿਸ ਵਿਚ ਕਿਹਾ ਗਿਆ ਕਿ ਭਾਰਤ ਦੇ ਬੱਚੇ ਇਸ ਦੇਸ਼ ਦੇ ਨਾਇਕਾਂ ਅਤੇ ਮੂਲ ਮਾਨਤਾਵਾਂ ਨੂੰ ਬਿਲਕੁਲ ਨਹੀਂ ਜਾਣਦੇ ਹਨ। ਇਹੀ ਨਹੀਂ, ਬਾਬਾ ਰਾਮਦੇਵ ਨੇ, ਜੋ ਅੱਜਕਲ੍ਹ ਬੀਜੇਪੀ ਦੇ ਸਲਾਹਕਾਰ ਹਨ, ਸਿੱਖਿਆ ਸਿਲੇਬਸ ਦਾ ਇਕ ਦਸਤਾਵੇਜ਼ ਬਣਾ ਕੇ ਦਿੱਤਾ ਹੈ।

ਸੰਘ ਪਰਿਵਾਰ ਮੁਖੀ ਸਿੱਖਿਆ ਸੰਸਥਾਵਾਂ ਵਿਚ ਆਪਣੇ ਲੋਕਾਂ ਨੂੰ ਬਿਠਾਉਣ ਦਾ ਕੰਮ ਵੀ ਚੋਰੀ ਜਿਹੇ ਕਰ ਰਹੇ ਹਨ। ਕਈ ਲੋਕਾਂ ਨੂੰ ਬਿਨਾਂ ਵਜ੍ਹਾ ਉਹਨਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ। ਅਕਤੂਬਰ ਵਿਚ ਕੇਂਦਰ ਸਰਕਾਰ ਨੇ ਐਨ ਸੀ. ਈ. ਆਰ. ਟੀ. ਦੀ ਡਾਇਰੈਕਟਰ ਪ੍ਰਵੀਨ ਸਿਨਕਲੇਅਰ ਨੂੰ ਤਿਆਗ ਪੱਤਰ ਦੇਣ ਲਈ ਮਜਬੂਰ ਕੀਤਾ। ਉਹਨਾਂ ਦਾ ਕਸੂਰ ਇਹੀ ਸੀ ਕਿ ਉਹ ਸੰਨ 2005 ਦੀ ਸਿੱਖਿਆ ਨੀਤੀ ਦੇ ਕਰੀਕੁਲਰ ਫਰੇਮਵਰਕ ਦੇ ਆਧਾਰ ਤੇ ਕੰਮ ਕਰ ਰਹੀ ਸੀ। ਰਾਜਸਥਾਨ ਯੂਨੀਵਰਸਿਟੀ ਦੇ ਉਪ ਕੁਲਪਤੀ ਨੂੰ ਵੀ ਅਸਤੀਫਾ ਦਿਵਾ ਦਿੱਤਾ ਗਿਆ। ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਇਕ ਅਜਿਹਾ ਚਾਂਸਲਰ ਨਿਯੁਕਤ ਕੀਤਾ ਗਿਆ ਜੋ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਜੁੜਿਆ ਰਿਹਾ ਹੈ। ਕਹਿਣ ਦਾ ਮਤਲਬ ਇਹ ਕਿ ਸਰਕਾਰ ਹਿੰਦੂ ਆਰਗੇਨਾਈਜੇਸ਼ਨ ਆਫ ਐਜੂਕੇਸ਼ਨ ਵਿਚ ਲੱਗੀ ਹੈ। ਸੰਘ ਪਰਿਵਾਰ ਇਸ ਅਸਲੀਅਤ ਨੂੰ ਨਹੀਂ ਮੰਨਦਾ ਕਿ ਵਿਭਿੰਨਤਾ ਹੀ ਹਿੰਦੁਸਤਾਨ ਦੀ ਆਤਮਾ ਹੈ। ਉਹ ਦੇਸ਼ ਦਾ ਕੇਂਦਰੀਕਰਨ ਕਰਕੇ ਪੂਰੇ ਰਾਸ਼ਟਰ ਨੂੰ ਹਿੰਦੂ ਬਣਾਉਣ ਵਿਚ ਜੁਟਿਆ ਹੋਇਆ ਹੈ। ਸਿੱਖਿਆ ਇਸਦਾ ਵੱਡਾ ਹਥਿਆਰ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇਸ ਦੇਸ਼ ਵਿਚ ਅਜਿਹੀਆਂ ਪ੍ਰਸਥਿਤੀਆਂ ਆ ਗਈਆਂ ਹਨ ਕਿ ਹੁਣ ਸਾਨੂੰ ਹਿੰਦੀ ਦਿਵਸ ਮਨਾਉਣਾ ਪੈ ਰਿਹਾ ਹੈ। ਰਾਜਨਾਥ ਭੁੱਲ ਗਏ ਕਿ ਹਿੰਦੀ ਨੇਤਾਵਾਂ ਦੇ ਸ਼ੋਰ ਗੁੱਲ ਤੋਂ ਬਿਨਾਂ ਵੀ ਪੂਰੇ ਜ਼ੋਰ-ਸ਼ੋਰ ਨਾਲ ਅੱਗੇ ਵੱਧ ਰਹੀ ਹੈ। ਇਹਨਾਂ ਲੋਕਾਂ ਨੂੰ ਇਹ ਵੀ ਪਤਾ ਨਹੀਂ ਕਿ ਹਿੰਦੀ ਵਿਚ ਜੋ ਅਖ਼ਬਾਰ ਅਤੇ ਮੈਗਜ਼ੀਨ ਛਪਦੇ ਹਨ, ਉਹਨਾਂ ਦੀ ਸਰਕੂਲੇਸ਼ਨ ਅੰਗਰੇਜ਼ੀ ਦੇ ਅਖ਼ਬਾਰਾਂ ਤੋਂ ਬਹੁਤ ਜ਼ਿਆਦਾ ਹੈ। ਇਸ ਕਰਕੇ ਸੰਘ ਪਰਿਵਾਰ ਨੂੰ ਹਿੰਦੀ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਜਿੱਥੋਂ ਤੱਕ ਸੰਸਕ੍ਰਿਤੀ ਦਾ ਸਵਾਲ ਹੈ, ਪ੍ਰਾਚੀਨ ਭਾਰਤ ਵਿਚ ਸੰਸਕ੍ਰਿਤੀ ਕੁਝ ਗਿਣੇ-ਚੁਣੇ ਲੋਕ ਹੀ ਪੜ੍ਹਦੇ ਸਨ ਤੇ ਉਹ ਵੀ ਕੇਵਲ ਬ੍ਰਾਹਮਣ ਅਤੇ ਰਾਜਾ। ਇਹ ਲੋਕ ਇਹ ਵੀ ਭੁੱਲ ਗਏ ਹਨ ਕਿ ਜਿੰਨੇ ਪ੍ਰਾਚੀਨ ਗ੍ਰੰਥ ਭਾਰਤ ਵਿਚ ਲਿਖੇ ਗਏ, ਅੱਜ ਦੇ ਲੋਕਾਂ ਦੀ ਵਾਕਫ਼ੀ ਉਹਨਾਂ ਸਾਰਿਆਂ ਤੋਂ ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਹੋਏ ਅਨੁਵਾਦਾਂ ਦੇ ਜ਼ਰੀਏ ਹੀ ਹੋ ਸਕੀ ਹੈ।

### ਬੁੱਧੀਜੀਵੀਆਂ ਦਾ ਲਾਲਚ

ਸਵਾਲ ਹੈ ਕਿ ਦੇਸ਼ ਦੇ ਬੁੱਧੀਜੀਵੀ ਆਧੁਨਿਕ ਵਿਗਿਆਨਕ ਸਿੱਖਿਆ ਦੇ ਬਚਾਅ ਵਿਚ ਸੜਕ ਤੇ ਕਿਉਂ ਨਹੀਂ ਉਤਰਦੇ? ਵਿਦੇਸ਼ੀ ਸਿੱਖਿਆ ਵਰਗੀ ਕਿਸੇ ਚੀਜ਼ ਦੀ ਕੋਈ ਹੋਂਦ ਨਹੀਂ ਹੈ। ਇੱਕੀਵੀਂ ਸਦੀ ਦੇ ਆਧੁਨਿਕ ਭਾਰਤ ਵਿਚ ਪੂਰੇ ਵਿਸ਼ਵ ਵਾਂਗ ਵਿਗਿਆਨਕ ਸਿੱਖਿਆ ਦਿੱਤੀ ਜਾ ਰਹੀ ਹੈ। ਇਕ ਅਜਿਹੀ ਸਿੱਖਿਆ, ਜਿਸ ਵਿਚ ਵਿਦਿਆਰਥੀ ਖੁਦ ਸੋਚਣ ਅਤੇ ਹਰ ਤਰ੍ਹਾਂ ਦ ਸਵਾਲ ਕਰ ਸਕਣ। ਪਰ ਮੋਹਨ ਭਾਗਵਤ ਦੇ ਵਿਚਾਰ ਵਾਲੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਅੰਧ ਵਿਸ਼ਵਾਸ ਵੱਲ ਲੈ ਜਾਵੇਗੀ ਕਿਉਂਕਿ ਅੱਗੇ ਉਹਨਾਂ ਦੀ ਸਵਾਲਾਂ ਦੇ ਜਵਾਬਾਂ ਦੀ ਪੂਰਤੀ ਲਈ ਸਕੂਲਾਂ ਅਤੇ ਕਾਲਜਾਂ ਵਿਚ ਕੋਈ ਜਗ੍ਹਾ ਨਹੀਂ ਰਹਿ ਜਾਵੇਗੀ। ਹਿੰਦੁਸਤਾਨ ਦਾ ਬੁੱਧੀਜੀਵੀ ਵਰਗ ਸੰਘ ਪਰਿਵਾਰ ਦੇ ਵਿਰੋਧ ਵਿਚ ਅਤੇ ਅੱਜ ਦੇ ਐਜੂਕੇਸ਼ਨ ਸਿਸਟਮ ਦੇ ਬਚਾਅ ਵਿਚ ਸਿਰਫ ਇਸ ਕਰਕੇ ਨਹੀਂ ਖੜ੍ਹਾ ਹੋ ਰਿਹਾ ਹੈ, ਕਿਉਂਕਿ ਇਹ ਵਰਗ ਵੀ ਉਥੇ ਹੀ ਖੜ੍ਹਾ ਹੈ, ਜਿੱਥੇ ਸਰਕਾਰ ਵੱਲੋਂ ਟੁਕੜੇ ਸੁੱਟੇ ਜਾਣ ਦੀ ਉਮੀਦ ਹੈ। ਇਹ ਵਰਗ ਜਦੋਂ ਸਰਕਾਰ ਦੇ ਹੱਥੋਂ ਵਿਕਣ ਦੇ ਲਈ ਤਿਆਰ ਬੈਠਾ ਹੋਵੇ ਤਾਂ ਸਿੱਖਿਆ ਨੂੰ ਕੌਣ ਬਚਾਵੇਗਾ?

## ਸੰਤ ਰਵਿਦਾਸ ਨਗਰ ਜ਼ਿਲ੍ਹੇ ਦਾ ਨਾਂ ਬਦਲਣ ਦਾ ਯੂ.ਪੀ.ਸਰਕਾਰ ਦਾ ਫੈਸਲਾ ਪੂਰਨ ਰਾਜਨੀਤਿਕ ਬਦਲੇ ਦੀ ਭਾਵਨਾ ਅਤੇ ਘੋਰ ਜਾਤੀਵਾਦੀ: ਕੁਮਾਰੀ ਮਾਇਆਵਤੀ

ਲਖਨਊ: ਬੀ. ਐਸ. ਪੀ. ਦੀ ਕੌਮੀ ਪ੍ਰਧਾਨ, ਸਾਂਸਦ (ਰਾਜ ਸਭਾ) ਅਤੇ ਸਾਬਕਾ ਮੁੱਖ ਮੰਤਰੀ ਉਤਰ ਪ੍ਰਦੇਸ਼ ਕੁਮਾਰੀ ਮਾਇਆਵਤੀ ਨੇ ਸੰਤ ਰਵਿਦਾਸ ਨਗਰ ਜ਼ਿਲ੍ਹੇ ਦਾ ਨਾਂ ਬਦਲ ਕੇ ਭਦੋਹੀ ਕਰਨ ਦੇ ਸਪਾ ਸਰਕਾਰ ਦੇ ਫੈਸਲੇ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਪੂਰਨ ਰਾਜਨੀਤਿਕ ਬਦਲਾਖੋਰੀ ਅਤੇ ਘੋਰ ਜਾਤੀਵਾਦੀ ਭਾਵਨਾ ਨਾਲ ਲਿਆ ਗਿਆ ਉਤਰ ਪ੍ਰਦੇਸ਼ ਸਪਾ ਸਰਕਾਰ ਦਾ ਫੈਸਲਾ ਹੈ, ਜੋ ਸਰਾਸਰ ਗਲਤ ਹੈ। ਵਰਣਨਯੋਗ ਹੈ ਕਿ ਆਪਣੇ ਦੂਜੇ ਸ਼ਾਸਨਕਾਲ ਦੇ ਦੌਰਾਨ ਕੁਮਾਰੀ ਮਾਇਆਵਤੀ ਜੀ ਨੇ 4 ਦਸੰਬਰ 1997 ਨੂੰ 'ਸੰਤ ਰਵਿਦਾਸ ਨਗਰ' ਦੇ ਨਾਂ ਨਾਲ ਜ਼ਿਲ੍ਹਾ ਬਣਾਇਆ ਸੀ। ਉਸ ਦੌਰਾਨ ਵਾਰਾਨਸੀ ਵਿਚ ਸੰਤ ਰਵਿਦਾਸ ਪਾਰਕ ਅਤੇ ਵਾਰਾਨਸੀ ਵਿਚ ਹੀ ਉਹਨਾਂ ਦੇ ਬੁੱਤ ਦੇ ਨਾਲ ਨਾਲ ਫੈਜ਼ਾਬਾਦ ਵਿਚ ਸੰਤ ਰਵਿਦਾਸ ਕਾਲਜ ਆਦਿ ਦੀ ਸਥਾਪਨਾ ਕੀਤੀ ਗਈ ਸੀ। ਸੰਤ ਰਵਿਦਾਸ ਸਮਾਜਿਕ ਪਰਿਵਰਤਨ ਦੇ ਸੰਤਾਂ ਦੀ ਪ੍ਰੰਪਰਾ ਦੇ ਸਤਿਗੁਰੂ ਸਨ ਅਤੇ ਉਹਨਾਂ ਦਾ ਛੋਟ ਜਿਹਾ ਹੀ ਹੀ ਪ੍ਰੇਰਨਾਦਾਇਕ ਵਾਕ 'ਮਨ ਚੰਗਾ ਤੋ ਕਠੌਤੀ ਮੇ ਗੰਗਾ' ਗਾਗਰ ਵਿਚ ਸਾਗਰ ਲਈ ਅੱਜ ਵੀ ਲੋਕਾਂ ਵਿਚ ਕਾਫੀ ਪ੍ਰਚੱਲਿਤ ਅਤੇ ਪਸੰਦ ਕੀਤਾ ਜਾਂਦਾ ਹੈ। ਉਹਨਾਂ ਨੇ ਆਪਣੀ ਬਾਣੀ ਅਤੇ ਕਰਮ ਨਾਲ ਸਮਾਜਿਕ ਤਬਦੀਲੀ ਅਤੇ ਮਨੁੱਖਤਾ ਦੇ ਵਿਕਾਸ ਦੇ ਲਈ ਸਮਾਜ ਵਿਚ ਜੋ ਅਲਖ ਜਗਾਈ ਸੀ, ਉਸਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ ਪਰ ਉਤਰ ਪ੍ਰਦੇਸ਼ ਦੀ ਸਮਾਜਵਾਦੀ ਸਰਕਾਰ ਅਜਿਹੇ ਮਹਾਨ ਸੰਤ ਗੁਰੂਆਂ ਦੇ ਪ੍ਰਤੀ ਮੰਦਭਾਵਨਾ ਅਤੇ ਜਾਤੀਵਾਦੀ ਭਾਵਨਾ ਨਾਲ ਕੰਮ ਕਰ ਰਹੀ ਹੈ, ਜਿਸਦਾ ਮਾੜਾ ਨਤੀਜਾ ਆਉਣ ਵਾਲੇ ਸਮੇਂ ਵਿਚ ਉਸਨੂੰ ਜ਼ਰੂਰ ਭੁਗਤਣਾ ਪਵੇਗਾ। ਬੀ. ਐਸ. ਪੀ. ਸਪਾ ਸਰਕਾਰ ਦੀ ਇਸ ਕਿਸਮ ਦੀ ਮਾੜੀ ਅਤੇ ਜਾਵੀਵਾਦੀ ਭਾਵਨਾ ਦੀ ਘੋਰ ਨਿੰਦਾ ਕਰਦੀ ਹੈ।



## ਡਾ.ਅੰਬੇਦਕਰ ਸਿੱਖ ਫਾਊਂਡੇਸ਼ਨ ਯੂ.ਐਸ.ਏ.ਵੱਲੋਂ ਪੈਨਲ ਡਿਸਕਸ਼ਨ ਆਯੋਜਿਤ ਕੀਤੀ

ਨਿਊਯਾਰਕ- ਬੀਤੇ ਦਿਨੀਂ ਕੋਲੰਬੀਆ ਯੂਨੀਵਰਸਿਟੀ ਦੇ ਫੈਕਲਟੀ ਹਾਊਸ ਦੇ ਪ੍ਰੈਜ਼ੀਡੈਂਸ਼ੀਅਲ ਬਾਲ ਰੂਮ ਨਿਊਯਾਰਕ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਿੱਖ ਫਾਊਂਡੇਸ਼ਨ ਯੂ. ਐਸ. ਏ. ਨੇ ਇਕ ਪੈਨਲ ਡਿਸਕਸ਼ਨ ਦਾ ਆਯੋਜਨ ਕੀਤਾ, ਜਿਸ ਵਿਚ ਮਿਸਿਜ਼ ਅਰੁੰਧਤੀ ਰਾਏ (ਬੁੱਕਰ ਇਨਾਮ ਜੇਤੂ) ਭਾਰਤ ਵਿਚ ਸਮਾਜ ਸੁਧਾਰਕ ਵਰਕਰ, ਡਾ. ਮਨੀਸ਼ਾ ਬੰਗੜ ਜੋ ਕਿ ਭਾਰਤੀ ਮੂਲ ਨਿਵਾਸੀ ਸੰਘ ਦੀ ਉਪ ਕਪਤਾਨ, ਡਾ. ਅਮਰੀਕ ਸਿੰਘ ਜੋ ਕਿ ਸੈਕਰਾਮੈਂਟੋ ਸਟੇਟ ਯੂਨੀਵਰਸਿਟੀ ਕੈਲੀਫੋਰਨੀਆ ਵਿਚ ਪੰਜਾਬੀ ਅਤੇ ਐਥਨਿਕ ਸਟੱਡੀ ਦੇ ਪ੍ਰੋਫੈਸਰ ਅਤੇ ਪੈਨਲ ਡਿਸਕਸ਼ਨ ਵਿਚ ਸਵਾਲ ਖੜ੍ਹੇ ਕਰਨ ਵਾਲੇ ਸਨ, ਡਾ. ਹਰਪ੍ਰੀਤ ਸਿੰਘ ਜੋ ਕਿ ਹਾਰਵਰਡ ਯੂਨੀਵਰਸਿਟੀ ਵਿਚ ਸਾਊਥ ਏਸ਼ੀਅਨ ਸਟੱਡੀ ਦੇ ਰਿਸਰਚ ਸਕਾਲਰ ਹਨ। ਇਹ ਸਵਾਲ ਜੋ ਖੜ੍ਹੇ ਕੀਤੇ ਗਏ ਸਨ, ਉਹ ਇਹ ਮੁੱਦੇ ਸਨ ਕਿ ਭਾਰਤ ਵਿਚ ਜਾਤ-ਪਾਤ ਵਿਵਸਥਾ ਕਿਉਂ ਹੋਂਦ ਵਿਚ ਆਈ ਅਤੇ ਜਾਤ ਪਾਤ ਵਿਵਸਥਾ ਤੋਂ ਭਾਰਤੀ ਮੂਲ ਦੇ ਲੋਕ ਅੱਜ ਤੱਕ ਕਿਸ ਤਰ੍ਹਾਂ ਸ਼ੋਸ਼ਣ ਦਾ ਮਾਨਸਿਕ ਗੁਲਾਮੀ ਦਾ ਸ਼ਿਕਾਰ ਹਨ, ਅਤੇ ਬਾਬਾ ਸਾਹਿਬ ਨੇ ਆਪਣੀ ਸਾਰੀ ਜ਼ਿੰਦਗੀ ਇਸ ਸਮਾਜ ਨੂੰ ਇਸ ਮਾਨਸਿਕ ਗੁਲਾਮੀ ਤੋਂ ਬਾਹਰ ਕੱਢਣ ਲਈ ਅਣਥੱਕ ਮਿਹਨਤ ਕੀਤੀ। ਮਹਾਤਮਾ ਗਾਂਧੀ ਨੇ ਇਸ ਮਾਨਸਿਕ ਗੁਲਾਮੀ ਦੀ ਵਿਵਸਥਾ ਬਣੀ ਰਹੇ, ਉਸ ਲਈ ਕਿਸ ਤਰ੍ਹਾਂ ਕੋਸ਼ਿਸ਼ਾਂ ਕੀਤੀਆਂ। ਇਸ ਪੈਨਲ ਡਿਸਕਸ਼ਨ ਵਿਚ 200 ਦੇ ਕਰੀਬ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਵਿਚ ਯੋਗਦਾਨ ਪਾਇਆ, ਉਹਨਾਂ ਵਿਚ ਸਨ ਸ: ਭਜਨ ਸਿੰਘ ਭਿੰਡਰ, ਨਾਨਕ ਸਿੰਘ, ਨਿਰਮਲ ਸਿੰਘ ਪ੍ਰਧਾਨ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਓਮ ਪ੍ਰਕਾਸ਼ ਮਹਿਮੀ ਅਤੇ ਐਮ. ਆਰ ਪਾਲ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ 'ਚ ਬਾਬਾ ਸਾਹਿਬ ਦਾ 58ਵਾਂ ਪ੍ਰੀ-ਨਿਰਵਾਣ ਦਿਵਸ ਵਿਸ਼ਾਲ ਪੱਤਰ ਉੱਤੇ ਮਨਾਇਆ ਗਿਆ

ਪੰਜਾਬ 'ਚ ਬਾਬਾ ਸਾਹਿਬ ਡਾ. ਅੰਬੇਡਕਰ ਦਾ 58ਵਾਂ ਪ੍ਰੀ-ਨਿਰਵਾਣ ਦਿਵਸ ਵਿਸ਼ਾਲ ਪੱਧਰ ਉੱਤੇ ਮਨਾਇਆ ਗਿਆ। ਵੱਖ-ਵੱਖ ਥਾਵਾਂ ਉੱਤੇ ਹੋਏ ਸ਼ਰਧਾਂਜਲੀ ਸਮਾਗਮਾਂ 'ਚ ਡਾ. ਅੰਬੇਡਕਰ ਦੀ ਭਾਰਤ ਅਤੇ ਖਾਸ ਕਰਕੇ ਦਲਿਤਾਂ ਦੀ ਉਨਤੀ ਵਿਚ ਪਾਏ ਯੋਗਦਾਨ ਦੀ ਨਾ ਸਿਰਫ ਪ੍ਰਸੰਸਾ ਕੀਤੀ ਬਲਕਿ ਉਹਨਾਂ ਦੇ ਦੱਸੇ ਅਸੂਲਾਂ ਅਤੇ ਉਲੀਕੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਲਈ ਪ੍ਰਣ ਵੀ ਲਏ ਗਏ। ਉਹਨਾਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ, ਲੋਕਤੰਤਰ ਦੇ ਹਾਮੀ, ਦਲਿਤਾਂ ਦੇ ਮਸੀਹਾ, ਮਜ਼ਦੂਰਾਂ ਦੇ ਰਖਵਾਲੇ, ਨਾਰੀ ਜਾਤੀ ਦੇ ਮੁਕਤੀਦਾਤਾ, ਪ੍ਰਸਿੱਧ ਕਾਨੂੰਨਦਾਨ, ਪ੍ਰੋਫੈਸਰ, ਅਰਥ ਸ਼ਾਸਤਰੀ, ਰਾਜਨੇਤਾ, ਲੇਖਕ ਅਤੇ ਬੁੱਧੀਜੀਵੀ, ਹਿੰਦੂ ਸਮਾਜ ਦੇ ਸੁਧਾਰਕ, ਸਮਾਜਿਕ ਅਤੇ ਆਰਥਿਕ ਬੁਰਾਈਆਂ ਨੂੰ ਖਤਮ ਕਰਨ ਲਈ ਵਿਦਰੋਹ ਦੇ ਚਿੰਨ੍ਹ ਤੇ ਮਹਾਨ ਬੋਧੀ ਸਤੰਭ ਦੇ ਤੌਰ ਉੱਤੇ ਯਾਦ ਕੀਤਾ ਗਿਆ। ਪਾਠਕਾਂ ਦੀ ਜਾਣਕਾਰੀ ਲਈ ਕੁਝ ਕੁ ਥਾਵਾਂ ਦੀ ਸੰਖੇਪ ਜਿਹੀ ਰਿਪੋਰਟ ਪੇਸ਼ ਕਰ ਰਹੇ ਹਾਂ:

**ਸ਼ਰਧਾਂਜਲੀ ਸਮਾਰੋਹ: ਅੰਬੇਡਕਰ ਭਵਨ ਜਲੰਧਰ**

ਅੰਬੇਡਕਰ ਭਵਨ ਜਲੰਧਰ ਦੇ ਇਤਿਹਾਸਕ ਸਥਾਨ, ਜਿੱਥੇ 1951 ਵਿਚ ਡਾ. ਅੰਬੇਡਕਰ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ, ਇਕ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿੱਥੇ ਵੱਡੀ ਤਾਦਾਦ ਵਿਚ ਅੰਬੇਡਕਰੀ ਵਿਚਾਰਧਾਰਾ ਦੇ ਲੋਕਾਂ ਨੇ ਹਿੱਸਾ ਲਿਆ। ਪ੍ਰੋ. ਗਿਆਨ ਚੰਦ ਕੌਲ ਨੇ ਆਪਣੇ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੇ ਖਿਲਾਫ ਚੱਲਣ ਨੂੰ ਮੰਦਭਾਗਾ ਆਖਿਆ।



ਸ੍ਰੀ ਰਾਮ ਚੰਦ ਸੰਗਰ (ਟਰੱਸਟੀ) ਨੇ ਅੱਜ 6 ਦਸੰਬਰ 2014 ਦੀ ਸ਼ਰਧਾਂਜਲੀ ਸਭਾ ਦੇ ਮੁੱਖ ਮਹਿਮਾਨ ਚੌਧਰੀ ਸੰਤੋਖ ਸਿੰਘ ਕਾਂਗਰਸ ਐਮ. ਪੀ. (ਜਲੰਧਰ) ਦਾ ਧੰਨਵਾਦ ਕਰਦਿਆਂ ਕਿਹਾ ਕਿ ਚੌਧਰੀ ਸੰਤੋਖ ਸਿੰਘ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਉਠਾਉਣਗੇ। ਜਾਤੀਵਾਦ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਇਹ ਸਾਡੀ ਸਮੱਸਿਆ ਹੈ ਨਾ ਕਿ ਉੱਚ ਵਰਗ ਦੀ। ਅਸੀਂ ਆਪਸ 'ਚ ਹੀ ਜਾਤਾਂ 'ਚ ਵੰਡੇ ਹੋਏ ਹਾਂ। ਜੇਕਰ ਅਸੀਂ ਤਥਾਗਤ ਬੁੱਧ ਅਤੇ ਡਾ. ਅੰਬੇਡਕਰ ਦੇ ਰਸਤੇ ਉਪਰ ਚੱਲੀਏ ਤਾਂ ਅਸੀਂ ਜਾਤੀਵਾਦ ਤੋਂ ਛੁਟਕਾਰਾ ਪਾ ਸਕਦੇ ਹਾਂ।

ਡਾ. ਤਰਸੇਮ ਸਾਗਰ (ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ) ਨੇ ਆਪਣੇ ਸੰਬੋਧਨ 'ਚ ਕਿਹਾ ਕਿ ਡਾ. ਅੰਬੇਡਕਰ ਦੀ ਬਦੌਲਤ ਅਸੀਂ ਬੜਾ ਕੁਝ ਪ੍ਰਾਪਤ ਕੀਤਾ ਹੈ- ਜ਼ਮੀਨ-ਜਾਇਦਾਦ, ਵੋਟ ਦਾ ਹੱਕ, ਰਿਜ਼ਰਵੇਸ਼ਨ, ਉਚ ਵਿੱਦਿਆ ਅਤੇ ਅਹੁਦੇ। ਹੁਣ ਸੰਵਿਧਾਨ 'ਚ ਮਿਲੇ ਹੱਕਾਂ ਦਾ ਅਨੰਦ ਮਾਣ ਰਹੇ ਹਾਂ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਹਨਾਂ ਲੋਕਾਂ ਨੇ ਅੰਬੇਡਕਰ ਦੇ ਸੰਘਰਸ਼ ਦਾ ਵਿਰੋਧ ਕੀਤਾ, ਉਹਨਾਂ ਨੂੰ ਗਾਲ੍ਹਾਂ ਕੱਢੀਆਂ। ਅੱਜ ਅਸੀਂ ਉਹਨਾਂ ਦੀ ਹੀ ਜੈ-ਜੈ ਕਾਰ ਕਰ ਰਹੇ ਹਾਂ। ਸਮਾਂ ਬਦਲਣ ਨਾਲ ਉਹਨਾਂ ਨੇ ਆਪਣੇ ਵਿਰੋਧ ਕਰਨ ਦੇ ਤਰੀਕੇ ਵੀ ਬਦਲ ਲਏ ਹਨ। ਅੱਜ ਸਾਡੇ ਨੌਜਵਾਨਾਂ ਨੂੰ ਨਸ਼ਈ ਅਤੇ ਅੰਧ ਵਿਸ਼ਵਾਸ ਵਿਚ ਫਸਾਇਆ ਜਾ ਰਿਹਾ ਹੈ। ਆਓ, ਬਾਬਾ ਸਾਹਿਬ ਦੀ ਤਰਕਸ਼ੀਲਤਾ ਦੀ ਧਾਰਨਾ ਨੂੰ ਅਪਣਾਈਏ।

ਡਾ. ਰਾਮ ਲਾਲ ਜੱਸੀ (ਟਰੱਸਟੀ) ਨੇ ਕਿਹਾ ਕਿ ਸਾਡੇ ਦੇਸ਼ਾਂ 'ਚ ਅਨੇਕਾਂ ਰਿਸ਼ੀ-ਮੁਨੀ ਅਤੇ ਅਵਤਾਰ ਪੈਦਾ ਹੋਏ। ਸਾਡੇ ਲੋਕ ਗਰੀਬੀ 'ਚ ਹੀ ਪੈਦਾ ਹੁੰਦੇ ਰਹੇ ਅਤੇ ਗਰੀਬੀ ਵਿਚ ਹੀ ਮਰਦੇ ਰਹੇ ਪਰ ਕਿਸੇ ਨੇ ਉਹਨਾਂ ਦੀ ਹਾਲਤ ਨਹੀਂ ਬਦਲੀ।

ਸਿਰਫ ਤੇ ਸਿਰਫ ਡਾ. ਅੰਬੇਡਕਰ ਹੀ ਹਨ, ਜਿਹਨਾਂ ਨੇ ਦਲਿਤਾਂ ਦੀ ਤਕਦੀਰ ਬਦਲੀ ਹੈ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪ੍ਰਾਚੀਨ ਭਾਰਤ ਦੀ ਪਲਾਸਟਿਕ ਸਰਜਰੀ ਦੀ ਬਜਾਏ ਸੰਵਿਧਾਨ 'ਚ ਦਰਜ ਵਿਗਿਆਨਕ ਸੋਚ ਲੈ ਕੇ ਚੱਲਣਾ ਚਾਹੀਦਾ ਹੈ।

ਸ੍ਰੀ ਲਾਹੌਰੀ ਰਾਮ ਬਾਲੀ ਨੇ ਦੇਸ਼ ਦੇ ਮੌਜੂਦਾ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਕਿਹਾ ਕਿ ਅੱਜ ਦੇਸ਼ ਵਿਚ ਖਤਰਨਾਕ ਅਤੇ ਖ਼ੂਨ ਖ਼ਰਾਬੇ ਵਾਲੇ ਹਾਲਾਤ ਬਣਦੇ ਜਾ ਰਹੇ ਹਨ, ਜਿਸ ਨੂੰ ਡਾ. ਅੰਬੇਡਕਰ ਦੇ ਖ਼ੂਨ ਰਹਿਤ ਸੰਵਿਧਾਨਕ ਇਨਕਲਾਬ ਰਾਹੀਂ ਰੋਕਿਆ ਜਾ ਸਕਦਾ ਹੈ। ਜਿਸ ਲਈ ਸੰਵਿਧਾਨ ਨੂੰ ਅਮਲੀ ਰੂਪ 'ਚ ਲਾਗੂ ਕਰਨਾ ਹੋਵੇਗਾ। ਪਰ ਸਰਕਾਰ ਸੰਵਿਧਾਨ ਨੂੰ ਹੀ ਬਦਲਣ ਦੇ ਮਨਸੂਬੇ ਬਣਾ ਰਹੀ ਹੈ। ਉਹਨਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਤਾਂ ਪੂਰੇ ਦੇਸ਼ 'ਚ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਉਹਨਾਂ ਨੇ ਆਪਣੀ ਤੁਲਨਾ ਮੋਰ ਨਾਲ ਕਰਦਿਆਂ ਕਿਹਾ ਕਿ ਮੈਂ ਪੰਜਾਬ ਦਾ ਮੋਹਰ ਹਾਂ, ਜਿਵੇਂ ਮੋਰ ਆਪਣੇ ਖ਼ੂਬਸੂਰਤ ਖੰਭਾਂ ਨੂੰ ਦੇਖ ਕੇ ਬੜਾ ਖੁਸ਼ ਹੁੰਦਾ ਹੈ, ਉਵੇਂ ਆਪਣੇ ਕੋਝੇ ਪੈਰਾਂ ਨੂੰ ਦੇਖ ਕੇ ਰੋਂਦਾ ਹੈ। ਮੈਨੂੰ ਡੀ ਅੰਬੇਡਕਰ ਦੀ ਵਧਦੀ ਲਹਿਰ ਨੂੰ ਦੇਖ ਕੇ ਜਿੱਥੇ ਖੁਸ਼ੀ ਹੁੰਦੀ ਹੈ, ਉਥੇ ਲੋਕਾਂ ਨੇ ਮੇਰੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ, ਇਸ ਕਰਕੇ ਮਾਯੂਸੀ ਹੁੰਦੀ ਹੈ।

ਚੌਧਰੀ ਸੰਤੋਖ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਸ਼ਰਧਾਂਜਲੀ ਸਭਾ ਲਈ ਸੱਦਾ ਅਤੇ ਸਿਰੋਪਾ ਦੇ ਕੇ ਸਨਮਾਨਿਤ ਕਰਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਤੁਸੀਂ ਮੈਨੂੰ ਜਲੰਧਰ ਤੋਂ ਚੁਣ ਕੇ ਪਾਰਲੀਮੈਂਟ 'ਚ ਭੇਜਿਆ ਹੈ। ਮੈਂ ਦਲਿਤਾਂ ਦੇ ਹੱਕਾਂ ਲਈ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਸੰਘਰਸ਼ ਕਰਦਾ ਰਹਾਂਗਾ। ਤੁਹਾਡੇ ਦਿਲ ਤੇ ਦਿਮਾਗ 'ਚ ਅਗਰ ਕੋਈ ਦਲਿਤ ਮਸਲਾ ਆਉਂਦਾ ਹੈ ਤਾਂ ਮੈਨੂੰ ਫੌਰਨ ਈ-ਮੇਲ ਰਾਹੀਂ ਭੇਜੋ ਤਾਂ ਕਿ ਮੈਂ ਤੁਹਾਡੀ ਸਮੱਸਿਆ ਪਾਰਲੀਮੈਂਟ 'ਚ ਉਠਾ ਸਕਾਂ। ਉਹਨਾਂ ਕਿਹਾ ਜੇਕਰ ਅੱਜ ਮੈਂ ਐਮ. ਪੀ. ਹਾਂ ਤਾਂ ਡਾ. ਅੰਬੇਡਕਰ ਦੇ ਸਦਕਾ ਹੀ ਹਾਂ, ਜਿਹਨਾਂ ਨੇ ਸਾਨੂੰ ਰਿਜ਼ਰਵੇਸ਼ਨ ਅਤੇ ਹੋਰ ਸੰਵਿਧਾਨਕ ਹੱਕ ਲੈ ਕੇ ਦਿੱਤੇ। ਜਦੋਂ ਮੈਂ ਡਾ. ਅੰਬੇਡਕਰ ਦੀਆਂ ਰਾਊਂਡ ਟੇਬਲ ਕਾਨਫਰੰਸਾਂ ਦੀਆਂ ਰਿਪੋਰਟਾਂ ਪੜ੍ਹਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਾਡੇ ਬਜ਼ੁਰਗਾਂ ਨੇ ਸੈਂਕੜੇ ਤਾਰਾਂ ਅੰਗਰੇਜ਼ ਸਰਕਾਰ ਨੂੰ ਭੇਜ ਕੇ ਯਕੀਨ ਦਿਵਾਇਆ ਕਿ ਦਲਿਤ ਦਾ ਅਸਲੀ ਨੁਮਾਇੰਦਾ ਡਾ. ਅੰਬੇਡਕਰ ਹੀ ਹੈ।

ਨਤੀਜੇ ਵਜੋਂ ਸਾਨੂੰ ਇਹਨਾਂ ਸੰਵਿਧਾਨਕ ਹੱਕਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਵੇਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਕਿਵੇਂ ਮਨਿਸਟਰ ਦੇ ਚਾਹੁਣ ਦੇ ਬਾਵਜੂਦ ਸਰਕਾਰੀ ਨੌਕਰਸ਼ਾਹੀ ਅਤੇ ਵਿਰੋਧੀ ਲੋਕ ਕੰਮਾਂ 'ਚ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਮੈਂ ਚਾਹੁੰਦੇ ਹੋਏ ਵੀ ਆਪਣੀ ਇੱਛਾ ਅਨੁਸਾਰ 85ਵੀਂ ਸੋਧ ਅਤੇ ਦਲਿਤ ਅੱਤਿਆਚਾਰ ਤਰਮੀਮੀ ਬਿਲ ਪਾਸ ਨਹੀਂ ਕਰਵਾ ਸਕਿਆ। ਕਿਉਂ ਦਲਿਤਾਂ ਲਈ ਮਨਜ਼ੂਰ ਹੋਇਆ ਪੈਸਾ, ਦਲਿਤਾਂ ਦੀਆਂ ਭਲਾਈ ਸਕੀਮਾਂ ਉਪਰ ਨਾ ਖਰਚ ਕਰਕੇ, ਖੁਰਦ-ਬੁਰਦ ਜਾਂ ਬਿਨਾਂ ਖਰਚਿਆਂ ਰਹਿ ਜਾਂਦਾ ਹੈ। ਅਜਿਹਾ ਪ੍ਰੀਮਾਈਂਡ ਸੈਟ ਦੀ ਵਜ੍ਹਾ ਕਰਕੇ ਹੁੰਦਾ ਹੈ, ਜਿਸਨੂੰ ਉਚ ਵਰਗ ਨੂੰ ਬਦਲਣ ਦੀ ਲੋੜ ਹੈ। ਅੱਜ ਦੀ ਲੋੜ ਨਾ ਸਿਰਫ ਲੋਕਤੰਤਰ ਨੂੰ ਬਚਾਉਣ ਦੀ ਹੈ, ਬਲਕਿ ਉਸਨੂੰ ਸਮਾਜਿਕ ਲੋਕਤੰਤਰ ਵਿਚ ਬਦਲਣ ਦੀ ਹੈ। ਕੇਂਦਰ ਸਰਕਾਰ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਇਹ ਸਰਕਾਰ ਕੇਂਦਰ ਨੂੰ ਇਕ ਸੰਪਰਦਾਇਕ ਸਟੇਟ ਬਣਾਉਣਾ ਚਾਹੁੰਦੀ ਹੈ, ਜਦਕਿ ਸਾਡਾ ਸੰਵਿਧਾਨ ਧਰਮ ਨਿਰਪੱਖ ਦੀ ਗੱਲ ਕਰਦਾ ਹੈ। ਅੱਜ ਲੋਕਤੰਤਰ ਨੂੰ ਭਾਰੀ ਖਤਰਾ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਸਾਨੂੰ ਡਾ. ਅੰਬੇਡਕਰ ਦੀ ਚਿਤਾਵਨੀ ਜ਼ਰੂਰ ਯਾਦ ਕਰਨੀ ਚਾਹੀਦੀ ਹੈ ਕਿ ਉਹਨਾਂ ਨੇ ਕਿਹਾ ਸੀ ਕਿ ''26 ਜਨਵਰੀ 1950 ਨੂੰ ਅਸੀਂ ਰਾਜਸੀ ਤੌਰ ਤੇ ਬਰਾਬਰ ਅਤੇ ਆਰਥਿਕ ਤੌਰ ਤੇ ਨਾ-ਬਰਾਬਰ ਹੋਵਾਂਗੇ। ਜਿੰਨੀ ਛੇਤੀ ਹੋ ਸਕੇ ਸਾਨੂੰ ਇਹ ਭਿੰਨ-ਭੇਦ ਅਤੇ ਵਿਤਕਰਾ ਦੂਰ ਕਰਨਾ ਚਾਹੀਦਾ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਲੋਕ ਜੋ ਇਸ ਵਿਤਕਰੇ ਦਾ ਸ਼ਿਕਾਰ ਹਨ, ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂੰ-ਖੇਰੂੰ ਕਰ ਦੇਣਗੇ ਜੋ ਇਸ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ।'' ਇਸ ਮੌਕੇ ਚੌਧਰੀ ਸੰਤੋਖ ਸਿੰਘ ਨੇ ਆਪਣੇ ਫੰਡ ਵਿਚੋਂ 5 ਲੱਖ ਰੁਪਿਆ ਅੰਬੇਡਕਰ ਭਵਨ ਟਰੱਸਟ ਨੂੰ ਦੇਣ ਦਾ ਐਲਾਨ ਕੀਤਾ ਅਤੇ ਲਾਹੌਰੀ ਰਾਮ ਬਾਲੀ ਦੀ ਪ੍ਰਸੰਸਾ ਕੀਤੀ ਕਿ ਉਹਨਾਂ ਨੇ ਇੰਨਾ ਵੱਡਾ ਭਵਨ ਖੜ੍ਹਾ ਕੀਤਾ ਹੈ ਅਤੇ ਬਹੁਤ ਸਾਰੀਆਂ ਪੁਸਤਕਾਂ ਲਿਖ ਕੇ ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਹੈ।




ਇਸ ਮੌਕੇ ਲਾਹੌਰੀ ਰਾਮ ਬਾਲੀ ਨੇ ਅੰਬੇਡਕਰ ਭਵਨ ਦੇ ਵਿਹੜੇ ਵਿਚ ਲੱਗ ਰਹੇ ਤਥਾਗਤ ਭਗਵਾਨ ਬੁੱਧ ਦੇ ਬੁੱਤ ਲਈ ਦਿਲ ਖੋਲ੍ਹ ਕੇ ਦਾਨ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਇਕ ਰੈਜ਼ੂਲੇਸ਼ਨ ਵੀ ਪਾਸ ਕਰਵਾਇਆ ਗਿਆ, ਜਿਸ ਵਿਚ ਕਿਹਾ ਗਿਆ:

"ਡਾ. ਅੰਬੇਡਕਰ ਨੇ 14 ਮਈ, 1951 ਨੂੰ ਰਾਜ ਸਭਾ (ਸੰਸਦ) ਵਿਚ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਇਕ ਖਤਰਨਾਕ ਸੰਗਠਨ ਕਰਾਰ ਦਿੱਤਾ ਹੈ। ਇਹ ਸੰਗਠਨ ਖੁਦ ਨੂੰ ਕਹਿੰਦਾ ਤਾਂ ਇਕ ਸਭਿਆਚਾਰਕ ਸੰਗਠਨ ਹੈ, ਪਰ ਇਸ ਦੀਆਂ ਸਾਰੀਆਂ ਗਤੀਵਿਧੀਆਂ ਰਾਜਨੀਤਿਕ ਹਨ, ਘੱਟ-ਗਿਣਤੀਆਂ, ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਤਰੱਕੀ ਦੇ ਖਿਲਾਫ ਹਨ। ਇਹਨਾਂ ਜਾਤੀਆਂ ਦੇ ਨੌਜਵਾਨ ਵਰਗ ਸਿੱਖਿਅਤ ਨਾ ਹੋ ਸਕਣ, ਉੱਚੀ ਸਿੱਖਿਆ ਪ੍ਰਾਪਤ ਕਰਕੇ ਵੱਡੇ ਅਧਿਕਾਰੀ ਨਾ ਬਣ ਸਕਣ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਨੂੰ ਰੋਕਣ ਲਈ ਅਨੇਕ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ। ਡਾ. ਅੰਬੇਡਕਰ ਦੇ ਨਾਂ ਤੇ ਗੁੰਮਰਾਹਕੁੰਨ ਜਗਰਾਤਿਆਂ ਵਰਗੀਆਂ ਅਖੌਤੀਆਂ ਧਾਰਮਿਕ ਕਾਰਵਾਈਆਂ 'ਚ ਉਲਝਾਅ ਕੇ ਉਹਨਾਂ ਦਾ ਸਮਾਂ ਅਤੇ ਸ਼ਕਤੀ ਬਰਬਾਦ ਕੀਤੀ ਜਾ ਰਹੀ ਹੈ। ਇਸ ਕੰਮ ਵਿਚ ਐਮ. ਐਲ. ਏ., ਐਮ. ਪੀ. ਵੀ ਵੱਡਾ ਰੋਲ ਅਦਾ ਕਰ ਰਹੇ ਹਨ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਵੱਲੋਂ ਵੀ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਕਰਨ ਦੀ ਸਹੁੰ ਚੁੱਕ ਕੇ ਗੈਰ-ਵਿਗਿਆਨਕ ਦ੍ਰਿਸ਼ਟੀਕੋਣ ਦਾ ਸ਼ਰੇਆਮ ਪ੍ਰਗਟਾਵਾ ਕਰਕੇ ਧਾਰਾ 51-ਏ (ਜੋ ਕਿ ਨਾਗਰਿਕਾਂ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਤਾਵਾਦ, ਗਿਆਨ-ਪ੍ਰਾਪਤੀ ਅਤੇ ਸੁਧਾਰ ਕਰਨ ਦੀ ਭਾਵਨਾ ਦਾ ਵਿਕਾਸ ਕਰਨ ਲਈ ਕਹਿੰਦੀ ਹੈ) ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦੇ ਸਮਾਚਾਰ ਵੀ ਮਿਲੇ ਹਨ ਕਿ ਨੌਜਵਾਨ ਵਰਗ ਨੂੰ ਆਲਸੀ, ਨਿਕੰਮੇ ਅਤੇ ਬੇਹੁਨਰ ਬਣਾਉਣ ਲਈ ਵੱਡੀ ਧੰਨ ਰਾਸ਼ੀ ਵੀ ਨਿਰਧਾਰਿਤ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੇਸ਼ ਅਤੇ ਸਮਾਜ ਲਈ ਤਾਂ ਘਾਤਕ ਹਨ ਹੀ, ਇਹ ਮਨੁੱਖਤਾ ਲਈ ਵੀ ਹਾਨੀਕਾਰਕ ਹਨ, ਕਿਉਂਕਿ ਨਿਕੰਮਾ ਅਤੇ ਅੰਧ-ਵਿਸ਼ਵਾਸੀ ਨੌਜਵਾਨ ਕਿਸੇ ਲਈ ਵੀ ਲਾਭਦਾਇਕ ਨਹੀਂ ਹੋ ਸਕਦਾ ਹੈ। ਇਸ ਲਈ ਮਨੁੱਖਤਾ ਦਾ ਦੁਸ਼ਮਣ ਕੋਈ ਵੀ ਹੋਵੇ, ਉਸ ਤੋਂ ਸਾਵਧਾਨ ਰਹਿਣ ਦੀ ਜ਼ਰੂਰਤ ਹੈ।'' ਸਮਾਗਮ ਦੌਰਾਨ ਬਹੁਤ ਸਾਰੇ ਬੁੱਧੀਜੀਵੀ, ਲੇਖਕ, ਪ੍ਰਮੁੱਖ ਵਿਅਕਤੀ ਅਤੇ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ, ਜਿਹਨਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ: ਸਰਵ ਸ੍ਰੀ ਰਮੇਸ਼ਚੰਦਰ (ਸਾਬਕਾ ਰਾਜਦੂਤ), ਜੁਗਿੰਦਰ ਰਾਮ ਸਾਬਕਾ ਐਮ. ਐਲ. ਏ. (ਕਾਂਗਰਸ), ਸਵਰਨ ਸਿੰਘ ਐਮ. ਸੀ. (ਕਾਂਗਰਸ), ਬਿਮਨ ਕੁਮਾਰ (ਐਮ. ਸੀ.), ਹਰਮੇਸ਼ ਜੱਸਲ, ਦਰਸ਼ਨ ਬੋਧੀ, ਧਨੀ ਰਾਮ ਅਬਾਦਪੁਰਾ, ਧਨੀ ਰਾਮ ਬੰਗੜ ਅਬਾਦਪੁਰਾ, ਅਸ਼ਵਨੀ ਬਲਾਚੌਰ, ਜਨਕ ਰਾਜ ਚੌਹਾਨ, ਚਾਨਣ ਰਾਮ ਵਡਾਲਾ, ਬਰਖਾ ਰਾਮ (ਟਰੱਸਟੀ), ਚਰਨਦਾਸ ਸੰਧੂ, ਚਮਨ ਸਾਂਪਲਾ, ਹਰਭਜਨ ਸਾਂਪਲਾ, ਗੁਰਦੇਵ ਚੰਦਰ ਖੋਖਰ, ਬਲਦੇਵ ਭਾਰਦਵਾਜ, ਪਰਮਜੀਤ ਜੱਸਲ, ਪ੍ਰਿੰਸੀਪਲ ਸੋਹਣ ਲਾਲ, ਸੰਗੀਤਕਾਰ ਬਲਦੇਵ ਨਾਰੰਗ, ਦਲਿਤ ਐਕਸ਼ਨ ਕਮੇਟੀ ਦੇ ਮੈਂਬਰ, ਕਾਂਜੀ ਮੰਡੀ ਦੇ ਵਰਕਰ, ਆਲ ਇੰਡੀਆ ਐਸ. ਸੀ./ ਬੀ. ਸੀ. ਦੇ ਮੈਂਬਰ ਆਦਿ ਹਾਜ਼ਰ ਸਨ। ਗਾਇਕ ਦਲੇਰ ਸਿੰਘ ਦਿਲ ਅਤੇ ਪਰਮਦਾਸ ਅਹੀਰ ਨੇ ਗੀਤ-ਸੰਗੀਤ ਪੇਸ਼ ਕੀਤਾ। ਸਟੇਜ ਦਾ ਸੰਚਾਲਨ ਪ੍ਰੋ. ਗਿਆਨ ਚੰਦ ਕੌਲ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।



**ਵਿਸ਼ੇਸ਼ ਰਿਪੋਰਟ**
**ਹਰਮੇਸ਼ ਜੱਸਲ**

### ਬੁੱਤ ਨੂੰ ਹਾਰ ਪਾਏ ਗਏ

ਅੰਬੇਡਕਰ ਚੌਂਕ ਜਲੰਧਰ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਧ ਨੂੰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਫੁੱਲਾਂ ਦੇ ਹਾਰ ਪਾ ਕੇ ਆਪੋ-ਆਪਣੀ ਸ਼ਰਧਾਂਜਲੀ ਭੇਟ ਕੀਤੀ।

ਇਸ ਤਰ੍ਹਾਂ ਬੂਟਾ ਮੰਡੀ ਅੰਬੇਡਕਰ ਪਾਰਕ ਵਿਖੇ ਬੁੱਤ ਨੂੰ ਹਾਰ ਪਾਏ ਗਏ ਅਤੇ ਬੁੱਧ ਵਿਹਾਰ ਸਿਧਾਰਥ ਨਗਰ 'ਚ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ।

## ਭੀਮ ਰਾਓ ਅੰਬੇਡਕਰ ਦਾ ਪ੍ਰੀ ਨਿਰਮਾਣ ਦਿਵਸ ਮਨਾਇਆ ਗਿਆ

ਰਾਮਪੁਰਾ ਫੂਲ - ਅੰਬੇਡਕਰਵਾਦੀ ਚੇਤਨਾ ਮੰਚ ਪੰਜਾਬ ਵੱਲੋ ਬਾਬਾ ਸਾਹਿਬ ਡਾ; ਭੀਮ ਰਾਓ ਅੰਬੇਦਕਰ ਦਾ ਪ੍ਰੀ ਨਿਰਮਾਣ ਦਿਵਸ ਸਥਾਨਕ ਖੇਡ ਸਟੇਡੀਅਮ ਵਿਖੇ ਸਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ ।ਇਸ ਮੋਕੇ ਐਸ ਐਮ ਓ ਰਾਮਪੂਰਾ ਅਮਰੀਕ ਸਿੰਘ ਸੰਧੂ, ਆਪਣੀ ਮਿੱਟੀ ਮੇਗਜੀ ਸੰਪਾਦਕ ਅਜੈ ਕੁਮਾਰ, ਨਿਰਮਲ ਗੁਰੂ ਧਾਮਾ ਫੈਡਰੇਸ਼ਨ ਆਫ ਇੰਡਿਆ ਦੇ ਸੰਜੀਵ ਕੁਮਾਰ ਭੋਰਾ ਅਤੇ ਐਡਵੋਕੇਟ ਫਿਲੋਰ ਪੂਸ਼ਪਾ ਧੂਨੀਆਂ ਕਾਲੜਾ ਵਿਸ਼ੇਸਤੋਰ ਤੇ ਸ਼ਾਮਲ ਹੋਏ। ਇਸ ਮੋਕੇ ਭਾਰੀ ਇੱਕਠ ਨੂੰ ਸੰਬੋਧਿਤ ਕਰਦਿਆਂ ਪ੍ਰੋ; ਰੋਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ ਨੇ ਕਿਹਾ ਕਿ ਭਾਰਤ ਅੰਦਰ ਰਾਜਨੀਤਿਕ ਅਜ਼ਾਦੀ ਦੇ ਨਾਲ ਨਾਲ ਸਮਾਜਿਕ ਅਜ਼ਾਦੀ ਵੀ ਜਰੂਰੀ ਹੈ। ਉਨਾਂ ਬਾਬਾ ਸਾਹਿਬ ਅੰਬੇਡਕਰ ਨਾਲ ਹੋਏ ਜਾਤੀ ਵਿਤਕਰੇ ਬਾਰੇ ਦੱਸਦਿਆਂ ਕਿਹਾ ਕਿ ਅੱਜ ਵੀ ਦੇਸ਼ ਅੰਦਰ ਜਾਤ ਪਾਤ ਦਾ ਬੋਲ ਬਾਲਾ ਹੈ ਅੱਜ ਵੀ ਛੋਟੀਆਂ ਜਾਤੀਆਂ ਨਾਲ ਅਣਆਏ ਕੀਤਾ ਜਾਂਦਾ ਹੈ । ਉਨਾਂ ਕਿਹਾ ਕਿ ਜੇ ਅਜ਼ਾਦੀ ਮੋਕੇ ਅੰਬੇਡਕਰ ਸਾਹਿਬ ਨੂੰ ਪਲਾਨਿੰਗ ਮਨਿਸਟਰ ਬਣਾਇਆ ਹੁੰਦਾ ਤਾਂ ਅੱਜ ਦੇ ਤਰੱਕੀ ਦੀਆਂ ਬੁਲੰਦੀਆਂ ਛੂ ਰਹਿਆਂ ਹੁੰਦਾ। ਇਸ ਸਮੇ ਬਾਬਾ ਸਾਹਿਬ ਦੇ ਸਾਥੀ ਰਹੇ ਕੇ ਸੀ ਸੁਲੇਖ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਸ਼ਹਿਰ ਅੰਦਰ ਚੱਲ ਰਹੇ ਬਾਬਾ ਸਵਿੱਤਰੀ ਬਾਈ ਵੱਲੋ ਮੁਫਤ ਵਿੱਦਿਆਂ ਸੈਟਰਾਂ ਦੇ ਬੱਚਿਆਂ ਨੇ ਦਲਿਤ ਸਮਾਜ ਅੰਦਰ ਚੇਤਨਾ ਪੈਦਾ ਕਰਨ ਲਈ ਗੀਤ , ਕਵਿਤਾਵਾਂ, ਨਾਟਕ, ਕੋਰਿਓਗ੍ਰਾਫੀ ਤੇ ਸਕਿੱਟਾ ਆਦਿ ਪੇ ਕਰ ਸਰੋਤਿਆਂ ਦਾ ਮਨ ਮੋਹ ਲਿਆਂ। ਇਸ ਮੋਕੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜੀਵਨ ਨਾਲ ਸਬੰਧਿਤ ਕਿਤਾਬਾਂ , ਫੋਟੋਆਂ ਤੇ ਹੋਰ ਸਮੱਗਰੀ ਦੀਆਂ ਸਟਾਲਾ ਵੀ ਲਗਾਈਆਂ ਗਈਆਂ।



## ਭਾਰਤ 'ਚ ਅਗਲੇ ਅਮਰੀਕੀ ਰਾਜਦੂਤ ਹੋਣਗੇ ਰਿਚਰਡ ਰਾਹੁਲ ਵਰਮਾ

ਵਾਸ਼ਿੰਗਟਨ— ਅਮਰੀਕੀ ਸੈਨੇਟ ਨੇ ਭਾਰਤ 'ਚ ਅਮਰੀਰਕਾ ਦੇ ਅਗਲੇ ਰਾਜਦੂਤ ਦੇ ਰੂਪ 'ਚ ਰਾਹੁਲ ਵਰਮਾ ਦੇ ਨਾਮਜ਼ਦਗੀ 'ਤੇ ਮੋਹਰ ਲਗਾ ਦਿੱਤੀ ਹੈ।



ਵਰਮਾ ਭਾਰਤੀ ਮੂਲ ਦੇ ਅਜਿਹੇ ਪਹਿਲੇ ਅਮਰੀਕੀ ਹਨ ਜੋ ਭਾਰਤ 'ਚ ਅਮਰੀਕਾ ਦੇ ਰਾਜਦੂਤ ਹੋਣਗੇ। ਉਨ੍ਹਾਂ ਵੱਲੋਂ ਜਲਦ ਹੀ ਇਸ ਅਹੁਦੇ ਦੀ ਸਹੁੰ ਚੁੱਕੇ ਜਾਣ ਦੀ ਸੰਭਾਵਨਾ ਹੈ। ਉਹ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਰਤ ਦੌਰੇ ਤੋਂ ਪਹਿਲਾ ਨਵੀਂ ਦਿੱਲੀ ਪਹੁੰਚਣਗੇ। ਓਬਾਮਾ ਅਗਲੇ ਮਹੀਨੇ 26 ਜਨਵਰੀ ਗਣਤੰਤਰ ਦਿਵਸ ਸਮਾਰੋਹ 'ਚ ਮੁੱਖ ਮਹਿਮਾਨ ਹਨ। ਵਰਮਾ ਸਾਲ 2009 ਤੋਂ 2011 ਤੱਕ ਓਬਾਮਾ ਪ੍ਰਸ਼ਾਸਨ ਅਧੀਨ ਵਿਦੇਸ਼ ਮੰਤਰਾਲੇ ਵਿਚ ਸਹਾਇਕ ਵਿਦੇਸ਼ ਮੰਤਰੀ ਰਹਿ ਚੁੱਕੇ ਹਨ।

ਇਸ ਸਮੇਂ ਉਹ ਸਟੇਪਟੋ ਐਂਡ ਜਾਨਸਨ ਨਾਮੀ ਕਾਨੂੰਨ ਕੰਪਨੀ ਅਤੇ ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਐਮ. ਅਲਬ੍ਰਾਈਟ ਦੀ ਅਗਵਾਈ ਵਾਲੀ ਸਟੋਨਬ੍ਰਿਜ ਗਰੁੱਪ ਨਾਮੀ ਬਿਜ਼ਨੈੱਸ ਸਲਾਹਕਾਰ ਕੰਪਨੀ ਵਿਚ ਸੀਨੀਅਰ ਸਲਾਹਕਾਰ ਹਨ। ਵਰਮਾ ਨੈਨਸੀ ਪਾਵੇਲ ਦੀ ਥਾਂ ਲੈਣਗੇ, ਜਿਨ੍ਹਾਂ ਨੇ ਭਾਰਤੀ ਡਿਪਲੋਮੈਟ ਦੇਵਿਆਨੀ ਖੋਬਰਾਗੜੇ ਨਾਲ ਸੰਬੰਧਤ ਮਾਮਲੇ ਵਿਚ ਪੈਦਾ ਹੋਏ ਵਿਵਾਦ ਤੋਂ ਬਾਅਦ ਮਾਰਚ ਵਿਚ ਅਸਤੀਫਾ ਦੇ ਦਿੱਤਾ ਸੀ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532



# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

510- 733- 2222

1421 Industrial PKWY West#F Hayward, CA 94544



FREE WiFi

Ram Gopal



# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available



Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Ram Gopal (916) 448-6239
200 "J" Street, Sacramento, CA 95814



# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004

SMOG N TAG

(916) 334-7664
6421 Watt Ave.
North Highlands, CA 95660

$10.00 Off initial Smog Check
Restrictions Apply - See Store for Details

STAR Certified

### ਕ੍ਰਿਸਮਿਸ ’ਤੇ ਵਿਸ਼ੇਸ਼

# ਸਾਰੀ ਦੁਨੀਆਂ ਨੂੰ ਨਿਮਰਤਾ ਦਾ ਸੰਦੇਸ਼ ਦਿੱਤਾ ਪ੍ਰਭੂ ਯਿਸ਼ੂ ਨੇ !

ਪਵਿੱਤਰ ਬਾਈਬਲ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜਦੋਂ ਪ੍ਰਭੂ ਯਿਸ਼ੂ ਇਸ ਧਰਤੀ ’ਤੇ ਪ੍ਰਗਟ ਹੋਏ ਤਾਂ ਆਕਾਸ਼ ਤੇ ਧਰਤੀ ’ਤੇ ਇਕ ਅਜੀਬ ਵਾਤਾਵਰਣ ਛਾ ਗਿਆ। ਸੰਸਾਰ ਦੇ ਇਤਿਹਾਸ ਵਿਚ ਇਹ ਹੀ ਇਕ ਅਜਿਹਾ ਦਿਹਾੜਾ ਮਿਲਦਾ ਹੈ, ਜਦੋਂ ਪ੍ਰਮੇਸ਼ਵਰ ਦੇ ਦੂਤ ਅਰਥਾਤ ਆਕਾਸ਼ ਦੇ ਵਾਸੀ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਖੁਸ਼ੀਆਂ ਮਨਾਉਂਦੇ ਹਨ ਅਤੇ ਯਿਸ਼ੂ ਮਸੀਹ ਦੇ ਜਨਮ ਦੀ ਖੁਸ਼ਖਬਰੀ ਦੁਨੀਆਂ ਦੇ ਲੋਕਾਂ ਤੱਕ ਪਹੁੰਚਾਉਂਦੇ ਹਨ।

ਭੇਡਾਂ ਦੀ ਰਾਖੀ ਕਰ ਰਹੇ ਆਜੜੀਆਂ ਨੂੰ ਵੀ ਦੂਤਾਂ ਦੇ ਜਥੇ ਵਿਚੋਂ ਇਕ ਦੂਤ ਇਸ ਤਰ੍ਹਾਂ ਖੁਸ਼ੀ ਦਾ ਪੈਗਾਮ ਦਿੰਦਾ ਹੈ, "ਨਾ ਡਰੋ, ਕਿਉਂਕਿ ਵੇਖੋ ਮੈਂ ਤੁਹਾਨੂੰ ਇਕ ਖੁਸ਼ੀ ਦੀ ਖਬਰ ਸੁਣਾਉਂਦਾ ਹਾਂ, ਜੋ ਸਾਰੀ ਪ੍ਰਜਾ ਅਰਥਾਤ ਸਾਰੀ ਮਾਨਵ ਜਾਤੀ ਲਈ ਹੋਵੇਗੀ ਕਿ ਦਾਊਦ ਦੇ ਨਗਰ ਵਿਚ ਤੁਹਾਡੇ ਲਈ ਇਕ ਮੁਕਤੀ ਦਾਤਾ ਪੈਦਾ ਹੋਇਆ ਹੈ, ਜਿਹੜਾ ਮਸੀਹ ਹੈ। ਬਾਅਦ ਵਿਚ ਸਵਰਗ ਦੂਤ ਪ੍ਰਮੇਸ਼ਵਰ ਦੀ ਉਸਤੱਤ ਕਰਦੇ ਹੋਏ ਇਸ ਤਰ੍ਹਾਂ ਕਹਿਣ ਲੱਗੇ "ਪ੍ਰਮਧਾਮ ਵਿਚ ਪ੍ਰਮੇਸ਼ਵਰ ਦੀ ਵਡਿਆਈ ਅਤੇ ਧਰਤੀ ਉਤੇ ਸ਼ਾਂਤੀ ਉਨ੍ਹਾਂ ਲੋਕਾਂ ਵਿਚ ਜਿਹਨਾਂ ਤੋਂ ਉਹ ਪ੍ਰਸੰਨ ਹੈ।'' ਇਸ ਤੋਂ ਸਪੱਸ਼ਟ ਹੈ ਕਿ ਪ੍ਰਭੂ ਯਿਸ਼ੂ ਦੇ ਜਨਮ ਦੀ ਖੁਸ਼ੀ ਆਕਾਸ਼ ਅਤੇ ਧਰਤੀ ’ਤੇ ਮਨਾਈ ਗਈ। ਪ੍ਰਭੂ ਯਿਸ਼ੂ ਮਸੀਹ ਦੇ ਜਨਮ ਦੀ ਇਕ ਹੋਰ ਵਿਲੱਖਣਤਾ ਪਾਈ ਜਾਂਦੀ ਹੈ ਕਿ ਉਹਨਾਂ ਦਾ ਜਨਮ ਪਵਿੱਤਰ ਆਤਮਾ ਰਾਹੀਂ ਹੋਇਆ। ਮਾਤਾ ਮਰੀਅਮ ਇਕ ਪਵਿੱਤਰ ਔਰਤ ਸੀ ਜੋ ਪ੍ਰਮੇਸ਼ਵਰ ਦਾ ਭੈਅ ਮੰਨਦੀ ਸੀ। ਉਹ ਪ੍ਰਮੇਸ਼ਵਰ ਦੀਆਂ ਨਜ਼ਰਾਂ ਵਿਚ ਸੰਪੂਰਨ ਸੀ। ਇਸ ਲਈ ਪ੍ਰਮੇਸ਼ਵਰ ਨੇ ਉਹਨਾਂ ਨੂੰ ਸਾਡੇ ਪ੍ਰਭੂ ਦੀ ਮਾਂ ਬਣਨ ਲਈ ਚੁਣ ਲਿਆ।

ਸੰਤ ਯੂਸਫ ਜਿਸ ਨਾਲ ਮਾਤਾ ਮਰੀਅਮ ਦੀ ਮੰਗਣੀ ਹੋਈ ਸੀ, ਉਸ ਨੂੰ ਵੀ ਪ੍ਰਮੇਸ਼ਵਰ ਦੇ ਦੂਤ ਨੇ ਆਖਿਆ ਕਿ ਹੇ ਯੂਸਫ ਤੂੰ ਮਰੀਅਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ, ਕਿਉਂ ਜੋ ਉਸ ਦੀ ਕੁੱਖ ਤੋਂ ਇਕ ਪਵਿੱਤਰ ਆਤਮਾ ਜਨਮ ਲਵੇਗੀ, ਤੂੰ ਉਸ ਦਾ ਨਾਮ ਯਿਸ਼ੂ ਰੱਖਣਾ ਕਿਉਂਕਿ ਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਬਚਾਏਗਾ। ਇਹ ਸਭ ਇਸ ਲਈ ਹੋਇਆ ਕਿ ਹਜ਼ਾਰਾਂ ਸਾਲ ਪਹਿਲਾਂ ਨਬੀਆਂ ਦੁਆਰਾ ਕਿਹਾ ਗਿਆ ਇਹ ਵਾਕ ਪੂਰਾ ਹੋਇਆ। ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਨੂੰ ਜਨਮ ਦੇਵੇਗੀ। ਉਹ ਪ੍ਰਮ ਪ੍ਰਧਾਨ ਦਾ ਪੁੱਤਰ ਕਹਿਲਾਇਗਾ।



ਪ੍ਰਭੂ ਯਿਸ਼ੂ ਨੇ ਆਪਣੇ ਜੀਵਨ ਕਾਲ ਵਿਚ ਇਸ ਧਰਤੀ ’ਤੇ ਅਨੇਕਾਂ ਚਮਤਕਾਰ ਕੀਤੇ, ਲੋਕਾਂ ਨੂੰ ਸ਼ਾਂਤੀ ਦਾ ਸੰਦੇਸ਼ ਦਿੱਤਾ ਅਤੇ ਪਿਆਰ ਅਤੇ ਭਾਈਚਾਰੇ ’ਤੇ ਜ਼ੋਰ ਦਿੱਤਾ। ਉਹਨਾਂ ਹਜ਼ਾਰਾਂ ਰੋਗੀ ਚੰਗੇ ਕੀਤੇ। ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਮੁਕਤੀ ਦਿਵਾਈ ਅਤੇ ਉਹਨਾਂ ਨੂੰ ਸੱਚ ਦਾ ਮਾਰਗ ਦੱਸਿਆ। ਉਹ ਆਪਣਾ ਸੰਦੇਸ਼ ਲੋਕਾਂ ਵਿਚ ਬਹੁਤ ਹੀ ਸਰਲ ਭਾਸ਼ਾ ਵਿਚ ਦਿੰਦੇ ਸਨ ਅਤੇ ਦ੍ਰਿਸ਼ਟਾਂਤਾਂ ਨਾਲ ਲੋਕਾਂ ਦੇ ਮਨਾਂ ਵਿਚ ਆਪਣੇ ਸੰਦੇਸ਼ ਨੂੰ ਪਹੁੰਚਾਉਂਦੇ ਸਨ। ਉਹਨਾਂ ਦੇ ਉਪਦੇਸ਼ ਵਿਚ ਸੀ:

ਧੰਨ ਉਹ ਲੋਕ ਹਨ, ਜਿਹੜੇ ਸਚਾਈ ਦੇ ਭੁੱਖੇ ਅਤੇ ਤਿਹਾਏ ਹਨ,
ਪ੍ਰਮੇਸ਼ਵਰ ਉਨ੍ਹਾਂ ਨੂੰ ਤ੍ਰਿਪਤ ਕਰੇਗਾ।
ਧੰਨ ਉਹ ਲੋਕ ਹਨ, ਜਿਹੜੇ ਦੂਜਿਆਂ ਵਿਚ ਸ਼ਾਂਤੀ ਕਰਵਾਉਂਦੇ ਹਨ,
ਉਹ ਪ੍ਰਮੇਸ਼ਵਰ ਦੀ ਸੰਤਾਨ ਕਹਾਉਣਗੇ।

ਅੱਜ ਪੂਰੇ ਸੰਸਾਰ ਦੀ ਅੱਧੀ ਤੋਂ ਵੱਧ ਵਸੋਂ ਉਨ੍ਹਾਂ ਦੀ ਪੈਰੋਕਾਰ ਹੈ ਅਤੇ ਪੂਰੇ ਸੰਸਾਰ ਵਿਚ ਅੱਜ ਉਹਨਾਂ ਦਾ ਜਨਮ ਦਿਹਾੜਾ ਅਰਥਾਤ ਕ੍ਰਿਸਮਸ ਦਾ ਤਿਉਹਾਰ ਪੂਰੀ ਸ਼ਰਧਾ ਅਤੇ ਪ੍ਰੇਮ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਆਓ ਅੱਜ ਦੇ ਪਵਿੱਤਰ ਦਿਹਾੜੇ ਤੇ ਅਸੀਂ ਵੀ ਪਿਆਰ, ਭਾਈਚਾਰੇ ਅਤੇ ਸ਼ਾਂਤੀ ਦੇ ਇਸ ਸੰਦੇਸ਼ ਨੂੰ ਦੂਜਿਆਂ ਤੱਕ ਪਹੁੰਚਾਈਏ ਅਤੇ ਇਕ ਦੂਸਰੇ ਨੂੰ ਪਿਆਰ ਕਰੀਏ।

**– ਡਾ. ਐਸ. ਯੂਸਫ**

# ਕੇਂਦਰੀ ਰਾਜ ਮੰਤਰੀ ਸਾਂਪਲਾ ਨੇ ਚੌਧਰੀ ਸਵਰਨਾ ਰਾਮ ਦੇ ਗ੍ਰਹਿ ਵਿਖੇ ਭਾਜਪਾ ਵਰਕਰਾਂ ਨਾਲ ਕੀਤੀ ਮੁਲਾਕਾਤ

## ‘ਮਨ ਦੀ ਗੱਲ’ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਮੋਦੀ ਦਿਲ ਤੋਂ ਬਹੁਤ ਹੀ ਭਾਵੁਕ ਵਿਅਕਤੀ ਹਨ- ਸਾਂਪਲਾ

**ਫਗਵਾੜਾ (ਬੀ ਕੇ ਰੱਤੂ)** – ਕੇਂਦਰੀ ਰਾਜ ਮੰਤਰੀ ਅਤੇ ਹਲਕਾ ਲੋਕਸਭਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਵਿਜੇ ਸਾਂਪਲਾ ਨੇ ਅੱਜ ਫਗਵਾੜਾ ਵਿਖੇ ਸਾਬਕਾ ਕੈਬਿਨੇਟ ਮੰਤਰੀ ਪੰਜਾਬ ਚੌਧਰੀ ਸਵਰਨਾ ਰਾਮ ਦੇ ਗ੍ਰਹਿ ਵਿਖੇ ਭਾਜਪਾ ਵਰਕਰਾਂ ਨਾਲ ਮੁਲਾਕਾਤ ਕੀਤੀ। ਇਸ ਮੋਕੇ ਉਹਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੇਸ਼ ਦਾ ਸਰਬ ਪੱਖੀ ਵਿਕਾਸ ਕਰਾਉਣ ਲਈ ਪ੍ਰਤੀਬੱਧ ਹੈ।



ਪ੍ਰਧਾਨ ਮੰਤਰੀ ਜਿਸ ਤਨਦੇਹੀ ਨਾਲ ਖੁਦ ਦੇਸ਼ ਦੀ ਸੇਵਾ ਵਿਚ ਰੁੱਝੇ ਹੋਏ ਹਨ ਉਸੇ ਹੀ ਤਰ੍ਹਾਂ ਦੂਸਰੇ ਮੰਤਰੀਆਂ ਨੂੰ ਵੀ ਕੰਮ ਕਰਨ ਲਈ ਹਮੇਸ਼ਾ ਪ੍ਰੇਰਦੇ ਹਨ। ਰਾਜ ਮੰਤਰੀ ਸਾਂਪਲਾ ਨੇ ਮੋਦੀ ਵਲੋਂ ਅੱਜ ਅਕਾਸ਼ਵਾਣੀ ਰਾਹੀਂ ਕੀਤੀ ਗਈ 'ਮਨ ਦੀ ਗੱਲ' ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਮੋਦੀ ਦਿਲ ਤੋਂ ਬਹੁਤ ਹੀ ਭਾਵੁਕ ਵਿਅਕਤੀ ਹਨ ਅਤੇ ਉਹਨਾਂ ਦੇ ਅੱਜ ਦੇ ਸੰਬੋਧਨ ਤੋਂ ਪਤਾ ਲੱਗਦਾ ਹੈ ਕਿ ਨਸ਼ੇ ਦੀ ਲਤ ਦੇ ਸ਼ਿਕਾਰ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਉਹਨਾਂ ਨੂੰ ਕਿੰਨੀ ਹਮਦਰਦੀ ਹੈ। ਫਗਵਾੜਾ ਦੇ ਵਿਕਾਸ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਸ਼ਹਿਰ ਨੂੰ ਮਾਡਲ ਸਿਟੀ ਦੀ ਦਿੱਖ ਪ੍ਰਦਾਨ ਕਰਨ ਦੇ ਵਾਅਦੇ ਪ੍ਰਤੀ ਉਹ ਅਟਲ ਹਨ ਅਤੇ ਇਸ ਦਿਸ਼ਾ ਵਿਚ ਬਹੁਤ ਸਾਰੇ ਕੰਮ ਹੋ ਰਹੇ ਹਨ ਅਤੇ ਬਹੁਤ ਸਾਰੇ ਕੰਮ ਪੂਰੇ ਵੀ ਕਰ ਲਏ ਗਏ ਹਨ। ਨਗਰ ਨਿਗਮ ਚੋਣਾਂ ਤੋਂ ਬਾਅਦ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੋਰ ਵੀ ਗਤੀ ਮਿਲੇਗੀ। ਇਸ ਦੌਰਾਨ ਉਹਨਾਂ ਚੌਧਰੀ ਸਵਰਨਾ ਰਾਮ ਅਤੇ ਭਾਜਪਾ ਦੀ ਲੋਕਲ ਲੀਡਰਸ਼ਿਪ ਤੋਂ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕੀਤੀ ਅਤੇ ਵਰਕਰਾਂ ਨਾਲ ਇਹਨਾਂ ਚੋਣਾਂ ਦੇ ਸਬੰਧ ਵਿਚ ਮੀਟਿੰਗ ਵੀ ਕੀਤੀ।

ਜਿਸ ਤੋਂ ਬਾਅਦ ਸਾਂਪਲਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਮੀਦ ਦੇ ਮੁਤਾਬਕ ਫਗਵਾੜਾ ਨਗਰ ਨਿਗਮ ਉਪਰ ਅਕਾਲੀ-ਭਾਜਪਾ ਗਠਜੋੜ ਦਾ ਹੀ ਕਬਜਾ ਹੋਵੇਗਾ। ਇਸ ਮੋਕੇ ਨਗਰ ਸੁਧਾਰ ਟ੍ਰਸਟ ਦੇ ਸਾਬਕਾ ਚੇਅਰਮੈਨ ਤੇਜਸਵੀ ਭਾਰਦਵਾਜ, ਫਗਵਾੜਾ ਮੰਡਲ ਦੇ ਉਪ ਪ੍ਰਧਾਨ ਸੁਨੀਲ ਚਮ, ਸਾਬਕਾ ਜਿਲ੍ਹਾ ਪਰੀਸ਼ਦ ਮੈਂਬਰ ਅਵਤਾਰ ਸਿੰਘ ਮੰਡ, ਸਾਬਕਾ ਭਾਜਯੁਮੋ ਪ੍ਰਧਾਨ ਸੰਜੂ ਚਹਿਲ, ਪਰਮਜੀਤ ਸਿੰਘ ਚਾਚੋਕੀ, ਪੰਕਜ ਚਾਵਲਾ, ਮਹੇਸ਼ ਮੜ੍ਹੀਆ, ਰਮਨ ਰੁੱਕੀ, ਦੇਵ ਸ਼ਰਮਾ, ਜਤਿਨ ਵੋਹਰਾ, ਰਾਮ ਚੰਦਰ, ਤ੍ਰਿਪਤਾ ਸ਼ਰਮਾ, ਅਮਰੀਕ ਟਿੱਬੀ, ਸਰਿਤਾ ਸੂਦ, ਰਤਨ ਸਰਪੰਚ, ਮੋਹਨ ਗੋਬਿੰਦਪੁਰਾ, ਜੁਗਨਾਰ ਸਿੰਘ, ਹਰਿੰਦਰ ਘੁੱਲਾ, ਖੁਸ਼ੀ ਰਾਮ ਕੌਲ, ਚਰਣਜੀਤ ਚਾਚੋਕੀ, ਪ੍ਰਮੋਦ ਸ਼ਰਮਾ ਆਦਿ ਵੀ ਹਾਜਰ ਸਨ।

# ਭਾਜਪਾ ਸ਼ਾਸਨ ਵਾਲੇ ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਡੋਡਿਆਂ ਦੀ ਖੇਤੀ ’ਤੇ ਪਾਬੰਦੀ ਲਗਾਉਣ ਮੋਦੀ - ਕਰੀਮਪੁਰੀ

## ਚੋਣਾਂ ਦੌਰਾਨ ਨਸ਼ਿਆਂ ਦੀ ਵੰਡ ’ਤੇ ਵੀ ਲੱਗੇ ਪਾਬੰਦੀ

**ਫਗਵਾੜਾ (ਬੀ ਕੇ ਰੱਤੂ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਸ਼ਾ ਮੁਕਤ ਭਾਰਤ ਦੀ ਗੱਲ ’ਤੇ ਪ੍ਰਤਿਕ੍ਰਿਆ ਦਿੰਦਿਆਂ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਨਰਿੰਦਰ ਮੋਦੀ ਸਭ ਤੋਂ ਪਹਿਲਾਂ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਡੋਡਿਆ ਦੀ ਖੇਤੀ ’ਤੇ ਪਾਬੰਦੀ ਲਗਾਉਣ।



ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ। ਇਨ੍ਹਾਂ ਵਿਚ ਪੈਦੇ ਕੀਤੇ ਜਾਂਦੇ ਡੋਡੇ ਪੰਜਾਬ ਵਿਚ ਸਪਲਾਈ ਕੀਤੇ ਜਾਂਦੇ ਹਨ, ਜਿਸ ਨਾਲ ਪੰਜਾਬ ਦੇ ਲੋਕ ਨਸ਼ੇ ਦੀ ਪਕੜ ਹੇਠ ਆ ਰਹੇ ਹਨ। ਸ. ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਦੇ ਨਾਲ ਭਾਜਪਾ ਵੀ ਸਰਕਾਰ ਵਿਚ ਭਾਈਵਾਲ ਹਨ ਤੇ ਇੱਥੇ ਵੀ ਨਸ਼ਾ ਖਤਮ ਨਹੀਂ ਕੀਤਾ ਜਾ ਸਕਿਆ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਖਾਤਮੇ ਦੀਆਂ ਗੱਲਾਂ ਕਰਨ ਦੀ ਬਜਾਏ ਇਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਹ ਕਿਹਾ ਕਿ ਨਸ਼ੇ ਤੋਂ ਕੀਤੀ ਜਾਣ ਵਾਲੀ ਕਮਾਈ ਅੱਤਵਾਦੀ ਗਤੀਵਿਧੀਆਂ ਵਿਚ ਲੱਗਦੀ ਹੈ। ਇਸ ’ਤੇ ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਨਸ਼ੇ ਦਾ ਕਾਰੋਬਾਰ ਚਲਾਉਣ ਵਾਲੇ ਕੌਣ ਲੋਕ ਹਨ ਤੇ ਇਨ੍ਹਾਂ ਵਿਅਕਤੀਆਂ ਦੇ ਨਾਂ ਜਨਤਕ ਕੀਤੇ ਜਾਣੇ ਚਾਹੀਦੇ ਹਨ। ਨਸ਼ੇ ਫੈਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸਦੇ ਨਾਲ ਚੋਣਾਂ ਵਿਚ ਵੀ ਨਸ਼ੇ ਦੇ ਫੈਲਾਅ ’ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਕਾਂਗਰਸ, ਭਾਜਪਾ ਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਖੁਦ ਚੋਣਾਂ ਵਿਚ ਨਸ਼ਿਆਂ ਦੀ ਵੰਡ ਕਰਕੇ ਹੀ ਚੋਣਾਂ ਜਿੱਤਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਬਸਪਾ ਨੇ 1 ਨਵੰਬਰ ਤੋਂ ਪੰਜਾਬ ਬਚਾਓ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸਨੂੰ ਸੂਬੇ ਦੇ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਦੀ ਸਫਲਤਾ ਤੋਂ ਘਬਰਾ ਕੇ ਹੁਣ ਭਾਜਪਾ, ਕਾਂਗਰਸ ਤੇ ਅਕਾਲੀ ਦਲ ਸੂਬੇ ਵਿਚੋਂ ਨਸ਼ੇ ਦੇ ਖਾਤਮੇ ਦੀ ਗੱਲ ਕਰਨ ਲੱਗ ਪਿਆ ਹੈ। ਜਦਕਿ ਅਕਾਲੀ ਦਲ ਤੇ ਭਾਜਪਾ ਨੇ ਆਪਣੇ 8 ਸਾਲ ਦੇ ਕਾਰਜਕਾਲ ਵਿਚ ਪਹਿਲਾਂ ਕਦੇ ਨਸ਼ੇ ਦੇ ਖਾਤਮੇ ਲਈ ਨਹੀਂ ਬੋਲੇ। ਕਾਂਗਰਸ ਨੇ ਵੀ ਆਪਣੀ ਸਰਕਾਰ ਦੌਰਾਨ ਨਸ਼ੇ ਦੇ ਖਾਤਮੇ ਦੀ ਗਮਲ ਨਹੀਂ ਕੀਤੀ।

# ਬੱਚਿਆਂ ਦੀ ਲਲਕਾਰ, ਅੱਤਵਾਦੀਆਂ ਨੂੰ ਤਬਾਹ ਕਰ ਦੇਵਾਂਗੇ

ਪੇਸ਼ਾਵਰ– ਪਾਕਿਸਤਾਨ ਦੇ ਪੇਸ਼ਾਵਰ ’ਚ ਮੰਗਲਵਾਰ ਨੂੰ ਅੱਤਵਾਦੀਆਂ ਵਲੋਂ ਆਰਮੀ ਸਕੂਲ ’ਤੇ ਕੀਤੇ ਗਏ ਹਮਲੇ ’ਚ ਤਕਰੀਬਨ 141 ਬੇਦੋਸ਼ੇ ਲੋਕਾਂ ਦੀ ਮੌਤ ਹੋਣ ਮਗਰੋਂ ਪੂਰਾ ਪਾਕਿਸਤਾਨ ਸੋਗ ਮਨਾ ਰਿਹਾ ਹੈ। ਇਸ ਘਟਨਾ ਨੇ ਪੂਰੇ ਪਾਕਿਸਤਾਨ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਇਕ ਅਜਿਹਾ ਜ਼ਖਮ ਹੈ ਜਿਸ ਨੂੰ ਪਾਕਿਸਤਾਨ ਦੇ ਲੋਕ ਕਦੇ ਭੁਲਾ ਨਹੀਂ ਸਕਦੇ। ਇਸ ਘਟਨਾ ਕਾਰਨ ਪਾਕਿਸਤਾਨ ਦੇ ਗੁਆਂਢੀ ਦੇਸ਼ ਭਾਰਤ ’ਚ ਵੀ ਸੋਗ ਮਨਾਇਆ ਗਿਆ। ਇਸ ਘਟਨਾ ਨੇ ਸਾਰਿਆਂ ਦੇ ਦਿਲਾਂ ਨੂੰ ਕੰਬਾ ਦਿੱਤਾ ਹੈ। ਹਰ ਇਕ ਦੀਆਂ ਅੱਖਾਂ ’ਚ ਹੰਝੂ ਆ ਗਏ ਹਨ।

ਤਾਲਿਬਾਨ ਅੱਤਵਾਦੀਆਂ ਨੇ ਮਾਸੂਮ ਬੱਚਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਕਈ ਮਾਵਾਂ ਤੋਂ ਉਨ੍ਹਾਂ ਦੀ ਲਾਡਲੀ ਔਲਾਦ ਨੂੰ ਖੋਹ ਲਿਆ ਹੈ। ਘਟਨਾ ’ਚ ਜ਼ਖਮੀ ਹੋਏ ਬੱਚੇ ਹਸਪਤਾਲਾਂ ’ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ।

# ਬਸਪਾ ਨੂੰ ਮਜ਼ਬੂਤ ਕਰਨ ਲਈ ਬਰਈਆ ਕਰਨਗੇ ਹਾਥੀ ਦੀ ਸਵਾਰੀ

**ਗਵਾਲੀਅਰ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲਹਿਰ ਦੇ ਕਾਰਨ ਕਈ ਪਾਰਟੀਆਂ ਆਪਣੀ ਹੋਂਦ ਦੀ ਲੜਾਈ ਲੜ ਰਹੀਆਂ ਹਨ, ਜਿਸ ਕਾਰਨ ਵੱਖ ਵੱਖ ਧੜਿਆਂ ਵਿਚ ਵੰਡੀਆਂ ਅਜਿਹੀਆਂ ਪਾਰਟੀਆਂ ਇਕ ਵਾਰ ਫਿਰ ਇਕੱਠੀਆਂ ਹੋਣ ਬਾਰੇ ਸੋਚ ਰਹੀਆਂ ਹਨ। ਜਨਤਾ ਦਲ ਦੇ ਇਕ ਹੋਣ ਤੋਂ ਬਾਅਦ ਬਸਪਾ ਵੀ ਆਪਣੇ ਲੀਡਰਾਂ ਦੀ ਘਰ ਵਾਪਸੀ ਕਰਨ ਬਾਰੇ ਸੋਚ ਰਹੀ ਹੈ, ਜਿਸ ਦੇ ਤਹਿਤ ਖਾਸ ਕਰਕੇ ਮੱਧ ਪ੍ਰਦੇਸ਼ ਵਿਚ ਬਸੰਦ ਦਾ ਬਸਪਾ ਵਿਚ ਰਲੇਵਾਂ ਹੋਣ ਜਾ ਰਿਹਾ ਹੈ।



ਮੱਧ ਪ੍ਰਦੇਸ਼ ਵਿਚ ਹਾਥੀ ਦੀ ਸਵਾਰੀ ਕਰਕੇ ਫੂਲ ਸਿੰਘ ਬਰਈਆ ਨੇ ਬਸਪਾ ਨੂੰ ਪ੍ਰਦੇਸ਼ ਵਿਚ ਤੀਜੀ ਤਾਕਤ ਦੇ ਰੂਪ ਵਿਚ ਖੜ੍ਹਾ ਕੀਤਾ ਸੀ, ਪਰ ਬਾਅਦ ਵਿਚ ਬਸਪਾ ਸੁਪਰੀਮੋ ਮਾਇਆਵਤੀ ਨਾਲ ਰੋਸੇ ਦੇ ਕਾਰਨ ਉਹਨਾਂ ਨੂੰ ਹਾਥੀ ਤੋਂ ਉਤਰਨਾ ਪਿਆ ਅਤੇ ਉਹਨਾਂ ਨੇ ਸਮਤਾ ਸਮਾਜ ਪਾਰਟੀ ਦਾ ਗਠਨ ਕਰ ਲਿਆ। ਉਸ ਤੋਂ ਬਾਅਦ ਮੱਧ ਪ੍ਰਦੇਸ਼ ਵਿਚ ਬਸਪਾ ਕਮਜ਼ੋਰ ਹੁੰਦੀ ਗਈ ਅਤੇ ਕਈ ਸੂਬਾ ਪ੍ਰਧਾਨ ਆਏ ਪਰ ਉਹ ਬਸਪਾ ਦੇ ਹਾਥੀ ਨੂੰ ਭਜਾ ਨਾ ਸਕੇ।ਸਮਤਾ ਸਮਾਜ ਪਾਰਟੀ ਜਦੋਂ ਸੂਬੇ ਵਿਚ ਆਪਣਾ ਝੰਡਾ ਨਾ ਲਹਿਰਾ ਸਕੀ ਤਾਂ ਉਹਨਾਂ ਨੇ ਇਸਦਾ ਰਲੇਵਾਂ ਲੋਕਜਨ ਸ਼ਕਤੀ ਪਾਰਟੀ ਵਿਚ ਕਰ ਲਿਆ। ਝੌਂਪੜੀ ਵੀ ਪ੍ਰਦੇਸ਼ ਵਿਚ ਆਪਣਾ ਪ੍ਰਭਾਵ ਨਾ ਛੱਡ ਸਕੀ ਅਤੇ ਉਸਤੋਂ ਬਾਅਦ ਬਰਈਆ ਨੇ ਉਸਨੂੰ ਬਾਏ ਬਾਏ ਕਹਿ ਦਿੱਤਾ। ਸਾਲ 2009 ਵਿਚ ਬਰਈਆ ਭਗਵਾਂ ਰੰਗ ਵਿਚ ਰੰਗੇ ਗਏ ਪਰ ਉਹਨਾਂ ਨੂੰ ਇਹ ਰੰਗ ਵੀ ਰਾਸ ਨਾ ਆਇਆ ਅਤੇ ਉਹਨਾਂ ਨੇ ਭਾਜਪਾ ਛੱਡ ਦਿੱਤੀ। ਇਸਤੋਂ ਬਾਅਦ ਉਹਨਾਂ ਨੇ ਬਹੁਜਨ ਸੰਘਰਸ਼ ਦਲ ਬਣਾ ਕੇ ਸੂਬੇ ਵਿਚ ਦਮ ਭਰਿਆ, ਪਰ ਇਹ ਪਾਰਟੀ ਵੀ ਬਰਈਆ ਅਤੇ ਉਹਨਾਂ ਦੇ ਸਾਥੀਆਂ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਨਾ ਚੜ੍ਹਾ ਸਕੀ। ਹਾਲਾਂਕਿ ਇਸ ਪਾਰਟੀ ਦੇ ਗਠਨ ਨੂੰ ਲੈ ਕੇ ਫੂਲ ਸਿੰਘ ਬਰਈਆ ਤੇ ਭਾਜਪਾ ਨੂੰ ਫਾਇਦਾ ਪਹੁੰਚਾਉਣ ਅਤੇ ਬਸਪਾ ਦੀਆਂ ਜੜ੍ਹਾਂ ਕਮਜ਼ੋਰ ਕਰਨ ਦੇ ਦੋਸ਼ ਵੀ ਲੱਗੇ।

ਪਾਰਟੀ ਸੂਤਰਾਂ ਮੁਤਾਬਕ ਉਤਰ ਪ੍ਰਦੇਸ਼ ਸਮੇਤ ਸਾਰੇ ਮੁਲਕ ਵਿਚ ਹੰਭਦੇ ਹਾਥੀ ਨੂੰ ਇਕ ਵਾਰ ਫਿਰ ਭਜਾਉਣ ਦੇ ਲਈ ਪਾਰਟੀ ਆਪਣੇ ਪੁਰਾਣੇ ਲੀਡਰਾਂ ਦੀ ਵਾਪਸੀ ਕਰਨ ਜਾ ਰਹੀ ਹੈ। ਇਹ ਵਾਪਸੀ ਬਸਪਾ ਸੁਪਰੀਮੋ ਮਾਇਆਵਤੀ ਦੇ ਜਨਮ ਦਿਨ 15 ਜਨਵਰੀ ਨੂੰ ਲਖਨਊ ਵਿਚ ਹੋਣ ਜਾ ਰਹੇ ਪ੍ਰੋਗਰਾਮ ਵਿਚ ਤਹਿ ਮੰਨੀ ਜਾ ਰਹੀ ਹੈ, ਜਿਸਦੇ ਤਹਿਤ ਮੱਧ ਪ੍ਰਦੇਸ਼ ਵਿਚ ਇਕ ਵਾਰ ਫਿਰ ਬਸਪਾ ਨੂੰ ਦੂਜੀ ਅਤੇ ਤੀਜੀ ਤਾਕਤ ਦੇ ਰੂਪ ਵਿਚ ਸਥਾਪਤ ਕਰਨ ਲਈ ਬਸਪਾ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਫੂਲ ਸਿੰਘ ਬਰਈਆ ਦੀ ਘਰ ਵਾਪਸੀ ਹੋਣ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਬਰਈਆ ਦੇ ਰਲੇਵੇਂ ਤੋਂ ਬਾਅਦ ਬਸਪਾ ਪ੍ਰਦੇਸ਼ ਦੀ ਕਮਾਨ ਫੂਲ ਸਿੰਘ ਦੇ ਹੱਥਾਂ ਵਿਚ ਦਿੱਤੀ ਜਾਵੇਗੀ।

# ਸਾਹਿਬਜ਼ਾਦਿਆਂ ਦੇ ਸ਼ਹੀਦੀ-ਪੁਰਬ ਵਿਸ਼ੇਸ਼

**ਉਪਿੰਦਰ ਸਿੰਘ**
**ਸ਼੍ਰੀ ਗੁਰੂ ਰਵਿਦਾਸ ਸਭਾ, ਮੈਲਬਰਨ**

ਉਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥
ਜਲਿ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥1॥"(ਸਿਰੀ ਰਾਗੁ ਮਹਲਾ 1-59)

ਪ੍ਰੀਤਿ ਕਰਨੀ ਕਿਵੇਂ ਹੈ? ਕਿਹੋ ਜਿਹੀ ਕਰਨੀ ਹੈ? ਜਿਹੋ-ਜਿਹੀ ਕਮਲ ਦੀ ਜਲ ਨਾਲ਼ ਹੁੰਦੀ ਹੈ। ਕਮਲ ਜਲ ਵਿੱਚ ਪੈਦਾ ਹੁੰਦਾ ਹੈ। ਜਲ ਵਿੱਚ ਹੀ ਮਰ ਜਾਂਦਾ ਹੈ। ਕਮਲ ਦਾ ਸਾਰਾ ਜੀਵਨ ਜਲ ਵਿੱਚ ਹੀ ਹੈ। ਬਾਹਰ ਨਿਕ਼ਲਦੀ ਸਾਰ ਕੁਮਲਾ ਜਾਂਦਾ ਹੈ। ਅਨੇਕਾਂ ਲਹਿਰਾਂ ਆਉਂਦੀਆਂ ਹਨ, ਕਮਲ ਨੂੰ ਪਛਾੜਦੀਆਂ ਹਨ ਪਰ ਉਹ ਲਹਿਰਾਂ ਆਉਣ ਤੇ ਵੀ ਜਲ ਤੋਂ ਅੱਡ ਨਹੀਂ ਹੁੰਦਾ। ਮਨ ਅੰਦਰ ਵੀ ਅਨੇਕਾਂ ਲਹਿਰਾਂ ਪੈਦਾ ਹੁੰਦੀਆਂ ਹਨ। ਇਹ ਵੀ ਮਨ ਨੂੰ ਪਛਾੜਦੀਆਂ ਹਨ, ਦੁਖੀ ਕਰਦੀਆਂ ਹਨ। ਜੇ ਪਾਣੀ ਟਿਕਿਆ ਹੋਵੇ, ਲਹਿਰਾਂ ਨਾ ਹੋਣ ਤਾਂ ਕਮਲ ਦਾ ਫੁੱਲ ਸੁੱਖੀ ਰਹਿੰਦਾ ਹੈ। ਉਵੇਂ ਜੇ ਮਨ ਅੰਦਰ ਵੀ ਇੱਛਾਵਾਂ ਦੀਆਂ ਲਹਿਰਾਂ ਨਾ ਪੈਦਾ ਹੋਣ ਤਾਂ ਇਹ ਵੀ ਕਮਲ ਦੀ ਤਰ੍ਹਾਂ ਸੁੱਖੀ ਰਹੇਗਾਤੇਖੈਰ। ਲਹਿਰਾਂ ਕਮਲ ਦੀ ਮੱਤ ਮਾਰ ਦਿੰਦੀਆਂ ਹਨ। ਲਹਿਰਾਂ ਵਿੱਚ ਕਮਲ ਬਚਿਆ ਤਾਂ ਰਹਿੰਦਾ ਹੈ ਪਰ ਜੀਵਨ ਬਦਤਰ ਬਣ ਜਾਂਦਾ ਹੈ। ਫਿਰ ਵੀ ਕਮਲ ਨੂੰ ਜੀਵਨ ਪਾਣੀ ਤੋਂ ਹੀ ਮਿ਼ਲਦਾ ਹੈ। ਉਹ ਖੁਸ਼ ਰਹਿੰਦਾ ਹੈ। ਜੇ ਕਮਲ ਨੂੰ ਪਾਣੀ ਤੋਂ ਬਾਹਰ ਕੱਢ ਦਈਏ, ਉਹ ਜ਼ਿਆਦਾ ਵਿਛੋੜਾ ਨਹੀਂ ਸਹਿਨ ਕਰ ਪਾਉਂਦਾ। ਇਕ ਲਹਿਰ ਅੰਦਰੋਂ ਉਠਦੀ ਹੈ, ਇੱਕ ਬਾਹਰੋਂ। ਭਗਤ ਤੇ ਭੀੜ ਪੈਂਦੀ ਹੈ, ਇਹ ਬਾਹਰੋਂ ਪੈਦਾ ਹੋਣ ਵਾ਼ਲੀ ਲਹਿਰ ਹੈ। ਆਖਦੀ ਹੈ ਸੱਚ ਦਾ ਮਾਰਗ ਛੱਡ ਦੇ। ਸੱਚ ਤੋਂ ਪਛਾੜਨ ਲਈ ਸੱਚ ਦੇ ਮਾਰਗ ਲਹਿਰਾਂ ਪੈਂਦਾ ਹੋਈਆਂ। ਦੁੱਖ ਤਕਲੀਫਾਂ ਆਈਆਂ। ਕਮਲ ਦੀ ਜਲ ਨਾ਼ਲ ਪ੍ਰੀਤ ਹੈ, ਉਸਨੂੰ ਦੁੱਖ ਤਕਲੀਫਾਂ ਦਿੱਤੀਆਂ ਜਾਂਦੀਆਂ ਹਨ ਕਿ ਉਹ ਪਾਣੀ ਤੋਂ ਬਾਹਰ ਹੋ ਜਾਵੇ। ਪਰ ਕਮਲ ਪਾਣੀ ਤੋਂ ਬਾਹਰ ਨਹੀਂ ਜਾਂਦਾ। ਹਰਿ ਕੇ ਭਗਤ ਦੀ ਤਰ੍ਹਾਂ। ਕਮਲ ਲਹਿਰ ਦੇ ਥਪੇੜੇ ਤਾਂ ਔਖੇ-ਸੌਖੇ ਝੱਲ ਲੈਂਦਾ ਹੈ, ਪਾਣੀ ਤੋਂ ਬਾਹਰ ਜਾਣ ਲਈ ਨਹੀਂ ਮੰਨਦਾ। ਉਵੇਂ ਹਰਿ ਕਾ ਭਗਤ ਹੈ। ਹਰਿ ਨਾ਼ਲ ਪ੍ਰੇਮ ਨਹੀਂ ਛੱਡਦਾ। ਇਸ ਤੋਂ ਬਾਹਰ ਨਹੀਂ ਜਾਂਦਾ। ਦੁੱਖ ਦੀ ਕੋਈ ਗੱਲ ਨਹੀਂ ਪਰ ਜੀਵਨ ਤਾਂ ਹੈ। ਕਮਲ ਦੀ ਜ਼ਿੰਦਗੀ ਨੂੰ ਕੋਈ ਖਤਰਾ ਨਹੀਂ ਜੇ ਉਹ ਪਾਣੀ ਨਾ਼ਲ ਜੁੜਿਆ ਹੋਇਆ ਹੈ। ਕਮਲ ਦਾ ਮੂਲ ਪਾਣੀ ਹੈ, ਉਵੇਂ ਭਗਤ ਦਾ ਮੂਲ ਹਰਿ। ਜਲ ਤੋਂ ਬਿਨਾ ਕਮਲ ਦੀ, ਹਰਿ ਤੋਂ ਬਿਨਾ ਭਗਤ ਦੀ ਜ਼ਿੰਦਗੀ ਨਹੀਂ, ਦੋਵੇਂ ਮਰ ਜਾਣਗੇ। ਜੀਵਨ ਨੂੰ ਕੋਈ ਖਤਰਾ ਨਹੀਂ ਜੇ ਮੂਲ ਨਾ਼ਲ ਜੁੜੇ ਹੋਈਏ। ਜੇ ਮੂਲ ਨੂੰ ਛੱਡ ਦਿੱਤਾ ਤਾਂ ਮਰ ਜਾਏਗਾ, ਕਮਲ ਅਤੇ ਭਗਤ ਤੋਂ ਇਲਾਵਾ ਇਸ ਸਚਾਈ ਨੂੰ ਕੋਈ ਨਹੀਂ ਮੰਨਦਾ। ਲਹਿਰਾਂ, ਦੁੱਖ, ਤਕਲੀਫਾਂ ਹਨ ਪਰ ਜੇ ਦੁੱਖ ਨੂੰ ਦੁੱਖ ਮੰਨੇ ਹੀ ਨਾ, ਉਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥1॥ਰਹਾਉ॥ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥1॥"(ਸੋਰਠਿ ਮਹਲਾ 9-633) ਦੁੱਖ-ਭੁੱਖ ਸਭ ਨੂੰ ਹੁੰਦੀ ਹੈ ਪਰ ਉਹ(ਭਗਤ ਤੇ ਕਮਲ ਆਦਿ) ਸਮ ਕਰ ਸਹਾਰ ਲੈਂਦਾ ਹੈ। ਉਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥"(ਜਪੁਜੀ ਸਾਹਿਬ-5)। ਮਾਲਕ ਦੇ ਦਿੱਤੇ ਦੁੱਖ-ਭੁੱਖ ਨੂੰ ਖਿੜੇ ਮੱਥੇ ਝੋ਼ਲੀ ਪੁਆ ਲੈਂਦਾ ਹੈ। ਕਮਲ ਲਹਿਰਾਂ ਨੂੰ ਦੁੱਖ ਕਰਕੇ ਕਦੀ ਮੰਨਦਾ ਹੀ ਨਹੀਂ। ਮਨਮੁੱਖ ਦੁੱਖ ਨੂੰ ਦੁੱਖ ਮੰਨਦਾ ਹੈ ਪਰ ਭਗਤ ਤਾਂ ਦਾਤ ਕਹਿੰਦਾ ਹੈ। ਪਾਣੀ ਦੀ ਆਦਤ ਹੈ, ਉਸ ਅੰਦਰ ਲਹਿਰਾਂ ਪੈਦਾ ਹੁੰਦੀਆਂ ਹੀ ਹਨ। ਲੋਕਾਂ ਅੰਦਰ ਵੀ ਪੈਦਾ ਹੋਈਆਂ ਲੋਭ-ਹੰਕਾਰ ਆਦਿ ਦੀਆਂ ਲਹਿਰਾਂ ਭਗਤਾਂ ਨੂੰ ਦੁੱਖ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਪੱਥਰ ਤੇ ਸੋਟੀ ਮਾਰਿਆਂ ਆਪਣੇ ਹੱਥ ਤੇ ਵੀ ਚੋਟ ਲੱਗੇਗੀ। ਉਵੇਂ ਹੰਕਾਰ ਤੇ ਸੱਟ ਮਾਰਿਆਂ ਉਸ ਵਿਚ ਪ੍ਰਤੀਰੋਧ ਪੈਦਾ ਹੁੰਦਾ ਹੈ। ਜਦੋਂ ਭਗਤ ਹੰਕਾਰੀ ਲੋਕਾਂ ਦੇ ਲੋਭ ਵਿੱਚ ਰੋੜਾ ਅਤੇ ਹੰਕਾਰ ਤੇ ਚੋਟ ਮਾਰਦੇ ਨੇ ਤਾਂ ਉਹ ਪਲਟ ਭਗਤ 'ਤੇ ਵਾਰ ਕਰਦੇ ਹਨ। ਝੂਠੇ ਸੱਚ ਤੇ ਸ਼ੁਰੂ ਤੋਂ ਚੋਟ ਕਰਦੇ ਆਏ ਹੀ ਹਨ, ਹੁਣ ਵੀ ਕਰ ਰਹੇ ਹਨ। ਪਰ ਉਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨਾ ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ, ਪੈਰ ਤਿਨਾ ਦੇ ਚੁੰਮਿ॥7॥"

(ਸਲੋਕ ਸ਼ੇਖ ਫਰੀਦ ਜੀ-1378)

ਭਗਤ ਨੂੰ ਹਦਾਇਤ ਹੈ ਕਿ ਤੂੰ ਉਹਨਾਂ ਹੰਕਾਰੀ ਲੋਕਾਂ ਦੇ ਉਹਨਾਂ ਵਰਗੀ ਚੋਟ ਨਾ ਮਾਰੀਂ। ਸੱਚ ਦਾ ਹੀ ਪੱਖ ਪੂਰੀਂ। ਹੱਕ ਇਨਸਾਫ ਦੀ ਗੱਲ ਕਰੀਂ। ਲਹਿਰਾਂ ਕਮਲ ਨੂੰ ਪਛਾੜਨ ਦੀ ਕਰਦੀਆਂ ਹਨ। ਇੱਕ ਲਹਿਰ ਉਸ ਨੂੰ ਅੰਦਰ ਨੂੰ ਧੱਕਦੀ ਹੈ ਅਤੇ ਦੂਜੀ ਬਾਹਰ ਨੂੰ। ਕੰਢੇ ਵਾ਼ਲੇ ਨੂੰ ਅੰਦਰ ਤੇ ਅੰਦਰ ਵਾ਼ਲੇ ਨੂੰ ਕੰਢੇ ਲੈ ਆਉਂਦੀ ਹੈ। ਇਕੋ ਲਹਿਰ ਪਰ ਕੰਮ ਦੋ। ਲਹਿਰ (ਦੁੱਖ) ਕਮਲ (ਭਗਤ) ਨੂੰ ਕਦੇ ਨਹੀਂ ਆਖਦੀ ਕਿ ਤੂੰ ਪਾਣੀ(ਹਰਿ ਜੀ-ਉਮਨ ਹਰਿ ਹੀ ਤੇਰੈ ਨਾ਼ਲਿ ਹੈ") ਤੋਂ ਬਾਹਰ ਹੋ ਜਾਂ ਨਾ। ਕਮਲ (ਭਗਤ) ਪਾਣੀ (ਹਰਿ ਜੀ) ਤੋਂ ਵੱਖ ਹੋ ਜਾਵੇ ਤਾਂ ਉਥੇ ਲਹਿਰ (ਦੁੱਖ) ਨਹੀਂ। ਪਾਣੀ ਵਿੱਚ ਰਹੇਗਾ ਤਾਂ ਉਥੇ ਲਹਿਰਾਂ ਦੀਆਂ ਸੱਟਾਂ ਖਾਣੀਆਂ ਹੀ ਪੈਣਗੀਆਂ। ਪਰ ਕਮਲ (ਭਗਤ) ਨੂੰ ਲਹਿਰਾਂ (ਦੁੱਖਾਂ) ਦੇ ਜਿੰਨੇ ਮਰਜ਼ੀ ਥੱਪੜ ਪੈਣ, ਉਹ ਪਾਣੀ (ਹਰਿ ਜੀ) ਅੰਦਰ ਖੁਸ਼ ਹੈ। ਖਿੜਿਆ ਹੋਇਆ ਹੈ। ਪਾਣੀ ਨਾ਼ਲ ਜਿੰਨਾ ਚਿਰ ਨੇਹ ਹੈ, ਤਕਲੀਫ ਝੱਲ ਕੇ ਵੀ ਖੁਸ਼ ਹੈ। ਕਮਲ, ਮੱਛੀ ਜਿਸ ਪਾਣੀ ਵਿੱਚ ਪੈਦਾ ਹੋਈ ਉਥੇ ਜੁੜੀ ਰਹੇ ਸੁੱਖੀ ਹੈ। ਉਵੇਂ ਮਨ ਆਪਣੇ ਮੂਲ ਹਰਿ ਜੀ ਜਿਥੋਂ ਤੂੰ ਪੈਦਾ ਹੋਇਆ, ਉਹ ਤੇਰੇ ਨਾ਼ਲ ਹੀ ਹੈ, ਉਥੇ ਜੁੜਿਆਂ ਹੀ ਤੂੰ ਸੁੱਖੀ ਰਹਿ ਸਕਦਾ ਹੈ। ਉਸ ਦੁਆਰਾ ਦਿੱਤੇ ਦੁੱਖ-ਭੁੱਖ ਨੂੰ ਦਾਤ ਮੰਨਣਾ, ਕੀਆ ਭਾਣਾ ਮਿੱਠਾ ਮੰਨਣਾ, ਹੁਕਮ ਵਿੱਚ ਆਉਣਾ ਆਦਿ ਹੀ ਉਸ ਨਾ਼ਲ ਜੁੜੇ ਰਹਿਣਾ ਹੈ। ਮਨ ਉਸ ਹਰਿ ਜੀ ਨੂੰ ਭੁੱਲਣ ਤੇ ਕੀ ਹੋਊ,ਉਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥" (ਮਲਾਰ ਮਹਲਾ 4-1263), ਮਨ ਦਾ ਵੀ ਹਰਿ ਨੂੰ ਭੁੱਲਣ 'ਤੇ ਉਹੀ ਹਾਲ ਹੋਊ ਜੋ ਜਲ ਨੂੰ ਛੱਡ ਕੇ ਬਾਹਰ ਆਏ ਕਮਲ ਤੇ ਮੀਨ ਦਾ ਹੋਊ। ਚੌਥੇ ਪਾਤਸ਼ਾਹ ਜੀ ਹੀ ਆਖ ਰਹੇ ਹਨ ਕਿ ਜਿਨ੍ਹਾਂ ਨੇ ਇਹ ਪ੍ਰੀਤ ਲਾਈ ਉਹ ਹੀ ਇਸ ਨੂੰ ਜਾਣ ਸਕਦੇ ਨੇ ਜਾਂ ਉਹ ਜਾਣ ਸਕਦੇ ਨੇ ਜਿਨ੍ਹਾਂ ਨੇ ਇਹ ਪ੍ਰਤਿ ਮੰਨ ਅੰਦਰ ਪੱਕੀ ਧਰ (ਕਰ, ਬਣਾ) ਲਈ "ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ॥ ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ॥"(ਮਲਾਰ ਮਹਲਾ 4-1263)। ਪਰ ਮਨਮੁੱਖ ਦੀ ਪ੍ਰੀਤ ਤਾਂ ਕੱਛੂਕੋਮੇ ਦੀ ਤਰ੍ਹਾਂ ਹੁੰਦੀ ਹੈ। ਉਹ ਇਸ ਪ੍ਰਤਿ ਨੂੰ ਕੀ ਜਾਣੇ? ਪਹਿਲੇ ਪਾਤਸ਼ਾਹ ਸਿਰੀ ਰਾਗ ਅੰਦਰ ਅੰਕ



59 ਤੇ ਕਮਲ ਦੀ ਪਾਣੀ ਨਾ਼ਲ ਪ੍ਰੀਤ ਸਮੇਤ ਕੁਝ ਉਦਾਹਰਨਾਂ ਹੋਰ ਦਿੰਦੇ ਹਨ।

ਉਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ
ਮਨਿ ਤਨਿ ਸਾਂਤਿ ਸਰੀਰ॥ ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥2॥"(ਸਿਰੀ ਰਾਗੁ ਮਹਲਾ 1-59)

ਕਮਲ ਜਲ ਵਿੱਚ ਪੈਦਾ ਹੋਇਆ, ਮੱਛੀ ਜਲ ਵਿੱਚ ਪੈਦਾ ਹੋਈ, ਦੋਹਾਂ ਦੀ ਜਲ ਨਾ਼ਲ ਪ੍ਰੀਤ ਪਰ ਕੱਛੂ ਦੀ ਨਹੀਂ ਨਾ ਹੀ ਪਾਣੀ ਵਿੱਚ ਪੈਦਾ ਹੋਇਆ। ਇਸੇ ਕਰਕੇ ਇਹ ਪਾਣੀ ਛੱਡ ਕੇ ਬਾਹਰ ਵੀ ਆ ਜਾਂਦਾ ਹੈ। ਇਹ ਜਲ ਤੋਂ ਵਗੈਰ ਵੀ ਜਿਉਂਦਾ ਹੈ, ਪ੍ਰੀਤ ਉਹੋ ਜਿਹੀ ਨਹੀਂ ਹੈ। ਮੱਛੀ ਤੇ ਕਮਲ ਦੀ ਪ੍ਰੀਤ ਇਕੋ ਜਿਹੀ ਹੈ ਪਰ ਇਸ ਕੱਛੂ ਨੇ ਉਹੋ ਜਿਹੀ ਪ੍ਰੀਤ ਨਹੀਂ ਰੱਖੀ। ਪਾਣੀ ਵੱਧਣ ਤੇ ਮੱਛੀ ਦਾ ਸੁੱਖ ਘਣਾ(ਵੱਧਦਾ) ਹੁੰਦਾ ਹੈ। ਉਸ ਵਿੱਚ ਡੁੱਬਣ ਦਾ ਡਰ ਨਹੀਂ ਹੁੰਦਾ ਬਲਕਿ ਜ਼ਿਆਦਾ ਪਾਣੀ ਵਿੱਚ ਜ਼ਿਆਦਾ ਭੋਜਨ ਦਾ ਸੁੱਖ ਉਸ ਨੂੰ ਮਿ਼ਲਦਾ ਹੈ। ਜਿੰਨਾਂ ਪਾਣੀ ਜ਼ਿਆਦਾ ਹੁੰਦਾ ਹੈ, ਉਨਾਂ ਮੱਛੀ ਦੂਰ ਤੱਕ ਘੁੰਮ ਆਉਂਦੀ। ਛੱਪੜੀ ਵਿੱਚ ਤਾਂ ਮੱਛੀ ਲਈ ਦਾਇਰਾ ਸੀਮਤ ਹੈ। ਪਰ ਝੀਲ, ਦਰਿਆ ਹੈ ਤਾਂ ਦਾਇਰਾ ਉਨਾਂ ਵੱਡਾ। ਖੁਲੀ ਜਗ੍ਹਾ ਰੁਕਾਵਟ ਨਹੀਂ ਆਉਂਦੀ। ਥੋੜਾ ਪਾਣੀ ਤਾਂ ਗਰਮੀਆਂ-ਸਰਦੀਆਂ ਵਿੱਚ ਜਲਦੀ ਗਰਮ-ਸਰਦ ਹੋ ਜਾਂਦਾ ਹੈ। ਜ਼ਿਆਦਾ ਪਾਣੀ ਉਤੋਂ ਗਰਮ-ਸਰਦ ਹੋ ਵੀ ਗਿਆ ਪਰ ਥੱਲੋਂ ਤਾਂ ਅਨਕੂਲ ਰਹਿੰਦਾ ਹੈ। ਮੱਛੀ ਸ਼ਾਂਤ ਰਹਿੰਦੀ ਹੈ। ਮੱਛੀ ਨੂੰ ਡਰ ਹੈ ਕਿ ਪਾਣੀ ਕਿਤੇ ਮੁੱਕ ਨਾ ਜਾਵੇ। ਜ਼ਿਆਦਾ ਪਾਣੀ ਤੇ ਮੱਛੀ ਸ਼ਾਤੀ, ਟਿਕਾ, ਸੁੱਖ ਪ੍ਰਾਪਤ ਕਰਦੀ ਹੈ, ਉਸ ਦਾ ਭਰੋਸਾ ਬੱਝਦਾ(ਮਜ਼ਬੂਤ) ਹੁੰਦਾ ਹੈ ਕਿ ਹੁਣ ਉਹ ਮਰਦੀ ਨਹੀਂ। ਪ੍ਰਭੁ ਉਸ ਦੇ ਅਭ(ਹਿਰਦੇ) ਦੀ ਪੀਰ ਜਾਣਦਾ ਹੈ।

ਉਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥3॥"(ਸਿਰੀ ਰਾਗੁ ਮਹਲਾ 1-59)

ਉਵੇਂ ਪ੍ਰੀਤ ਕਰ ਜਿਵੇਂ ਬਬੀਹੇ ਦੀ ਮੀਂਹ ਨਾ਼ਲ ਹੁੰਦੀ ਹੈ। ਭਾਵੇਂ ਸਰੋਵਰ, ਤਲਾਅ, ਨਦੀਆਂ, ਨਾ਼ਲੇ ਭਰੇ ਪਏ ਹੋਣ ਪਰ ਬਿਨਾ ਮੇਘ (ਮੀਂਹ) ਤੋਂ ਉਸ ਨੂੰ ਇੱਕ ਬੂੰਦ ਤੱਕ ਵੀ ਪ੍ਰਾਪਤ ਨਹੀਂ ਹੁੰਦੀ। ਮੀਂਹ ਦੌਰਾਨ ਜਦੋਂ ਮੂੰਹ ਉਤੇ ਨੂੰ ਚੁੱਕਦਾ ਹੈ, ਜਿਸ ਤਰਫੋਂ ਬੂੰਦ ਆਉਂਦੀ ਹੈ ਤਾਂ ਉਹ ਬੂੰਦ ਉਸ ਦੇ ਮੂੰਹ ਵਿੱਚ ਪੈ ਕੇ ਉਸ ਦੀ ਪਿਆਸ ਬੁਝਾਉਂਦੀ ਹੈ। ਉਹ ਕਾਂ ਆਦਿ ਹੋਰ ਪੰਛੀਆਂ ਦੀ ਤਰ੍ਹਾਂ ਥੱਲਿਉਂ ਪਾਣੀ ਨੂੰ ਪੀ ਜਾਂ ਖਿੱਚ ਨਹੀਂ ਸਕਦਾ। ਸਿਰਫ ਉਤੋਂ ਡਿੱਗ ਰਹੀ ਬੂੰਦ ਮੂੰਹ ਵਿੱਚ ਡਿੱਗਦੀ ਹੈ ਤਾਂ ਪਿਆਸ ਬੁੱਝਦੀ ਹੈ। ਇਸ ਲਈ ਬਿਨਾ ਮੀਂਹ ਤੋਂ ਪਿਆਸ ਪੂਰੀ ਨਹੀਂ ਹੁੰਦੀ। ਕਈ ਆਖਦੇ ਹਨ ਕਿ ਬਬੀਹੇ ਦੇ ਗ਼ਲੇ ਵਿੱਚ ਛੇਕ ਹੁੰਦਾ ਹੈ। ਜਿੰਨਾ ਪਾਣੀ ਉਹ ਥੱਲਿਉਂ ਪੀਂਦਾ ਹੈ, ਉਹ ਪੇਟ ਵਿੱਚ ਜਾਣ ਦੀ ਜਗ੍ਹਾ ਸਭ ਉਸ ਛੇਕ ਰਾਂਹੀਂ ਨਾ਼ਲ ਦੀ ਨਾ਼ਲ ਬਾਹਰ ਨਿਕ਼ਲ ਜਾਂਦਾ ਹੈ। ਉਹ ਪਿਆਸੇ ਦਾ ਪਿਆਸਾ ਰਹਿ ਜਾਂਦਾ ਹੈ। ਉਸ ਕੋ਼ਲ ਪਿਆਸ ਬੁਝਾਉਣ ਦਾ ਹੋਰ ਕੋਈ ਤਰੀਕਾ ਨਹੀਂ। ਸਿਰਫ ਮੀਂਹ ਦੀਆਂ ਬੂੰਦਾਂ ਤੇ ਹੀ ਨਿਰਭਰ ਹੈ। ਚਾਹੇ ਸਰੋਵਰ ਭਰੇ ਪਏ ਹੋਣ, ਬਾਰਸ਼ ਹੋ ਚੁੱਕੀ ਹੈ ਪਰ ਉਸ ਨੂੰ ਨਵੀਂ ਵਰਖਾ ਦੇ ਪਾਣੀ ਨਾ਼ਲ ਹੀ ਮੱਤਲਬ ਹੈ। ਹੋ ਚੁੱਕੀ ਵਰਖਾ ਦੇ ਪਾਣੀ ਨਾ਼ਲ ਉਸ ਨੂੰ ਕੋਈ ਮੱਤਲਬ ਨਹੀਂ। ਹੋਰ ਮੀਂਹ ਪਵੇਗਾ ਤਾਂ ਉਸ ਨੂੰ ਪਾਣੀ ਮਿ਼ਲੇਗਾ, ਪਿਆਸ ਬੁੱਝੇਗੀ। ਹੋ ਚੁੱਕੀ ਦਾ ਤਾਂ ਸਰੋਵਰ ਬਣ ਗਿਆ। ਰੋਜ਼ ਪਿਆਸ ਲੱਗਦੀ ਹੈ, ਬਬੀਹਾ ਰੋਜ਼ ਨਵੀਂ ਵੱਰਖਾ ਚਾਹੁੰਦਾ ਹੈ। ਉਹ ਤਾਂ ਚਾਹੁੰਦਾ ਹੈ ਕਿ ਹਮੇਸ਼ਾਂ ਬਾਰਸ਼ ਹੁੰਦੀ ਹੀ ਰਹੇ, ਤੇ ਜਦੋਂ ਲੋੜ ਹੋਵੇ ਪਾਣੀ ਪੀ ਸਕੇ। ਬਾਰਸ਼ ਉਸ ਨੂੰ ਦੁੱਖੀ ਨਹੀਂ ਕਰਦੀ। ਉਹ ਹੋਰ ਜੀਵ-ਜੰਤੂਆਂ ਦੀ ਤਰ੍ਹਾਂ ਪਾਣੀ ਇਕੱਠਾ ਨਹੀਂ ਕਰ ਕੇ ਰੱਖ ਸਕਦਾ। ਚਾਹੁੰਦਾ ਹੈ ਬਾਰਸ਼ ਸਦਾ ਹੁੰਦੀ ਹੀ ਰਹੇ। ਇਹ ਵੀ ਹੋ ਸਕਦਾ ਹੈ ਕਿ ਬਾਰਸ਼ ਹੋਵੇ ਪਰ ਉਸ ਦੇ ਮੂੰਹ ਵਿੱਚ ਇੱਕ ਵੀ ਬੂੰਦ ਨਾ ਪਵੇ। ਉਸ ਦੇ ਮੂੰਹ ਵਿੱਚ ਵੀ ਵੱਰਖਾ ਦੀ ਬੂੰਦ ਨਾ਼ਲ ਦੀ ਨਾ਼ਲ ਪੈਣੀ ਚਾਹੀਦੀ ਹੈ। ਤੇਜੀ ਨਾ਼ਲ ਡਿੱਗਣ ਵਾ਼ਲੀ ਕਣੀ ਤਾਂ ਉਸ ਦੇ ਮੂੰਹ ਵਿੱਚ ਨਹੀਂ ਪਵੇਗੀ। ਗੂੜੀ ਛਹਿਬਰ ਵੇਲੇ ਹੀ ਕੋਈ ਬੂੰਦ ਉਸ ਦੇ ਮੂੰਹ ਵਿਚ ਪੈ ਸਕਦੀ ਹੈ,ਉਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ॥ ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ॥" (ਸਲੋਕ ਮ: 3-1284)। ਗੂੜੀ ਛਹਿਬਰ ਲੱਗਣ ਤੇ ਹੀ ਕੋਈ ਬੂੰਦ ਉਸ ਦੇ ਮੂੰਹ ਪੈ ਸਕਦੀ ਹੈ। ਇੱਕ ਬੂੰਦ ਇਥੇ ਡਿੱਗ ਪਈ , ਇੱਕ ਉਥੇ ਡਿੱਗ ਪਈ ਨਾ਼ਲ ਉਸ ਨੂੰ ਕੋਈ ਫਾਇਦਾ ਨਹੀਂ। ਤਾਂ ਬਬੀਹਾ ਚਾਹੁੰਦਾ ਹੈ ਕਿ ਮੀਂਹ ਸੰਘਣਾ ਹੋ ਕੇ ਪਵੇ। ਉਸ ਨੂੰ ਤਾਂ ਉਹ ਬੂੰਦ ਹੀ ਚਾਹੀਦੀ ਹੈ, ਜਿਹੜੀ ਉਸ ਦੇ ਮੂੰਹ ਵਿੱਚ ਪੈ ਜਾਵੇ। ਇੱਧਰ-ਉਧਰ ਡਿੱਗ ਰਹੀ ਬਾਰਸ਼ ਨਾ਼ਲ ਵੀ ਉਸ ਨੂੰ ਕੋਈ ਪੱਤਲਬ ਨਹੀਂ। ਤਾਂ ਇਥੇ ਪਹਿਲੇ ਪਾਤਸ਼ਾਹ ਕਹਿ ਰਹੇ ਹਨ,ਉਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥3॥" ਮਾਲਕ ਦੀ ਕਿਰਪਾ ਨਾ਼ਲ ਉਸ ਨੂੰ ਬੂੰਦ ਪ੍ਰਾਪਤ ਹੁੰਦੀ ਹੈ। ਉਹ ਵੱਰਖਾ ਦੀ ਬੂੰਦ ਉਸ ਨੂੰ ਐਵੈਂ ਪ੍ਰਾਪਤ ਨਹੀਂ ਹੋ ਜਾਂਦੀ, ਉਸ ਬੂੰਦ ਦੀ ਕੀਮਤ ਬਦਲੇ ਉਹ ਆਪਣਾ ਸਿਰ ਦਿੰਦਾ ਹੈ। ਕਿਉਂਕਿ ਉਸ ਨੂੰ ਪਤਾ ਹੈ ਕਿ ਜਿਸ ਬੂੰਦ ਨੇ ਉਸ ਨੂੰ ਜੀਵਨ ਦੇਣਾ ਹੈ, ਉਸ ਦੀ ਕੀਮਤ ਇਸ ਤੋਂ ਘੱਟ ਨਹੀਂ। ਸਿਰ ਦੇ ਕੇ ਬੂੰਦ ਮੰਗਦਾ ਅਤੇ ਉਹ ਬੂੰਦ ਮਿ਼ਲ ਵੀ ਜਾਂਦੀ ਹੈ।

ਉਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈਦੇਇ॥4॥"

(ਸਿਰੀ ਰਾਗੁ ਮਹਲਾ 1-59)

ਐਸੀ ਪ੍ਰੀਤ ਕਰ ਮਨ ਮੇਰੇ, ਜਿਹੋ-ਜਿਹੀ ਜਲ ਤੇ ਦੁੱਧ ਦੀ ਹੁੰਦੀ ਹੈ। ਦੁੱਧ ਨੇ ਪਾਣੀ ਨੂੰ ਆਪਣੇ ਵਿੱਚ ਮਿ਼ਲਾਕੇ ਆਪਣਾ ਹੀ ਰੰਗ, ਰੂਪ, ਕੀਮਤ ਦੇ ਦਿੱਤੀ। ਪਰ ਜਦੋਂ ਦੁੱਧ ਨੂੰ ਸੇਕ ਦਿੱਤਾ ਜਾਂਦਾ ਹੈ ਤਾਂ ਦੁੱਧ ਨਹੀਂ ਪਹਿਲਾਂ ਪਾਣੀ ਸੜਦਾ ਹੈ। ਪਾਣੀ ਦੁੱਧ ਨੂੰ ਕਹਿੰਦਾ ਹੈ ਕਿ ਤੂੰ ਮੈਨੂੰ ਆਪਣਾ ਰੰਗ, ਰੂਪ, ਕੀਮਤ ਦਿੱਤੀ ਹੈ। ਹੁਣ ਪਹਿਲਾਂ ਮੈਂ ਖਪਾਗਾਂ। ਸਿਰ ਦੇਣ ਦਾ ਮੱਤਲਬ ਹੀ ਇਹੀ ਸੀ। ਗੁਰੂ ਸਿਰ ਤਾਂ ਹੀ ਮੰਗਦਾ ਹੈ। ਜਿਸ ਨੇ ਮੱਥੇ ਛੱਤਰ ਧਰਿਆ, ਉਸ ਦੇ ਨਾਂ ਤੇ ਸ਼ਹੀਦ ਹੋਣਾ ਪਿਆ। ਕਿਉਂਕਿ ਉਸ ਨੇ ਆਪਣੇ ਵਰਗਾ ਬਣਾਇਆ। ਹੁਣ ਖੱਪਣਾ ਤਾਂ ਪਾਣੀ ਨੂੰ ਹੀ ਪਵੇਗਾ। ਜਦੋਂ ਤੱਕ ਪਾਣੀ ਹੈ, ਉਦੋਂ ਤੱਕ ਦੁੱਧ ਨੂੰ ਸੇਕ ਨਹੀਂ ਆਉਂਦਾ। ਸਭ ਕੁਝ ਦੇਣ ਵਾ਼ਲੇ ਦੁੱਧ ਲਈ ਪਾਣੀ ਵੀ ਆਪਣਾ ਸਭ ਕੁਝ ਵਾਰ ਦਿੰਦਾ ਹੈ। ਆਪਣੀ ਇੱਕ ਬੂੰਦ, ਇੱਕ ਨਿਸ਼ਾਨੀ ਤੱਕ ਸਾਂਭੀ ਰਹੇ ਦੀ ਇੱਛਾ ਨਹੀਂ ਰੱਖਦਾ। ਸੰਸਾਰੀ ਲੋਕ ਇਸ ਖੇਡ ਨੂੰ ਕੀ ਜਾਨਣ। ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਪੰਜਵੇਂ, ਨੌਵੇਂ, ਸਵਾ ਲੱਖ ਨਾ਼ਲ ਇਕੱਲੇ ਲੜਨ ਵਾ਼ਲੇ, ਚਰਖੜੀਆਂ 'ਤੇ ਚੱੜ੍ਹਨ ਵਾ਼ਲੇ, ਬੰਦ-ਬੰਦ ਕਟਵਾਉਣ ਵਾ਼ਲੇ ਆਦਿ ਜਿਸ ਨੂੰ ਵੀ ਉਸ ਪ੍ਰਮੇਸ਼ਰ ਨੇ ਆਪਣਾ ਸਭ ਕੁਝ ਦਿੱਤਾ, ਜਦੋਂ ਆਵਟਣ ਦਾ ਸਮਾਂ ਆਇਆ ਤਾਂ ਪਹਿਲਾਂ ਦੁੱਧ(ਉਹ ਆਪ ਪ੍ਰਮੇਸ਼ਰ) ਨਹੀਂ ਪਾਣੀ (ਭਗਤ) ਚੱੜਿਆ ਅੱਗ 'ਤੇ। ਦੁੱਧ ਨੂੰ ਸੜ੍ਹਨਾ ਨਹੀਂ ਪਿਆ। ਪਹਿਲਾਂ ਪਾਣੀ ਸੜਿਆ, ਦੁੱਧ(ਸੱਚ) ਨੂੰ ਆਂਚ ਨਹੀਂ ਆਉਣ ਦਿੱਤੀ। ਇਹ ਸੀ ਅਸਲੀ ਆਵਟਣ।

ਉਮਨੁ ਮਾਇਆ ਮੈ ਰਮਿ ਰਹਿਓ,ੜ॥"
(ਸਲੋਕ ਮਹਿਲਾ 9-1428)

ਮਨ ਮਾਇਆ ਵਿੱਚ, ਆਪਣੀ ਸੋਚ ਵਿੱਚ, ਆਪਣੇ ਸਰੀਰ ਵਿੱਚ ਰਮਿਆ ਹੋਇਆ ਹੈ। ਇਸੇ ਨੂੰ ਮਨ ਆਪਣਾ ਸਭ ਕੁਝ ਮੰਨਦਾ ਹੈ। "ਮਨ ਮਹਿ ਆਪਿੜੜ" (ਗਉੜੀ ਸੁਖਮਨੀ-279) ਇਸ ਮਨ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ। ਚਿਰਾਂ ਤੋਂ, ਬਹੁਤ ਜਨਮਾਂ ਤੋਂ ਜਿਸ ਵਿਛੁੱੜੇ ਮਨ ਨੂੰ ਉਸਨੇ ਆਪਣੇਵਿੱਚ ਮੇ਼ਲ (ਮਿ਼ਲਾ) ਲਿਆ, ਉਸ ਵਿੱਚ ਮਿ਼ਲਣ ਲਈ ਮਨ ਨੇ ਪਹਿਲਾਂ ਆਪਣੀ ਮੱਤ ਬੁੱਧੀ ਸੋਚ ਉਸ ਅੱਗੇ ਧਰੀ। ਇਹ ਕਾਰਜ ਕਰਨ ਵਾ਼ਲੇ ਦਾ ਭਗਤਾਂ ਦੀ ਤਰ੍ਹਾਂ ਚਹੁੰ ਕੁੰਟਾਂ ਵਿੱਚ ਠੰਕਾਂ ਵੱਜਿਆ, "ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ॥"(ਮ: 4-308)। ਆਪਣੇ ਜਿਹਨਾਂ ਸੇਵਕਾਂ ਨੂੰ ਉਸ ਮਾਲਕ ਨੇ ਵਡਿਆਈ ਦਿੱਤੀ, ਬਿਪਰ (ਮਨਮੁੱਖ) ਪਰਧਾਨ ਨੂੰ ਵੀ ਉਹਨਾਂ ਭਗਤਾਂ ਦੇ ਪੈਰੀਂ ਪੁਆ ਦਿੱਤਾ। ਸੱਚ ਦੇ ਨਿੰਦਕਾਂ, ਖੱਤਰੀਆਂ, ਬ੍ਰਾਹਮਣਾਂ, ਅਹੰਕਾਰੀਆਂ ਆਦਿ ਨੂੰ ਪਿੱਠ ਦੇ ਨਿਮਾਣਿਆਂ ਨੂੰ ਮਾਣ ਦੁਆ ਦਿੱਤਾ, "ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥" (ਆਸਾ ਮਹਲਾ 4-451), "ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥" (ਸੂਹੀ ਮਹਲਾ 4-733)। ਜਿਹੜਾ ਤਨ(ਸਰੀਰ) ਲੈ ਪੈਦਾ ਹੋਇਆ ਸੀ, ਜਿਸ ਨੂੰ ਆਪਣਾ ਸਾਰਾ ਕੁਝ ਸਮਝਦਾ ਸੀ, ਮਾਣ ਪ੍ਰਾਪਤ ਕਰਨ ਵਾਲਿ਼ਆਂ ਨੇ ਆਵਟਣ ਦੇ ਸਮੇਂ ਉਸ ਨੂੰ ਸੱਚ ਖਾਤਰ ਨਿਸ਼ਾਵਰ ਕਰਨ ਲਈ ਪ੍ਰਵਾਹ ਨਹੀਂ ਕੀਤੀ।

ਉਮਨ ਰੇ, ਕਿਉ ਛੂਟਹਿ ਬਿਨੁ ਪਿਆਰ॥"

(ਸਿਰੀ ਰਾਗੁ ਮਹਲਾ 1-59)

ਮਨ ਤੂੰ ਪਿਆਰ ਤੋਂ ਬਿਨਾ ਕਿਵੇਂ ਛੁੱਟ ਜਾਵੇਗਾ? ਜਿਵੇਂ ਜਲ ਵਿੱਚ ਪੈਦਾ ਹੋਣ ਵਾ਼ਲੇ ਜੀਵ ਜਲ ਤੋਂ ਬਾਹਰ ਆ ਮਰ ਜਾਂਦੇ ਹਨ। ਉਹਨਾਂ ਦਾ ਜਲ ਨਾ਼ਲ ਪਿਆਰ ਹੈ। ਜਲ ਵਿੱਚ ਰਹਿਣ ਮਰਦੇ ਨਹੀਂ, ਖੁਸ਼ ਹਨ। ਉਵੇਂ ਮਨ ਜੇ ਤੇਰਾ ਆਪਣੇ ਮੂਲ (ਹਰਿ ਜੀ) ਨਾ਼ਲ ਪਿਆਰ ਨਹੀਂ ਤਾਂ ਕਿਵੇਂ ਛੁੱਟ ਪਾਏਂਗਾ?

ਛੋਟੀ ਉਮਰ ਦੇ ਭਗਤ ਧਰੂਅ, ਭਗਤ ਪ੍ਰਹਲਾਦ ਦੀਆਂ ਕਥਾਂ-ਕਹਾਣੀਆਂ ਤਾਂ ਗੁਰਬਾਣੀ ਵਿੱਚ ਅਤੇ ਹੋਰ ਇਧਰ ਉਧਰ ਸੁਣੀਆਂ ਸੁਣਾਈਆਂ ਜਾਂਦੀਆਂ ਹਨ, ਕਈ ਇਹਨਾਂ ਨੂੰ ਮਿਥਿਹਾਸ ਵੀ ਕਹਿ ਜਾਂਦੇ ਹਨ। ਪਰ ਛੋਟੇ ਸਾਹਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਤਾਂ ਇੰਝ ਹੈ ਜਿਵੇਂ ਅਜੇ ਕੱਲ ਦੀ ਗੱਲ ਹੋਵੇ। ਇਹਨਾਂ ਨਿੱਕੀਆਂ ਜਿੰਦਾਂ ਦੀ ਸ਼ਹਾਦਤ ਅੱਗੇ ਵੱਡੇ-ਵੱਡੇ ਅਹੰਕਾਰੀਆਂ ਦਾ ਸਿਰ ਝੁੱਕ ਜਾਂਦਾ ਹੈ। ਇਹਨਾਂ ਦੀ ਸ਼ਹਾਦਤ ਨੇ ਇਹ ਸਿੱਧ ਕਰ ਦਿੱਤਾ ਕਿ ਵਾਕਿਆ ਹੀ ਜੇ ਸਾਡੀ ਪ੍ਰੀਤ ਆਪਣੇ ਮਾਲਕ ਨਾ਼ਲ ਉਹੋ ਜਿਹੀ ਹੋਵੇ, ਜਿਹੋ ਜਿਹੀ ਕਮਲ ਤੇ ਮੱਛੀ ਦੀ ਪਾਣੀ ਨਾ਼ਲ, ਚਾਤ੍ਰਿਕ ਦੀ ਮੇਹ ਨਾ਼ਲ, ਚਕਵੀ ਦੀ ਸੂਰਜ ਨਾ਼ਲ ਅਤੇ ਪਾਣੀ ਦੀ ਦੁੱਧ ਨਾ਼ਲ ਹੁੰਦੀ ਹੈ, ਤਾਂ ਬਾਲਪਨ ਅਵਸਥਾ ਅੰਦਰ ਵੀ ਸੱਚ ਪ੍ਰਾਪਤ ਕੀਤਾ ਜਾ ਸਕਦਾ ਹੈ, ਛੁੱਟਿਆ ਜਾ ਸਕਦਾ ਹੈ।

ਆਨੰਦਪੁਰ ਸਾਹਿਬ ਤੋਂ ਚੱਲ ਕੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਅਗੋਂ ਮਿ਼ਲੇ ਗੰਗੂ ਨਾ਼ਲ ਮੋਰਿੰਡੇ ਕੋ਼ਲ ਉਸ ਦੇ ਪਿੰਡ ਖੇੜੀ ਪਹੁੰਚੇ। ਲਾਲਚ ਵੱਸ ਗੰਗੂ ਨੇ ਇਹਨਾਂ ਨੂੰ ਪਿੰਡ ਦੇ ਚੌਧਰੀ ਨੂੰ ਨਾ਼ਲ ਲੈ ਮੋਰਿੰਡੇ ਦੇ ਥਾਣੇ ਦੱਸ ਪੁਆ ਗ੍ਰਿਫਤਾਰ ਕਰਵਾ ਦਿੱਤਾ। ਇਥੋਂ ਅੱਗੇ ਇਹਨਾਂ ਨੂੰ ਸਰਹੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਨ ਕੋ਼ਲ ਭੇਜ ਦਿੱਤਾ ਗਿਆ। ਸਰਹੰਦ ਵਿਖੇ ਇਹਨਾਂ ਨੂੰ ਦਸੰਬਰ ਦੇ ਬਰਫ਼ ਵਰਗੇ ਠੰਡੇ ਦਿਨਾਂ ਵਿੱਚ ਇੱਕ ਉਚੇ ਖੁਲੇ ਹਵਾਦਾਰ ਬੁਰਜ ਵਿੱਚ ਰੱਖਿਆ ਗਿਆ। ਅਗਲੇ ਦਿਨ ਸੂਬੇ ਦੀ ਕਚਿਹਰੀ ਪੇਸ਼ ਕੀਤਾ ਗਿਆ। ਸਾਹਿਬਜ਼ਾਦਿਆਂ ਨੇ ਕਚਿਹਰੀ ਪਹੁੰਚ ਸਭ ਨੂੰ ਹੱਥ ਜੋੜ ਫਤਿਹ ਬੁਲਾਈ,ਉਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥"।

ਪਹਿਲਾਂ ਲਾਲਚ ਤੇ ਫਿਰ ਡਰਾਵਾ ਦਿੱਤਾ ਗਿਆ। ਪਰ ਸਾਰੇ ਹੈਰਾਨ ਸਨ ਕਿ ਜਿਸ ਸਰਹੰਦ ਸੂਬੇਦਾਰ ਨਵਾਬ ਵਜ਼ੀਰ ਖਾਨ ਦੀ ਕਚਿਹਰੀ ਵੱਡੇ-ਵੱਡੇ ਯੋਧੇ ਕੰਬਦੇ ਸਨ, ਉਸੇ ਕਚਿਹਰੀ ਵਿੱਚ ਦਸਮੇਸ਼ ਦੇ ਨਿੱਕੇ-ਨਿੱਕੇ ਬੱਚੇ ਹਿੱਕ ਤਾਣ ਸੂਬੇਦਾਰ ਨਾ਼ਲ ਅੱਖਾਂ ਵਿੱਚ ਅੱਖਾਂ ਪਾ ਗੱਲਾਂ ਕਰ ਰਹੇ ਸਨ। ਅਖੀਰ ਕਾਜ਼ੀ ਵਲੋਂ ਇਨ੍ਹਾਂ ਨਿੱਕੀਆਂ ਜਿੰਦਾਂ ਨੂੰ ਜਿਉਂਦੇ ਨੀਹਾਂ ਵਿੱਚ ਚਿੱਣਨ ਦਾ ਫਤਵਾ ਲਾਇਆ ਗਿਆ। ਸੂਬੇ ਤੇ ਉਸ ਦੇ ਸਾਥੀਆਂ ਨੂੰ ਕੀ ਪਤਾ ਸੀ ਕਿ ਇਹਨਾਂ ਦਿਖਾਈ ਦੇ ਰਹੇ ਮਾਸੂਮ ਬੱਚਿਆਂ ਨੇ ਸੱਚ ਨਾ਼ਲ ਪ੍ਰੀਤ ਕੱਛੂ ਵਾ਼ਲੀ ਨਹੀਂ, ਬਲਕਿ ਉਸ ਕਮਲ ਤੇ ਮੱਛੀ ਦੀ ਤਰ੍ਹਾਂ ਕੀਤੀ ਹੈ ਜਿਹਨਾਂ ਨੂੰ ਅੱਜ ਤੱਕ ਕਦੀ ਕਿਸੀ ਨੇ ਜੀਵਨ ਦੇਣ ਵਾ਼ਲੇ ਪਾਣੀ ਵਿੱਚ ਤੂਫਾਨ ਆਉਣ 'ਤੇ ਕੰਢੇ ਖੜ੍ਹਿਆਂ ਨਹੀਂ ਦੇਖਿਆ। ਆਵਟਣ ਸਮੇਂ ਆਪਾ ਵਾਰ ਦੁੱਧ ਨੂੰ ਆਂਚ ਨਾ ਆਉਣ ਦੇਣ ਵਾ਼ਲੇ ਪਾਣੀ ਵਾ਼ਲੀ ਪ੍ਰੀਤ ਕੀਤੀ, ਕਿਉਂਕਿ ਦੁੱਧ ਨੇ ਪਾਣੀ ਨੂੰ ਆਪਣੇ ਵਿੱਚ ਮਿ਼ਲਾ ਦੁੱਧ ਹੀ ਬਣਾ ਦਿੱਤਾ।

ਇਹਨਾਂ ਸ਼ੇਰ ਦਿਲ ਜਿੰਦਾਂ ਨੇ ਬਬੀਹੇ ਵਾ਼ਲੀ ਪ੍ਰੀਤ ਕੀਤੀ ਜਿਸ ਨੂੰ ਸਾਹਮਣੇ ਸਰੋਵਰ ਭਰੇ ਪਏ ਹੋਣ ਦੇ ਬਾਵਜੂਦ ਸਿੱਧੀ ਮੂੰਹ ਵਿੱਚ ਡਿੱਗਣ ਵਾ਼ਲੀ ਬੂੰਦ ਤੋਂ ਇਲਾਵਾ ਹੋਰ ਕਿਸੇ ਚਜ਼ਿ ਦੀ ਭੁੱਖ ਨਹੀਂ।

ਕਹਿਣ-ਸੁਣਨ ਨਾ਼ਲ ਨਹੀਂ, ਪਰਖ ਹੋਣ ਤੋਂ ਬਾਅਦ ਹੀ ਅਸਲੀਅਤ ਦਾ ਸਿਹਰਾ ਮੱਥੇ ਚਮਕਦਾ ਹੈ। ਅਖੀਰ ਸੂਬੇ ਤੇ ਉਸ ਦੇ ਸਾਥੀਆਂ ਨੇ ਨਿੱਕੀਆਂ ਜਿੰਦਾਂ ਦੀ ਪ੍ਰੀਤ ਨੂੰ ਪਰਖਣ ਲਈ ਜਿੰਦਾ ਨੀਹਾਂ ਵਿੱਚ ਚਿਣ ਸ਼ਹੀਦ ਕਰ ਦਿੱਤਾ। ਆਉ ਵੀਚਾਰੀਏ ਵੱਡੇ ਸਾਕੇ ਕਰਨ ਵਾ਼ਲੀਆਂ ਨਿੱਕੀਆਂ ਜਿੰਦਾਂ ਦੀ ਕਰਨੀ ਅੱਗੇ ਅਸੀਂ ਕਿਥੇ ਖੜੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਿਆਂ 'ਤੇ ਜਿਥੇ ਆਪ ਸਭ ਨੂੰ 'ਸ਼੍ਰੀ ਗੁਰੂ ਰਵਿਦਾਸ ਸਭਾ ਮੈਲਬੌਰਨ' ਵਲੋਂ ਲੱਖ-ਲੱਖ ਵਧਾਈ ਹੋਵੇ, ਛੋਟੇ ਸਾਹਿਬਜ਼ਾਦਿਆਂ ਦੁਆਰਾ ਦਿੱਤੀਆਂ ਸ਼ਹਾਦਤਾਂ ਨੂੰ ਸਾਰਥਿਕ ਬਣਾਉਣ ਲਈ ਪਾਏ ਪੂਰਨਿਆਂ ਦੇ ਪਾਂਧੀ ਬਣੀਏ। (ਭੁੱਲ-ਚੁੱਕ ਖਿਮਾ)

# ਗਾਈਏ ਤਾਂ ਹਵਾਵਾਂ ਦੱਸਣ, ਸੁਣੀਏ ਤਾਂ ਅੰਬਰ ਨੱਚਣ



ਡਾ ਅਮਰਜੀਤ ਟਾਂਡਾ

ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਗੀਤ ਸੰਗੀਤ ਹੈ। ਇਸ ਦੇ ਪਾਣੀਆਂ 'ਚ ਸੰਗੀਤ ਵਗਦਾ ਹੈ। ਪੰਜਾਬੀ ਸੰਗੀਤਕ ਧੁਨਾਂ ਲਹਿਰਾਂ ਚੋਂ ਉੱਗਦੀਆਂ ਹਨ। ਸੰਗੀਤਕ ਰਸ ਸੰਗ ਪੌਣਾਂ ਭਰੀਆਂ ਪਈਆਂ ਹਨ। ਖੇਤ ਫਸਲਾਂ ਨੱਚ ਰਹੇ ਹਨ। ਕੋਇਲਾਂ ਗਾ ਰਹੀਆਂ ਹਨ। ਮਾਹੀਏ ਟੱਪਿਆਂ ਦਾ ਹਰੇਕ ਵਿਅਕਤੀ ਦੀਵਾਨਾ ਹੈ। ਇਸ ਧਰਤੀ ਤੇ ਮਹਾਨ ਕਵੀਆਂ ਨਾਨਕ ਫ਼ਰੀਦ ਕਬੀਰ ਨੇ ਗਾਇਆ। ਗੀਤ, ਸੰਗੀਤ ਹਰ ਸਭਿਆਚਾਰ ਦਾ ਦਰਪਣ ਹੁੰਦੇ ਹਨ। ਜੇ ਗੀਤ, ਸੰਗੀਤ ਤੇ ਸਭਿਆਚਾਰ ਹੀ ਨੀਵਾਂ ਹੋ ਕੇ ਟੁਰਨ ਲੱਗ ਪਵੇ ਤਾਂ ਕੌਮ ਕੋਲ ਅਣਖ ਨਹੀਂ ਬਚਦੀ। ਅੱਜਕਲ ਕਈ ਪੰਜਾਬੀ ਗਾਇਕਾਂ ਨੇ ਪੰਜਾਬੀ ਗੀਤ, ਸੰਗੀਤ ਨੂੰ ਗੰਧਲਾ ਕਰ ਕੇ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਤਾਂ ਪਾਇਆ ਹੀ, ਪਰ ਸਿਰਫ਼ ਝੂਮਣਾ ਹੀ ਸਿਖਾਇਆ ਹੈ, ਜੋ ਭਵਿੱਖ ਨੂੰ ਬੇਅਰਥ ਕਰ ਦੇਵੇਗਾ। ਗੈਰ-ਮਿਆਰੀ ਗਾਇਕੀ ਨੇ ਹੁਣ ਤਾਂ ਗਲੀਆਂ ਦਰ ਵੀ ਨਹੀਂ ਵਾਂਝੇ ਰਹਿਣ ਦਿਤੇ। ਅੱਜ ਗੀਤ ਮਰ ਚੱਲਿਆ ਹੈ, ਸਾਰਿਆਂ ਦੇ ਸਾਹਮਣੇ।

ਗੀਤਕਾਰ, ਵੀਡੀਓ ਨਿਰਦੇਸ਼ਕ ਅਤੇ ਪ੍ਰੋਡਿਊਸਰ ਹੀ ਹਨ ਜੋ ਅਜਿਹਾ ਮਿਲ ਮਿਲਾ ਕੇ ਪਰੋਸਦੇ ਹਨ। ਤੇ ਫਿਰ ਬਾਅਦ ਵਿੱਚ ਗੀਤ ਨੂੰ ਪ੍ਰਮੋਟ ਕਰਨ ਵਾਲੀਆਂ ਚੈਨਲਾਂ ਨੂੰ ਵੀ ਕਟਹਿਰੇ ਚ ਖੜਾ ਕਰਨਾ ਚਾਹੀਦਾ ਹੈ। ਆਮ ਕਰਕੇ ਗਾਇਕ ਹੀ ਗੀਤ ਨੂੰ ਮੁੱਖ ਤੌਰ 'ਤੇ ਪੇਸ਼ ਕਰਨ ਵਾਲੇ ਹੁੰਦੇ ਹਨ ਤੇ ਸਭ ਤੋਂ ਵੱਡੀ ਜ਼ਿਮੇਵਾਰੀ ਉਨ੍ਹਾਂ ਦੀ ਹੀ ਹੁੰਦੀ ਹੈ। ਪੰਜਾਬੀ ਲੋਕ ਗੀਤਾਂ ਤੇ ਲੋਕ ਨਾਚਾਂ ਦੀਆਂ ਅੰਬਰਾਂ 'ਚ ਧਮਾਲਾਂ ਪੈਂਦੀਆਂ ਰਹੀਆਂ ਹਨ। ਹਿੰਦੀ ਫਿਲਮਾਂ ਵਾਲੇ ਇੱਕ ਪੰਜਾਬੀ ਗੀਤ ਨੂੰ ਲੈ ਕੇ ਆਪਣੀਆਂ ਫਿਲਮਾਂ ਸਜਾ ਰਹੇ ਹਨ। ਪਰ ਸਾਡੇ ਆਪਣੇ ਪੰਜਾਬੀ ਲੋਕ ਗੀਤਾਂ ਨੂੰ ਭੁੱਲ ਕੇ ਪੰਜਾਬੀ ਫਿਲਮਾਂ ਨੂੰ ਨੀਵਾਂ ਵਿਖਾ ਰਹੇ ਹਨ।

ਅੱਜਕਲ ਪੰਜਾਬੀ ਗਾਇਕਾਂ ਨੂੰ ਸੁਣਦਿਆਂ ਹੀ ਮਨ ਤੜਫਣ ਲੱਗ ਪੈਂਦਾ ਹੈ। ਜਦੋਂ ਗੀਤ ਚੋਂ ਕੁਝ ਨਹੀਂ ਲੱਭਦਾ ਤਾਂ ਉਦਾਸੀ ਚ ਅਤੀਤ ਦੀਆਂ ਪੈੜਾਂ ਫੋਲਣੀਆਂ ਪੈਂਦੀਆਂ ਹਨ। ਨੈਤਿਕਤਾ ਮਾਨਸਿਕਤਾ ਸਿਰ ਫ਼ੜ ਕੇ ਬਹਿ ਜਾਂਦੀ ਹੈ। ਪੰਜਾਬ ਦੇ ਦਰਿਆ ਇਹਦੀਆਂ ਛੱਲਾਂ ਕੀ ਕਹਿੰਦੀਆਂ ਸਨ ਤੇ ਇਸ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ? ਪੰਜਾਬ ਜੋ ਕਦੇ ਸਭਿਆਚਾਰਕ ਕਬੀਲਿਆਂ ਚ ਸਰਪੰਚ ਹੁੰਦਾ ਸੀ, ਹੁਣ ਨੇੜੇ ਢੁੱਕਣ ਜੋਗਾ ਵੀ ਨਹੀਂ ਰਿਹਾ।

ਗੀਤ, ਸੰਗੀਤ ਸਭਿਆਚਾਰ ਤੇ ਵਿਰਸੇ ਨੂੰ ਨਿੱਕੀ ਸ਼ੁਹਰਤ ਤੇ ਹਿੱਤਾਂ ਲਈ ਟੋਰਨ ਵਾਲਿਓ-ਕੱਲ ਨੂੰ ਤਾਰੀਖ ਨੇ ਤੁਹਾਡੇ ਤੋਂ ਕਈ ਸਵਾਲਾਂ ਦੇ ਜੁਆਬ ਪੁੱਛਣੇ ਨੇ। ਇਹ ਗੀਤ, ਸੰਗੀਤ ਹੀ ਹੁੰਦਾ ਹੈ ਜੋ ਪੱਤਿਆਂ ਤੇ ਵੀ ਨਾਂ ਲਿਖਦਾ ਤੇ ਹਵਾਵਾਂ ਨੂੰ ਨੱਚਣਾਂ ਸਿਖਾਉਂਦਾ ਹੈ। ਕਿਸੇ ਸਭਿਆਚਾਰ ਨੂੰ ਅੰਬਰਾਂ ਤੇ ਵਿਛਾਉਂਦਾ ਹੈ। ਤੇ ਇਹ ਫ਼ਰਜ਼ ਆਪਣਾ ਸਾਰਿਆਂ ਦਾ ਹੈ। ਕਲਮ ਨੇ ਗੀਤ ਬੀਜਣਾ ਹੈ, ਬੋਲਾਂ ਨੇ ਉਹਨਾਂ ਨੂੰ ਸਾਰੀ ਕਾਇਆਨਾਤ ਚ ਖਿੰਡਾਉਣਾ ਹੁੰਦਾ ਹੈ।

ਪੰਜਾਬੀ ਗਾਇਕਾਂ ਦੀ ਲੰਮੀ ਸੂਚੀ ਨੂੰ ਕੀ ਕਰੀਏ- ਜੇ ਕਿਤੇ ਰਾਤਾਂ ਚ ਸੁਰਾਂ ਨੇ ਰਿਆਜ਼ ਨਹੀਂ ਕੀਤਾ ਤਾਂ! ਗੀਤਾਂ ਨੂੰ ਭਾਲਣ ਲਈ ਵੀ ਵਕਤ ਲੱਗਦਾ ਹੈ। ਅਜੇ ਬੁੱਲ੍ਹਾ, ਸ਼ਾਹ ਹੁਸੈਨ, ਮਿਰਜ਼ਾ, ਹੀਰ ਰਾਂਝਾ ਮਰਿਆ ਨਹੀਂ-ਅਸੀਂ ਹੀ ਬਹੁਤ ਬੇਗੈਰਤ, ਸਵਾਰਥੀ ਤੇ ਬੇਸਵਰੇ ਜੇਹੇ ਹੋ ਗਏ ਹਾਂ। ਪੰਜਾਬ ਦੀ ਮਿੱਟੀ ਤੇ ਹੀਰ ਸੱਸੀ, ਸੋਹਣੀ ਦਾ ਇੱਕ ਗੀਤ ਗਾਇਆ ਹੀ ਅਰਸ਼ਾਂ ਤੇ ਨਾਂ ਲਿਖ ਦਿੰਦਾ ਹੈ।



ਸੰਗੀਤ ਦੇ ਮਾਹਰ ਉਸਤਾਦ ਕੋਲ ਹੀ ਹੁੰਦੀ ਹੈ ਗਾਉਣ ਦੀ ਕਲਾ- ਗਾਇਕੋ!

ਸੰਗੀਤ ਦੀਆਂ ਪਰਤਾਂ ਚ ਹੀ ਸੁਰਾਂ ਗੁਆਚੀਆਂ ਹੁੰਦੀਆਂ ਹਨ। ਪੰਜਾਬੀ ਸਾਹਿਤ ਹੀ ਬੀਜਦਾ ਹੈ ਗੀਤਾਂ ਦੀ ਫਸਲ-ਉਹਨਾਂ ਖੇਤਾਂ ਚ ਵੀ ਕਦੇ ਫਿਰਿਆ ਕਰੋ। ਗੀਤਾਂ ਦੀ ਸ਼ਬਦਾਵਲੀ ਸੋਚ ਵਿਚਾਰਕੇ ਚੁਗਿਆ ਕਰੋ। ਸਾਫ ਸੁਥਰੀ ਗਾਇਕੀ ਅਤੇ ਪ੍ਰਪੱਕਤਾ ਹੀ ਹਿੱਕਾਂ ਨੂੰ ਘੇਰ ਪਾਉਂਦੀ ਹੈ।

ਜੱਟ ਅੱਜ ਕਰਜ਼ਾਈ ਹੋਇਆ ਖੁਦਕਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪਰ ਗੀਤਾਂ ਵਿੱਚ ਜੱਟ ਨੂੰ ਕਾਰਾਂ ਅਤੇ ਕੋਠੀਆਂ ਦੇ ਮਾਲਿਕ ਅਮੀਰ ਸ਼ਰਾਬੀ ਵਜੋਂ ਚਿਤਰਿਆ ਜਾ ਰਿਹਾ ਹੈ, ਜੋ ਮਿਹਨਤੀ ਹੀ ਨਹੀਂ ਸਗੋਂ ਕੌਮ ਦਾ ਦਰਦ ਵੀ ਹੈ। ਨੌਜਵਾਨਾਂ ਨੂੰ ਆਕਰਸ਼ਤ ਕਰਨ ਲਈ ਲੱਚਰਤਾ ਅਤੇ ਗੀਤਾਂ ਦਾ ਘਟੀਆਂ ਤੇ ਕਾਮੁਕ ਫਿਲਮਾਂਕਣ ਲੈ ਡੁੱਬੇਗਾ ਇੱਕ ਦਿਨ। ਗਾਇਕ ਕਲਾ ਵਪਾਰਕ ਧੰਦਾ ਨਹੀਂ, ਸੁੱਤਿਆਂ ਨੂੰ ਜਗਾਉਣ ਵਾਲੀ ਹੂਕ ਹੁੰਦੀ ਹੈ। ਗੁਰਦਾਸ ਮਾਨ ਪਾਲੀ ਦੇਤਵਾਲੀਆ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਸੁਰਜੀਤ ਬਿੰਦਰੱਖੀਆ ਅਤੇ ਕੁਲਦੀਪ ਮਾਣਕ ਨੇ ਏਹੀ ਪਰਹੇਜ਼ ਕੀਤਾ ਹੈ। ਕੁਲਦੀਪ ਮਾਣਕ ਦੀਆਂ ਕਲੀਆਂ ਲੋਕ ਗੀਤ ਬਣੀਆਂ। ਸਰਦੂਲ ਤੇ ਗੁਰਦਾਸ ਦੇ ਗੀਤ ਪਰੀਵਾਰਾਂ ਘਰਾਂ ਚ ਅੰਗਸੰਗ ਬੈਠਣ ਜੋਗੇ ਹੋਏ। ਇਹਨ੍ਹਾਂ ਨੇ ਮਿਹਨਤ ਤੇ ਲਗਨ ਨਾਲ ਲੋਕਾਂ ਦਾ ਦਿੱਲ ਜਿੱਤਿਆ ਹੈ। ਪਰ ਲੱਚਰ ਗੀਤਾਂ ਨੇ ਪੰਜਾਬੀ ਸੱਭਿਆਚਾਰ ਨੂੰ ਘੱਟੇ ਚ ਮਿਲਾਕੇ ਰੱਖ ਦਿਤਾ ਹੈ।

ਪੰਜਾਬੀ ਗੀਤਕ ਤੇ ਸੰਗੀਤਕ ਸਭਿਆਚਾਰਕ ਕਦਰਾਂ ਕੀਮਤਾਂ ਖੁਰ ਰਹੀਆਂ ਹਨ। ਨੀਵੇਂ ਹਲਕੀ ਪੱਧਰ ਦੇ ਗੀਤਾਂ ਦੇ ਫਿਲਮਾਂਕਣਾਂ ਦੇ ਘੇਰੇ ਚ ਘਿਰ ਕੇ ਰਹਿ ਗਿਆ ਹੈ ਪੰਜਾਬ ਦਾ ਸੰਗੀਤਕ ਵਿਰਸਾ। ਜਿਹਨਾਂ ਲਈ ਪੰਜਾਬੀ ਗਾਇਕ ਤੇ ਗੀਤਕਾਰ ਹੀ ਜ਼ਿਮੇਵਾਰ ਹਨ/ਹੋਣਗੇ।

ਪੰਜਾਬੀ ਗਾਇਕੋ ਤੇ ਗੀਤਕਾਰੋ ਪੰਜਾਬੀ ਨੌਜਵਾਨਾਂ ਨੂੰ ਆਸ਼ਕੀ ਕਰਨ, ਸ਼ਰਾਬੀ, ਵਿਹਲੜ੍ਹ, ਨੱਚਣ-ਟੱਪਣ, ਔਰਤ ਖਾਤਿਰ ਲੜ੍ਹਨ ਮਰਨ ਵਾਲੇ ਹੀ ਨਾ ਪੇਸ਼ ਕਰੋ, ਉਹ ਸੂਰਮੇ, ਦੇਸ਼ ਭਗਤ ਫਿਲਾਸਫ਼ਰ ਵੀ ਨੇ।



ਇਸ ਲੱਚਰਤਾ ਦੇ ਵਿਰੁੱਧ ਪੰਜਾਬੀ ਔਰਤਾਂ ਨੂੰ ਵੀ ਅਵਾਜ਼ ਉੱਚੀ ਕਰਨੀ ਚਾਹੀਦੀ ਹੈ। ਜਿਸ ਔਰਤ ਨੂੰ ਗੁਰੂ ਨਾਨਕ ਨੇ ਮਹਾਨ ਕਿਹਾ ਸੀ, ਪੰਜਾਬੀ ਗਾਇਕਾਂ ਨੇ ਉਸ ਔਰਤ ਨੂੰ ਬਦਕਾਰ, ਬਦਚਲਨ ਬੇਵਫ਼ਾ ਅਤੇ ਧੋਖੇਬਾਜ਼ ਦੱਸ ਕੇ ਉਸ ਦਾ ਅਪਮਾਨ ਕੀਤਾ ਹੈ।

ਜੇ ਅੱਜ ਤੋਂ ਅਸੀਂ ਰਲ ਮਿਲ ਕੇ ਨੀਵੀਂ ਗਾਇਕੀ 'ਤੇ ਰੋਕ ਨਾ ਲਗਾਈ ਤਾਂ ਕਦਰਾਂ ਕੀਮਤਾਂ ਪੰਜਾਬੀ ਸਭਿਆਚਾਰ ਤੇ ਵਿਰਸਾ ਮਿੱਟੀ ਚ ਰੁਲ ਜਾਵੇਗਾ।

ਗੀਤਕਾਰੋ ਕਲਮਾਂ ਲਈ ਬਹੁਤ ਹਰਫ਼ ਨੇ ਖੇਤਾਂ ਰਾਹਾਂ ਰੁੱਖਾਂ ਤੇ-ਹਾਉਕੇ ਹਾਵਿਆਂ ਨੂੰ ਗੀਤਾਂ ਚ ਜੜ੍ਹਿਆ ਕਰੋ-ਸਿਤਾਰਿਆਂ ਨੂੰ ਜੋੜ 2 ਕੇ ਗੀਤ ਕਵਿਤਾ ਲਿਖਿਆ ਕਰੋ। ਤੁਹਾਡਾ ਇੱਕ ਗੀਤ ਹੀ ਤੁਹਾਨੂੰ ਵਾਰਿਸ਼ਸ਼ਾਹ ਵੀ ਬਣਾ ਸਕਦਾ ਹੈ, ਨੰਦ ਲਾਲ ਨੂਰ ਪੁਰੀ ਦੇ ਪਿੰਡ ਵੀ ਲੈ ਕੇ ਜਾ ਸਕਦਾ ਹੈ। ਗਾਇਕੋ ਅਜੇ ਸਾਫ਼ ਸੁਥਰੇ ਸੁੱਚੇ ਗੀਤ ਕਿਤੇ ਮਰੇ ਨਹੀਂ -ਤੁਸੀਂ ਵੀ ਸਾਡੇ ਮੁਹੰਮਦ ਰਫ਼ੀ, ਮੁਕੇਸ਼ ਹੋ -ਗੀਤ ਚੁਗਣ ਤੇ ਗਾਉਣ ਵੇਲੇ ਅੰਬਰਾਂ ਵੱਲ ਵੇਖੋ ਪਹਿਲਾਂ- ਮਾਂ ਭੈਣ ਤੇ ਲੋਕਾਂ ਦੀ ਅਵਾਜ਼ ਹੋ ਤੁਸੀਂ-ਜੇ ਕੋਈ ਇੱਕ ਗੀਤ ਵੀ ਵਧੀਆ ਗਾ ਦੇਵੇ -ਲੋਕ ਪੁੱਛਣੋ ਨਹੀਂ ਹਟਣਗੇ ਕਿ ਇਹ ਕੌਣ ਹੈ ਕਿੱਥੇ ਵਸਦਾ ਹੈ। ਪਰ ਜੇ ਕਿਤੇ ਕਦੇ 2 ਸਿੱਪੀ ਦਲਜੀਤ ਪੂਜਾ ਦੇ ਰਾਹ ਟੁਰ ਪਏ ਤਾਂ ਇਹ ਲੋਕ ਹਨੇਰਿਆਂ ਚੋਂ ਵੀ ਲੱਭ 2 ਕੇ ਪੁੱਛਣਗੇ ਤੇ ਫਿਰ ਤੁਸੀਂ ਸ਼ਰਮਿੰਦਗੀ ਨਾਲ ਮੂੰਹ ਨੀਵਾਂ ਕਰੋਗੇ। ਮੁਆਫ਼ੀਆਂ ਮੰਗਦੇ ਫਿਰੋਗੇ। ਕਿਉਂ ਨਾ ਦੋਸਤੋ ਆਪਣੀ ਅਵਾਜ਼ ਨਾਲ ਪੰਜ ਦਰਿਆਵਾਂ ਦੀਆਂ ਲਹਿਰਾਂ ਚ ਵਿਛੀਏ-ਝਨ੍ਹਾਂ ਨੂੰ ਫਿਰ ਗਾਉਣਾ ਦੱਸੀਏ! ਗੀਤ ਮਨੋਰੰਜਨ ਤਾਂ ਕਰਦੇ ਹੀ ਹਨ, ਪਰ ਉਸਾਰੂ ਸਮਾਜਿਕ ਸੇਧ ਦਾ ਰਸਤਾ ਵੀ ਹੁੰਦੇ ਹਨ। ਤੁਸੀਂ ਮੇਰੇ ਖੇਤਾਂ ਦੇ ਜਾਏ ਹੋ- ਕੰਜਕਾਂ ਦੇ ਰੱਖਵਾਲੇ। ਮੁਟਿਆਰ ਦੇ ਨਕਸ਼ਾਂ ਦੀ ਗੱਲ ਤੋਰੋ, ਓਹਦੇ ਹਾਵ ਭਾਵਾਂ ਨੂੰ ਬਿਆਨ ਕਰੋ। ਬਿਰਹਾ ਉਡੀਕਾਂ ਤੇ ਮਿਲਾਪ ਉਣੋ ਗੀਤਾਂ ਚ।

ਮੇਰੀਆਂ ਸਤਰਾਂ ਨੇ-

ਜੋ ਹਿੱਕ ਓਹਦੀ 'ਚ ਡੁੱਬਣੇ ਮੇਰੇ ਹੀ ਹੋਣੇ ਤੀਰ
ਸਿਰ ਕਲਮ ਜਿਹਨੇ ਹੈ ਕਰਨਾ ਮੇਰੀ ਹੀ ਹੋਣੀ ਸਮਸ਼ੀਰ

ਪਿਆਰੇ ਤੇ ਸੁਹਿਰਦ ਗੀਤਕਾਰੋ ਇਹਨਾਂ ਸਤਰਾਂ ਨਾਲ, ਅੱਜ ਤੋਂ ਮੈਂ ਤੁਹਾਡੇ ਸਾਰਿਆਂ ਨੂੰ ਅਰਜ਼ ਕਰਦਾ, ਪੰਜਾ-ਬੀਅਤ ਫ਼ਰਜ਼ ਦਾ ਕਰਜ਼ ਮੰਗਦਿਆਂ, ਵਾਅਦਾ ਮੰਗਦਾ ਹਾਂ ਕਿ ਕਦੇ ਵੀ ਨੀਵਾਂ ਨਾ ਲਿਖੋ-ਅੱਛੇ ਗੀਤ ਲਿਖਣ ਲਈ ਸ਼ਬਦ ਕਿਤੇ ਮੁੱਕ ਨਹੀਂ ਗਏ। ਇਹੀ ਮੇਰੀ ਪੰਜਾਬੀ ਗਾਇਕਾਂ ਨੂੰ ਗੁਜ਼ਾਰਿਸ਼ ਹੈ ਕਿ ਸਿਰਫ਼ ਇੱਕ ਹੀ ਗੀਤ ਗਾਓ ਪਰ ਉਹ ਅੰਬਰ ਦੀਆਂ ਪੌੜ੍ਹੀਆਂ ਤੇ ਚੜ੍ਹ 2 ਹਰ ਕੋਈ ਲੱਭੇ ਤੇ ਵਾਰ 2 ਸੁਣੇ। ਟਾਟਾ ਸੁਮੋ ਤੋਂ ਲੋਕ ਲਾਹ ਲੈਂਦੇ ਨੇ ਤੇ ਨਾ ਹੀ ਉਸ ਤੇ ਕੁਰਸੀ ਬਹੁਤਾ ਚਿਰ ਟਿਕ ਸਕਦੀ ਹੈ।

ਤੁਹਾਡੇ ਕੋਲ ਸੁਰੀਲੀ ਅਵਾਜ਼ ਹੈ-ਹੀਰ ਸੱਸੀ, ਸੋਹਣੀ ਗਾਓ-ਮਿਰਜ਼ੇ ਨੂੰ 'ਵਾਜ਼ਾਂ ਮਾਰੋ। ਕੀ ਨਹੀਂ ਹੈ ਸਾਡੇ ਕੋਲ ਗਾਉਣ ਲਈ। ਬਾਬੇ ਨਾਨਕ ਨੂੰ ਗਾਓ। ਬੁੱਲ੍ਹਾ, ਸ਼ਾਹ ਹੁਸੈਨ, ਮਿਰਜ਼ਾ, ਹੀਰ ਰਾਂਝਾ ਗੁਆਚਿਆ ਨਹੀਂ ਅਜੇ ਕਿਤੇ।

ਮੈਨੂੰ ਤੁਹਾਡੇ ਤੋਂ ਉਮੀਦ ਹੀ ਨਹੀਂ ਪੂਰੀ ਆਸ ਹੈ ਕਿ ਆਪਾਂ ਆਪਣੇ ਪੰਜਾਬ ਦੀ ਆਨ ਸ਼ਾਨ ਓਸੇ ਤਰ੍ਹਾਂ ਬਰਕਰਾਰ ਰੱਖਦਿਆਂ-ਇਸ ਦੇ ਨਾਂ ਨੂੰ ਅਰਸ਼ ਦੇ ਬਨ੍ਹੇਰੇ ਤੇ ਲਿਖੀਏ, ਇਹਦੇ ਸੁਰੀਲੇ ਲੋਕ ਗੀਤਾਂ ਨੂੰ ਲਹਿਰਾਂ ਤੇ ਟੋਰੀਏ ਤੇ ਹਵਾਵਾਂ 'ਚ ਘੋਲੀਏ। ਗਾਈਏ ਤਾਂ ਹਵਾਵਾਂ ਦੱਸਣ ਸੁਣੀਏ ਤਾਂ ਅੰਬਰ ਨੱਚਣ।

# ਔਰਤਾਂ ਪ੍ਰਤੀ ਖ਼ੂੰਖਾਰਪੁਣੇ ਦਾ ਦੋਸ਼ੀ ਕੌਣ?



ਨਿਰਮਲ 'ਪ੍ਰੇਮੀ' ਰਾਮਗੜ੍ਹ
94631-61691

ਹੁਣ ਦੇ ਯੁੱਗ ਵਿਚ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਰਹਿ ਗਈ ਹੈ। ਹਰੇਕ ਥਾਂ ਅੱਗ ਵਿਚ ਝੁਲਸਣ ਨੂੰ ਰਿਸ਼ਤੇ ਮਜ਼ਬੂਰ ਹੋ ਰਹੇ ਹਨ। ਕਿਸੇ ਵੀ ਰਿਸ਼ਤੇ ਵਿਚ ਮਮਤਾ, ਪਿਆਰ, ਦੁਲਾਰ ਬਾਕੀ ਨਹੀਂ ਰਹਿ ਗਿਆ ਹੈ। ਹਰ ਪਾਸੇ ਉਜਾੜ ਜ਼ਿੰਦਗੀ ਦੀ ਕਹਾਣੀ ਰੋਂਦੀ ਰਹਿੰਦੀ ਹੈ। ਇਸ ਕਲਯੁੱਗ ਵਿਚ ਰਿਸ਼ਤਿਆਂ ਅਤੇ ਅਪਰਾਧ ਦਾ ਗੂੜ੍ਹਾ ਰਿਸ਼ਤਾ ਕਾਇਮ ਹੋ ਚੁੱਕਿਆ ਹੈ। ਪਹਿਲਾਂ ਬ੍ਰਬਰਤਾ ਸਿਰਫ ਦਾਜ, ਹੱਤਿਆ, ਬੱਚੀ ਹੱਤਿਆ ਆਦਿ ਤੱਕ ਸੀਮਤ ਸੀ ਪਰ ਅੱਜ ਕੀ ਮਾਤਾ, ਕੀ ਪਿਤਾ, ਕੀ ਪਤਨੀ, ਕੀ ਪਤੀ, ਕੀ ਪੁੱਤਰ, ਕੀ ਪੁੱਤਰੀ, ਉਹਨਾਂ 'ਤੇ ਅੱਤਿਆਚਾਰ, ਹੱਤਿਆ ਅਤੇ ਧੋਖੇਬਾਜ਼ੀ ਦੇ ਉਹ ਮਾਮਲੇ ਸਾਹਮਣੇ ਆ ਰਹੇ ਹਨ, ਜਿਹਨਾਂ ਨੂੰ ਸੁਣ ਕੇ ਰੂਹ ਕੰਬ ਉੱਠੇ ਪਰ ਇਹ ਅੱ-ਤਿਆਚਾਰ ਵੀ ਤਾਂ ਇਨਸਾਨ ਹੀ ਕਰ ਰਿਹਾ ਹੈ। ਉਹ ਐਨਾ ਨਿਰਦਈ ਪਹਿਲਾਂ ਕਦੀ ਵੀ ਨਹੀਂ ਸੀ ਜਿੰਨਾ ਕਿ ਅੱਜ ਹੈ। ਕਿਸੇ ਦੇ ਜ਼ਖ਼ਮਾਂ 'ਤੇ ਮਰਹਮ ਲਗਾਉਣ ਵਾਲੇ ਅੱਜ ਦੇ ਯੁੱਗ ਵਿਚ ਮਿਲਣੇ ਬੜੇ ਔਖੇ ਹਨ ਜਦਕਿ ਆਪਣੇ ਹੀ ਧੋਖੇਬਾਜ਼ ਹੁੰਦੇ ਜਾ ਰਹੇ ਹਨ। ਪੈਸਾ-ਜਾਇਦਾਦ ਨੂੰ ਲੈ ਕੇ ਅਕਸਰ ਮਾਤਾ-ਪਿਤਾ ਆਪਣੀਆਂ ਔਲਾਦਾਂ 'ਤੇ ਰੋਅਬ ਪਾਉਂਦੇ ਹਨ, ਉਹਨਾਂ ਨੂੰ ਆਪਣੀ ਜਾਇਦਾਦ ਤੋਂ ਬੇਦਖਲ ਕਰਨ ਦੀਆਂ ਧਮਕੀਆਂ ਦਿੰਦੇ ਹਨ। ਕੁਝ ਮਾਤਾ-ਪਿਤਾ ਤਾਂ ਇਹ ਕਦਮ ਚੁੱਕਣ ਤੋਂ ਨਹੀਂ ਖੁੰਝਦੇ। ਨਤੀਜਾ ਔਲਾਦਾਂ ਅਪਰਾਧੀ ਬਣ ਜਾਂਦੀਆਂ ਹਨ ਅਤੇ ਆਪਣੀ ਜਾਨ ਨਾਲੋਂ ਵੱਧ ਚਾਹੁਣ ਵਾਲੇ ਮਾਤਾ-ਪਿਤਾ ਦੀ ਜਾਨ ਹੀ ਲੈ ਲੈਂਦੀਆਂ ਹਨ। ਦੋਸ਼ੀ ਕੌਣ? ਮਾਤਾ-ਪਿਤਾ ਜਾਂ ਔਲਾਦ। ਮਾਤਾ-ਪਿਤਾ ਉਹਨਾਂ ਨੂੰ ਸੁਧਾਰਨ ਦੀ ਬਜਾਏ ਉਹਨਾਂ ਨੂੰ ਅਪਰਾਧ ਦੇ ਲਈ ਉਕਸਾਉਂਦੇ ਹਨ।

ਬੁਖਲਾਈ ਹੋਈ ਔਲਾਦ ਅੱਖ ਬੰਦ ਕਰਕੇ, ਉਹਨਾਂ ਦੀ ਹੱਤਿਆ ਜਿਹਾ ਗੁਨਾਹ ਕਰ ਬਹਿੰਦਾ ਹੈ। ਹੰਝੂ ਕੇਰਦੀ ਹੈ ਰਿਸ਼ਤਿਆਂ ਦੀ ਉਹ ਡੋਰ ਜੋ ਕਦੀ ਉਹਨਾਂ ਔਲਾਦਾਂ ਦੇ ਲਈ ਆਪਣੀਆਂ ਰਾਤਾਂ ਦੀ ਨੀਂਦ ਗੁਆਉਂਦੀ ਸੀ। ਆਪਣੀ ਭੁੱਖ-ਪਿਆਸ ਦੀ ਪਰਵਾਹ ਨਹੀਂ ਕਰਦੀ ਸੀ ਪਰ ਆਪਣੇ-ਆਪਣੇ ਬੱਚਿਆਂ ਦੇ ਲਈ ਹਰ ਵੇਲੇ ਹਾਜ਼ਰ ਰਹਿੰਦੀ ਸੀ।

ਇਕ ਮਮਤਾ ਵਾਲਾ ਰਿਸ਼ਤਾ ਕਲੰਕਿਤ ਹੋ ਰਿਹਾ ਹੈ।ਪਰ ਉਸ ਅੱਤਿਆਚਾਰ ਦਾ ਦੋਸ਼ੀ ਕੌਣ ਹੈ, ਜਿਸ ਵਿਚ ਇਕ ਰਿਸ਼ਤੇਦਾਰ ਹੀ ਆਪਣੀ ਰਿਸ਼ਤੇ ਦੀ ਬੇਟੀ, ਭੈਣ, ਲੜਕੀ ਦੇ ਨਾਲ ਭੈੜਾ ਵਰਤਾਅ ਕਰਦਾ ਹੈ। ਬੇਟੀ ਹੀ ਨਹੀਂ, ਬੇਟੀ ਦੇ ਲਈ ਵੀ ਬਹੁਤ ਬੁਰਾ ਸਮਾਂ ਆ ਚੁੱਕਿਆ ਹੈ। ਘੱਟ ਉਮਰ ਦੇ ਹੋਣ ਜਾਂ ਟੀਨੇਜ ਹੋਣ ਇਹਨਾਂ ਮਾਸੂਮਾਂ ਦੇ ਨਾਲ ਕੀਤੇ ਗਏ ਦੁਰਵਿਵਹਾਰ ਦਾ ਦੋਸ਼ੀ ਕੌਣ? ਰਿਸ਼ਤਿਆਂ ਦੇ ਪਰਦੇ ਉਹਲੇ ਮਾਸੂਮ ਬਚਪਨ ਨਾਲ ਖੇਡਣ ਵਾਲਿਆਂ ਨੂੰ ਸਜ਼ਾ ਕੌਣ ਦੇਵੇ? ਉਹ ਨਿੱਕੀ ਜਿਹੀ ਜ਼ੁਬਾਨ ਦੋਸ਼ੀ ਨਹੀਂ ਹੋ ਸਕਦੀ। ਤਾਂ ਕੀ ਉਹ ਦੁਰਾਚਾਰੀ ਹੀ ਅਸਲ ਦੋਸ਼ੀ ਹੈ ਜੋ ਰਿਸ਼ਤਿਆਂ ਨੂੰ ਕਲੰਕਿਤ ਕਰਦਾ ਹੈ?

ਫਿਰ ਉਸ ਮਾਤਾ-ਪਿਤਾ ਨੂੰ ਕੀ ਕਹਾਂਗੇ, ਜਿਹਨਾਂ ਨੇ ਆਪਣੇ ਸੁੱਖ ਦੇ ਲਈ ਆਪਣੀ ਔਲਾਦ ਦੇ ਦਿਨ-ਰਾਤ ਦੀ ਖ਼ਬਰ ਹੀ ਨਹੀਂ ਹੁੰਦੀ। ਸਿਰਫ ਪੈਦਾ ਕਰਨ ਨਾਲ ਹੀ ਉਹਨਾਂ ਦੀ ਆਪਣੇ ਬੱਚਿਆਂ ਦੇ ਪ੍ਰਤੀ ਜ਼ਿੰਮੇਵਾਰੀ ਖਤਮ ਨਹੀਂ ਹੁੰਦੀ, ਬਲਕਿ ਉਹਨਾਂ ਦੀ ਉਸ ਉਮਰ ਤੱਕ ਉਹਨਾਂ ਦਾ ਸਾਥ ਦੇਣਾ ਹੁੰਦਾ ਹੈ ਜਦੋਂ ਤੱਕ ਉਹ ਸਮਝਦਾਰ ਨਹੀਂ ਹੋ ਜਾਂਦੇ ਜਾਂ ਉਹਨਾਂ ਨੂੰ ਕੋਈ ਜੀਵਨ ਸਾਥੀ ਨਹੀਂ ਮਿਲ ਜਾਂਦਾ। ਵੈਸੇ ਤਾਂ ਪਿਆਰ ਹੁਣ ਕਿਸੇ ਵੀ ਰਿਸ਼ਤੇ ਵਿਚ ਜ਼ਿਆਦਾ ਸਮੇਂ ਤੱਕ ਟਿਕ ਹੀ ਨਹੀਂ ਸਕਦਾ। ਖ਼ੂਨ ਦੇ ਰਿਸ਼ਤਿਆਂ ਵਿਚ ਵੀ ਇਕ-ਦੂਜੇ ਦੇ ਲਈ ਨਫ਼ਰਤ ਘਰ ਕਰ ਜਾਂਦੀ ਹੈ, ਖੜੋਤ ਆ ਜਾਂਦੀ ਹੈ। ਇਹੋ ਜਿਹੇ ਵਿਚ ਉਹ ਡੋਰ ਕਿਵੇਂ ਬਚੀ ਰਹਿ ਸਕਦੀ ਹੈ, ਜਿਹੜੀ ਦੋ ਅਜਨਬੀਆਂ ਨੂੰ ਇਕ ਦੂਜੇ ਨਾਲ ਜੋੜ ਦਿੰਦੀ ਹੈ।

ਕੁਝ ਪਤੀ-ਪਤਨੀ ਤਾਂ ਇਕ-ਦੂਜੇ ਦੇ ਕਦੀ ਹੋ ਹੀ ਨਹੀਂ ਪਾਉਂਦੇ। ਇਸ ਰਿਸ਼ਤੇ ਵਿਚ ਵਫ਼ਾ ਦੀ ਜਿੰਨੀ ਅਹਿਮੀਅਤ ਹੈ ਦੂਸਰੀ ਕਿਸੇ ਚੀਜ਼ ਦੀ ਨਹੀਂ ਪਰ ਵਫ਼ਾ ਕਿੱਥੇ ਹੈ? ਬਹੁਤ ਵਾਰ ਪਤੀ ਕਿਸੇ ਦੂਸਰੀ ਔਰਤ ਦਾ ਹੋ ਜਾਂਦਾ ਹੈ ਤਾਂ ਕਿੰਨੀ ਹੀ ਵਾਰ ਪਤਨੀ ਵੀ ਇਸ ਰਾਹੇ ਪੈ ਜਾਂਦੀ ਹੈ। ਫਿਰ ਸ਼ੁਰੂ ਹੋ ਜਾਂਦਾ ਹੈ ਹੱਤਿਆਵਾਂ ਦਾ ਸਿਲਸਿਲਾ। ਇਕ-ਦੂਜੇ ਨੂੰ ਆਪਣੇ ਰਾਹ 'ਚੋਂ ਪਰ੍ਹਾਂ ਕਰਨ ਦਾ ਬੁਰਾ ਖੇਲ। ਕਦੀ-ਕਦੀ ਆਪਣੇ ਨਿਰਦੋਸ਼ ਜੀਵਨ ਸਾਥੀ ਦੇ ਚਰਿੱਤਰ 'ਤੇ ਸਿਰਫ ਸ਼ੱਕ ਕਰਕੇ ਹੀ ਉਸ ਨੂੰ ਦੋਸ਼ੀ ਕਰਾਰ ਦੇ ਕੇ ਮੌਤ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਇਹ ਘਟਨਾਵਾਂ ਆਮ ਹਨ ਜੋ ਇਹਨਾਂ ਰਿਸ਼ਤਿਆਂ ਦਾ ਗਲ ਘੁੱਟ ਕੇ ਵਧਦੀਆਂ ਹੀ ਜਾ ਰਹੀਆਂ ਹਨ।

ਹਰ ਪੈਰ 'ਤੇ ਠੋਕਰਾਂ ਹਨ। ਕੁਝ ਰਿਸ਼ਤੇ ਹੀ ਇਕੋ ਜਿਹੀਆਂ ਰਾਹਾਂ 'ਤੇ ਵਧਣ ਤੋਂ ਪਹਿਲਾਂ ਹੀ ਹੱਲ ਹੋ ਜਾਂਦੇ ਹਨ ਪਰ ਬੇਰਹਿਮੀ ਦਾ ਇਹ ਦੌਰ ਇਨਸਾਨੀ ਅੱਖਾਂ 'ਚੋਂ ਹੰਝੂਆਂ ਨੂੰ ਸੁਕਾ ਚੁੱਕਾ ਹੈ। ਰੋਈਏ ਵੀ ਤਾਂ ਕੀਹਦੇ ਸਾਹਮਣੇ, ਜਦ ਸੁਣਨ ਵਾਲਾ ਹੀ ਕੋਈ ਨਹੀਂ। ਇੱਥੇ ਸਾਰੇ ਦੋਸ਼ੀ ਹਨ। ਇਹ ਨਵਾਂ ਸਮਾਜ ਹੈ ਜੋ ਬਿਲਕੁਲ ਬੇਜਾਨ ਅਤੇ ਖੋਖਲਾ ਹੈ। ਇੱਥੇ ਹਰ ਕੋਈ ਦੂਜੇ ਦੀ ਖੁਸ਼ੀ ਤੋਂ ਸੜਦਾ ਹੈ। ਜੇਕਰ ਇਹ ਸਾੜਾ ਇਹਨਾਂ ਰਿਸ਼ਤਿਆਂ ਤੋਂ ਦੂਰ ਹੋ ਜਾਵੇ ਤਾਂ ਉਹਨਾਂ ਵਿਚ ਪਿਆਰ ਪੈਦਾ ਹੋ ਸਕਦਾ ਹੈ ਪਰ ਇਹ ਕਿਸੇ ਇਕ ਆਦਮੀ ਦੀ ਜ਼ਿੰਮੇਵਾਰੀ ਤਾਂ ਨਹੀਂ। ਆਪਣੇ ਆਪਸੀ ਰਿਸ਼ਤਿਆਂ ਦੀਆਂ ਜੜ੍ਹਾਂ ਮਜ਼ਬੂਤ ਕਰਨ ਦੇ ਲਈ ਸਾਨੂੰ ਸਾਰਿਆਂ ਨੂੰ ਰਿਸ਼ਤਿਆਂ ਪ੍ਰਤੀ ਇਕ ਨਰੋਈ ਸੋਚ ਦਾ ਸੰਚਾਰ ਕਰਨ ਦੀ ਲੋੜ ਹੈ। ਰਿਸ਼ਤਿਆਂ ਵਿਚ ਆਪਣਾਪਣ ਹੋਵੇਗਾ ਤਾਂ ਖ਼ੂੰਖਾਰਪੁਣੇ ਦੇ ਲਈ ਕੋਈ ਥਾਂ ਹੀ ਨਹੀਂ ਬਚੇਗੀ। ਤਦੇ ਹੀ ਤਾਂ ਰਿਸ਼ਤਿਆਂ ਨਾਲ ਨਿਆ ਹੋਵੇਗਾ।

# ਚਲ ਰਹੇ ਪਾਰਲੀਮੈਂਟ ਅਜਲਾਸ ਵਿਚ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਘੋਸ਼ਿਤ ਕਰਨ ਲਈ ਬਿੱਲ ਪਾਸ ਕੀਤਾ ਜਾਵੇ: ਅੰਮ੍ਰਿਤਸਰ ਵਿਕਾਸ ਮੰਚ

ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਰਾਸ਼ਟਰਪਤੀ ਸ੍ਰੀ ਪ੍ਰਨਾਬ ਮੁਖਰਜੀ ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਖ-ਵੱਖ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਚਲ ਰਹੇ ਪਾਰਲੀਮੈਂਟ ਅਜਲਾਸ ਵਿਚ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਘੋਸ਼ਿਤ ਕਰਨ ਲਈ ਬਿੱਲ ਪਾਸ ਕੀਤਾ ਜਾਵੇ।ਮੰਚ ਆਗੂ ਅਨੁਸਾਰ ਜਦ ਸ. ਨਵਜੋਤ ਸਿੰਘ ਸਿੱਧੂ ਲੋਕ ਸਭਾ ਦੇ ਮੈਂਬਰ ਸਨ ਤਾਂ ਉਨ੍ਹਾਂ 11 ਦਸੰਬਰ 2009 ਨੂੰ ਲੋਕ ਸਭਾ ਵਿਚ ਧਿਆਨ ਦਿਵਾਊ ਮਤੇ ਵਿਚ ਲੋਕ ਸਭਾ ਵਿਚ ਮੰਗ ਕੀਤੀ ਸੀ ਕਿ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਘੋਸ਼ਿਤ ਕੀਤਾ ਜਾਵੇ, ਜਿਸ ਦੀ ਕਾਂਗਰਸ ਪਾਰਟੀ ਵੱਲੋਂ ਉਸ ਸਮੇਂ ਦੇ ਲੋਕ ਸਭਾ ਮੈਂਬਰ ਸ. ਪ੍ਰਤਾਪ ਸਿੰਘ ਬਾਜਵਾ ਨੇ ਵੀ ਹਮਾਇਤ ਕੀਤੀ ਸੀ। ਇਸ ਸਮੇਂ ਵਿਦੇਸ਼ ਮੰਤਰੀ ਸ੍ਰੀ ਮਤੀ ਸੁਸ਼ਮਾ ਸਵਰਾਜ, ਕੇਂਦਰੀ ਮੰਤਰੀ ਸ੍ਰੀ ਮਤੀ ਹਰਸਿਮਰਤ ਕੌਰ ਬਾਦਲ ਤੇ ਹੋਰ ਕਈ ਮੈਂਬਰ ਜੋ ਉਸ ਸਮੇਂ ਵਿਰੋਧੀ ਪਾਰਟੀ ਵਿਚ ਸਨ ਨੇ ਵੀ ਇਸ ਮੰਗ ਦੀ ਹਮਾਇਤ ਕੀਤੀ ਸੀ।ਪਰ ਸਰਕਾਰ ਨੇ ਇਹ ਮੰਗ ਠੁਕਰਾ ਦਿੱਤੀ ਸੀ। ਉਸ ਸਮੇਂ ਦੇ ਕੇਂਦਰੀ ਮੰਤਰੀ ਸ੍ਰੀ ਵੀ.ਨਰਾਇਣਾਸਵਾਮੀ ਨੇ ਕਿਹਾ ਸੀ ਕਿ ਨਾ ਤਾਂ ਭਾਰਤੀ ਸੰਵਿਧਾਨ ਵਿਚ ਅਤੇ ਨਾ ਹੀ ਯੂਨੈਸਕੋ ਦੇ ਨਿਯਮਾਂ ਵਿਚ ਕਿਸੇ ਵੀ ਸ਼ਹਿਰ ਨੂੰ ਵਿਰਾਸਤੀ ਸ਼ਹਿਰ ਘੋਸ਼ਿਤ ਕਰਨ ਦਾ ਪ੍ਰਬੰਧ ਹੈ। ਕੋਈ ਸਮਾਰਕ ਤਾਂ ਵਿਰਾਸਤ ਘੋਸ਼ਿਤ ਕੀਤਾ ਜਾ ਸਕਦਾ ਹੈ ਪਰ ਸਮੁਚਾ ਸ਼ਹਿਰ ਘੋਸ਼ਿਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਲੀਲ ਦਿੱਤੀ ਸੀ ਕਿ ਤਾਜ ਮਹੱਲ ਯੂਨੈਸਕੋ ਦੀ ਵਿਰਾਸਤੀ ਸੂਚੀ ਵਿਚ ਹੈ ਪਰ ਆਗਰਾ ਸ਼ਹਿਰ ਨਹੀਂ ਹੈ,ਜਿੱਥੇ ਇਹ ਸਥਿਤ ਹੈ।




Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

## ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੇ ਜਨਮ ਦਿਨ 'ਤੇ

# 'ਜਦੋਂ ਗੱਜਿਆ ਲੰਡਨ ਵਿਚ ਸੂਰਮਾ'



ਐਚ.ਐਲ.ਕਪੂਰ
916- 587-4002

ਲੋਕਾਂ ਵਿਚ ਇਹ ਆਮ ਧਾਰਨਾ ਹੈ ਕਿ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਨੇ ਜਨਰਲ ਡਾਇਰ ਨੂੰ ਮਾਰ ਕੇ ਜੱਲ੍ਹਿਆਂ ਵਾਲੇ ਬਾਗ ਦੇ ਹੱਤਿਆ ਕਾਂਡ ਦਾ ਬਦਲਾ ਲਿਆ ਸੀ ਪਰ ਭਾਰਤ ਦੇ ਇਸ ਮਹਾਨ ਸਪੂਤ ਨੇ ਬ੍ਰਿਗੇਡੀਅਰ ਜਨਰਲ ਰੇਜ਼ੀਨਲਡ ਇਡਵਰਡ ਹੈਰੀ ਡਾਇਰ ਨੂੰ ਨਹੀਂ ਸਗੋਂ ਮਾਈਕਲ ਓਡਵਾਇਰ ਨੂੰ ਜੋ ਉਸ ਸਮੇਂ ਪੰਜਾਬ ਪ੍ਰਾਂਤ ਦਾ ਗਵਰਨਰ ਸੀ, ਨੂੰ ਮਾਰਿਆ ਸੀ, ਜਿਸ ਦੇ ਹੁਕਮਾਂ ਨਾਲ 13 ਅਪ੍ਰੈਲ, 1919 ਈਸਵੀ ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਇਹ ਹੱਤਿਆ ਕਾਂਡ ਹੋਇਆ ਸੀ। ਉਸ ਨੇ ਨਿਰਦੋਸ਼ ਭਾਰਤੀਆਂ 'ਤੇ ਜੋ ਪੁਰਅਮਨ ਤਰੀਕੇ ਨਾਲ ਆਪਣੀ ਸਭਾ ਕਰ ਰਹੇ ਸਨ, ਉਹਨਾਂ ਤੇ ਬਿਨਾਂ ਕਿਸੇ ਚਿਤਾਵਨੀ ਦਿੱਤਿਆਂ ਅੰਧਾ-ਧੁੰਦ ਗੋਲੀਆਂ ਚਲਾ ਕੇ ਇਸ ਤਰ੍ਹਾਂ ਦੀ ਬਰਬਰਤਾ ਪੂਰਨ ਕਾਰਵਾਈ ਕੀਤੀ ਸੀ ਤਾਂ ਜੋ ਭਾਰਤੀਆਂ ਵਿਚ ਦਹਿਸ਼ਤ ਪੈਦਾ ਕੀਤੀ ਜਾ ਸਕੇ। ਉਹ ਚਾਹੁੰਦਾ ਸੀ ਕਿ ਭਾਰਤੀ ਲੋਕ ਅੰਗਰੇਜ਼ ਸਰਕਾਰ ਦੇ ਖਿਲਾਫ ਆਜ਼ਾਦੀ ਲਈ ਆਪਣੀ ਜੁਬਾਨ ਨਾ ਖੋਲ੍ਹਣ। ਸਰਦਾਰ ਊਧਮ ਸਿੰਘ ਇਸ ਘਟਨਾ ਲਈ ਗਵਰਨਰ ਮਾਈਕਲ ਓਡਵਾਇਰ ਨੂੰ ਜ਼ਿੰਮੇਵਾਰ ਸਮਝਦਾ ਸੀ।

26 ਦਸੰਬਰ, 1899 ਨੂੰ ਪੰਜਾਬ ਵਿਚ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਕਸਬੇ ਵਿਚ ਜਨਮੇ ਸਰਦਾਰ ਊਧਮ ਸਿੰਘ ਜੀ ਨੇ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਇਸ ਨਰਸੰਹਾਰ ਦਾ ਬਦਲਾ ਲੈਣ ਲਈ, ਜਿਸ ਵਿਚ ਸੈਂਕੜੇ ਭਾਰਤੀਆਂ ਦੀ ਸਮੂਹਿਕ ਹੱਤਿਆ ਕੀਤੀ ਸੀ, ਦਾ ਬਦਲਾ 21 ਸਾਲ ਬਾਅਦ ਅੰਗਰੇਜ਼ਾਂ ਦੇ ਘਰ ਜਾ ਕੇ ਲਿਆ ਸੀ। ਇਸ ਤਰ੍ਹਾਂ ਵਿਦੇਸ਼ੀ ਧਰਤੀ 'ਤੇ ਜਾ ਕੇ ਕਿਸੇ ਦੇ ਘਰ ਵਿਚ ਇਸ ਤਰ੍ਹਾਂ ਦੀ ਹਕੀਕਤ ਨੂੰ ਅੰਜ਼ਾਮ ਦੇਣਾ ਇਕ ਬਹੁਤ ਹੀ ਮਹਾਨਤਾ ਪੂਰਵਕ ਕੰਮ ਸੀ। ਇਸੇ ਲਈ ਹੀ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੀ ਇਹ ਕੁਰਬਾਨੀ ਉਹਨਾਂ ਨੂੰ ਦੂਸਰੇ ਹੋਰ ਆਜ਼ਾਦੀ ਦੇ ਕੌਮੀ ਪ੍ਰਵਾਨਿਆਂ ਨਾਲੋਂ ਸਿਰਮੌਰ ਰੱਖਦੀ ਹੈ।

ਇਤਿਹਾਸਕਾਰ ਡਾ: ਸਰਵਦਾ ਨੰਦਨ ਦੇ ਅਨੁਸਾਰ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਭਾਰਤ ਵਿਚ ਸਭ ਧਰਮਾਂ ਨੂੰ ਪਿਆਰ ਕਰਦੇ ਸਨ। ਇਸੇ ਲਈ ਹੀ ਉਹਨਾਂ ਨੇ ਆਪਣਾ ਨਾਮ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਜਿਹੜਾ ਕਿ ਭਾਰਤ ਦੇ ਤਿੰਨਾਂ ਧਰਮਾਂ ਦਾ ਪ੍ਰਤੀਕ ਹੈ ਪਰ ਇਤਿਹਾਸਕਾਰ ਸ: ਨਵਤੇਜ ਸਿੰਘ ਜੀ ਆਪਣੀ ਲਿਖੀ ਸ: ਊਧਮ ਸਿੰਘ ਜੀ ਦੀ ਜੀਵਨੀ ਵਿਚ ਲਿਖਦੇ ਹਨ ਕਿ ਜਦੋਂ ਸਰਦਾਰ ਊਧਮ ਸਿੰਘ ਜੀ ਇੰਗਲੈਂਡ ਗਏ ਤੇ ਉਹਨਾਂ ਨੇ ਇਕ ਮੁਸਲਮਾਨ ਔਰਤ ਨਾਲ ਸ਼ਾਦੀ ਕਰ ਲਈ ਸੀ ਤੇ ਆਪਣਾ ਨਾਂ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਇਹ ਬਿਆਨ ਸਰਦਾਰ ਊਧਮ ਸਿੰਘ ਜੀ ਨੇ ਬ੍ਰਿਟਿਸ਼ ਕੋਰਟ ਵਿਚ ਵੀ ਦਿੱਤਾ ਸੀ ਪਰ ਇਸ ਤੋਂ ਇਲਾਵਾ ਉਹਨਾਂ ਦੇ ਹੋਰ ਵੀ ਕਈ ਨਾਮ ਸਨ ਜਿਵੇਂ: ਊਧਵਨ ਸਿੰਘ, ਊਧੇ ਸਿੰਘ, ਫਰੈਂਕ ਬਰਾਜੀਲ ਆਦਿ। ਇਹ ਨਾਮ ਉਹਨਾਂ ਨੇ ਆਪਣੀ ਗੁਪਤਤਾ ਬਣਾਈ ਰੱਖਣ ਲਈ ਬਦਲੇ ਸਨ। ਇਹ ਜ਼ਰੂਰੀ ਵੀ ਸੀ ਕਿ ਉਹਨਾਂ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਰਗਰਮੀ ਨੂੰ ਕੋਈ ਪਛਾਣ ਕੇ ਸ਼ਿਕਾਇਤ ਨਾ ਕਰ ਦੇਵੇ ਤਾਂ ਜੋ ਉਹ ਛੇਤੀ ਪਕੜੇ ਨਾ ਜਾ ਸਕਦੇ।

ਸਰਦਾਰ ਊਧਮ ਸਿੰਘ ਜੀ ਅਨਾਥ ਸਨ। ਸੰਨ 1901 ਵਿਚ ਉਨ੍ਹਾਂ ਦੀ ਮਾਤਾ ਤੇ ਸੰਨ 1907 ਵਿਚ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਉਹਨਾਂ ਦੀ ਪਰਵਰਿਸ਼ ਕਰਨ ਵਾਲਾ ਕੋਈ ਨਾ ਰਿਹਾ ਤੇ ਉਹਨਾਂ ਨੂੰ ਤੇ ਉਹਨਾਂ ਦੇ ਵੱਡੇ ਭਰਾ ਨੂੰ ਅੰਮ੍ਰਿਤਸਰ ਦੇ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਵਿਖੇ ਲਿਆਂਦਾ ਗਿਆ। ਉਹਨਾਂ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਤੇ ਭਰਾ ਦਾ ਨਾਮ ਮੁਕਤਾ ਸਿੰਘ ਸੀ, ਪ੍ਰੰਤੂ ਅਨਾਥ ਆਸ਼ਰਮ ਵਿਚ ਕ੍ਰਮਵਾਰ ਉਹਨਾਂ ਨੂੰ ਊਧਮ ਸਿੰਘ ਤੇ ਸਾਧੂ ਸਿੰਘ ਦੇ ਨਵੇਂ ਨਾਮ ਮਿਲੇ।

ਅਨਾਥ ਆਸ਼ਰਮ ਵਿਚ ਅਜੇ ਦੋਹਾਂ ਭਰਾਵਾਂ ਦੀ ਜ਼ਿੰਦਗੀ ਚੱਲ ਹੀ ਰਹੀ ਸੀ ਕਿ ਉਹਨਾਂ ਦੇ ਵੱਡੇ ਭਰਾ ਦੀ 1917 ਵਿਚ ਮੌਤ ਹੋ ਗਈ ਤੇ ਇਸ ਸੰਸਾਰ ਵਿਚ ਊਧਮ ਸਿੰਘ ਜੀ ਇਕੱਲੇ ਰਹਿ ਗਏ। ਆਸ਼ਰਮ ਵਿਚ ਰਹਿੰਦਿਆਂ ਹੀ ਊਧਮ ਸਿੰਘ ਜੀ ਨੇ ਆਪਣੀ ਮੈਟ੍ਰਿਕ ਦੀ ਪ੍ਰੀਖਿਆ ਵੈਜਨਾਥ ਹਾਈ ਸਕੂਲ ਅੰਮ੍ਰਿਤਸਰ ਤੋਂ 1918 ਵਿਚ ਪਾਸ ਕਰ ਲਈ ਤੇ ਸੰਨ 1919 ਵਿਚ ਅਨਾਥ ਆਸ਼ਰਮ ਛੱਡ ਦਿੱਤਾ ਤੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਲੜਾਈ ਵਿਚ ਸ਼ਾਮਲ ਹੋ ਗਏ।

ਸਰਦਾਰ ਊਧਮ ਸਿੰਘ ਜੀ ਦਾ ਜਨਮ ਇਕ ਹਿੰਦੂ ਗਰੀਬ ਕਿਸਾਨ ਜੰਮੂ ਕੰਬੋਜ ਪਰਿਵਾਰ ਵਿਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਚੂਹੜ ਸਿੰਘ ਸੀ, ਜੋ ਅੰਮ੍ਰਿਤ ਛਕਣ ਉਪਰੰਤ ਸਿੱਖ ਧਰਮ ਗ੍ਰਹਿਣ ਕਰਕੇ ਟਹਿਲ ਸਿੰਘ ਜੰਮੂ ਹੋ ਗਿਆ। ਇਤਿਹਾਸਕਾਰ ਸ੍ਰੀ ਚਮਨ ਲਾਲ ਜੀ ਆਪਣੀ ਇਕ ਰਚਨਾ ਵਿਚ ਇਸ ਪਰਿਵਾਰ ਨੂੰ ਸਿੱਖ ਧਰਮ ਗ੍ਰਹਿਣ ਕਰਨ ਤੋਂ ਪਹਿਲਾਂ ਇਕ ਦਲਿਤ ਹਿੰਦੂ ਕਿਸਾਨ ਪਰਿਵਾਰ ਦਾ ਨਾਮ ਵੀ ਦਿੰਦੇ ਹਨ।

ਊਧਮ ਸਿੰਘ ਜੀ ਦੇ ਪਿਤਾ ਭਾਰਤ ਸਰਕਾਰ ਦੇ ਰੇਲਵੇ ਵਿਭਾਗ ਵਿਚ ਕਰਾਸਿੰਗ ਵਾਚਮੈਨ ਦੇ ਅਹੁਦੇ ਤੇ ਪਿੰਡ ਉਪਲੀ ਵਿਖੇ ਨਿਯੁਕਤ ਸਨ। ਇਤਿਹਾਸਕਾਰ ਸ: ਨਵਤੇਜ ਸਿੰਘ ਜੀ ਆਪਣੀ ਪੁਸਤਕ ਵਿਚ ਲਿਖਦੇ ਹਨ ਕਿ ਸਰਦਾਰ ਊਧਮ ਸਿੰਘ ਜੀ ਨੇ ਵੀ 'ਨਾਰਦਰਨ ਵੈਸਟਰਨ ਰੇਲਵੇ' ਵਿਚ 1917 ਤੋਂ 1922 ਤੱਕ ਬਤੌਰ ਇਕ ਟਰੇਨੀ ਡਰਾਈਵਰ, ਫਾਇਰ ਮੈਨ ਜਾਂ ਗਾਰਡ ਦੇ ਤੌਰ ਤੇ ਨੌਕਰੀ ਕੀਤੀ ਤੇ 'ਇੰਡੀਆ ਜਨਰਲ ਸਰਵਿਸ' ਦਾ ਮੈਡਲ ਵੀ ਵਜ਼ੀਰਸਥਾਨ ਕੰਮਪੇਨ ਜੋ 1919 ਤੋਂ 1921 ਤੱਕ ਚਲੀ ਸੀ ਦੇ ਬਦਲੇ ਵਿਚ ਪ੍ਰਾਪਤ ਕੀਤਾ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਪ੍ਰਮੁੱਖ ਨੇਤਾ ਡਾ: ਸਤਪਾਲ ਤੇ ਡਾ ਸੈਫੁਦੀਨ ਕਿਚਲੂ ਤੇ ਉਹਨਾਂ ਦੇ ਨਾਲ ਕੁਝ ਹੋਰ ਨੇਤਾਵਾਂ ਨੂੰ ਰੋਲਟ ਐਕਟ ਦਾ ਵਿਰੋਧ ਕਰਨ ਤੇ ਮਿਤੀ 10 ਅਪ੍ਰੈਲ, 1919 ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਇਸ ਦਾ ਵਿਰੋਧ ਕਰ ਰਹੀ ਭੀੜ ਤੇ ਅੰਗਰੇਜ਼ ਸਰਕਾਰ ਨੇ ਲਾਠੀਚਾਰਜ ਕੀਤਾ ਤੇ ਗੋਲੀ ਵੀ ਚਲਾਈ। ਇਸ ਤੇ ਭੀੜ ਆਪੇ ਤੋਂ ਬਾਹਰ ਹੋ ਗਈ ਤੇ ਪੁਲਿਸ ਨਾਲ ਝੜੱਪਾਂ ਵਿਚ ਚਾਰ ਅੰਗਰੇਜ਼ ਵੀ ਮਾਰੇ ਗਏ ਤੇ ਇਸ ਭੀੜ ਨੇ ਬ੍ਰਿਟਿਸ਼ ਬੈਂਕਾਂ ਨੂੰ ਅੱਗ ਵੀ ਲਗਾ ਦਿੱਤੀ। ਰੋਲਟ ਐਕਟ ਇਕ ਅਜਿਹਾ ਐਕਟ ਸੀ, ਜਿਹੜਾ ਭਾਰਤੀਆਂ ਦੇ ਮੂਲ ਅਧਿਕਾਰਾਂ ਨੂੰ ਖਤਮ ਕਰਨ ਵਾਲਾ ਐਕਟ ਸੀ।

ਇਹਨਾਂ ਉਕਤ ਨੇਤਾਵਾਂ ਦੀ ਰਿਹਾਈ ਲਈ ਤੇ ਰੋਲਟ ਐਕਟ ਦੇ ਵਿਰੋਧ ਵਿਚ ਅੰਮ੍ਰਿਤਸਰ ਜਲ੍ਹਿਆਂਵਾਲਾ ਬਾਗ ਵਿਖੇ ਲੋਕਾਂ ਨੇ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਇਕ ਸਭਾ ਰੱਖੀ। ਇਸ ਸਭਾ ਵਿਚ ਕੋਈ 20 ਹਜ਼ਾਰ ਦੇ ਕਰੀਬ ਲੋਕ ਇਕੱਤਰ ਸਨ। ਇਸ ਸਭਾ ਵਿਚ ਸਰਦਾਰ ਊਧਮ ਸਿੰਘ ਜੀ ਤੇ ਯਤੀਮਖਾਨੇ ਦੇ ਉਹਨਾਂ ਦੇ ਕੁਝ ਸਾਥੀ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਹੇ ਸਨ।



ਇਸ ਸਭਾ ਤੋਂ ਗੁੱਸੇ ਵਿਚ ਆਏ ਉਸ ਸਮੇਂ ਪੰਜਾਬ ਪ੍ਰਾਂਤ ਦੇ ਗਵਰਨਰ ਮਾਈਕਲ ਓਡਵਾਇਰ ਨੇ ਬ੍ਰਿਗੇਡੀਅਰ ਜਨਰਲ ਰੇਜੀਨਲਡ ਇਡਵਰਡ ਹੈਰੀ ਡਾਇਰ ਨੂੰ ਹੁਕਮ ਦਿੱਤਾ ਕਿ ਭਾਰਤੀਆਂ ਨੂੰ ਅਜਿਹਾ ਸਬਕ ਸਿਖਾਏ ਜਿਸ ਨਾਲ ਉਹ ਆਉਣ ਵਾਲੇ ਸਮੇਂ ਵਿਚ ਅਜਿਹੀ ਸਭਾ ਨਾ ਕਰ ਸਕਣ। ਜਨਰਲ ਡਾਇਰ ਨੇ 90 ਸੈਨਿਕਾਂ ਦੀ ਮਦਦ ਨਾਲ ਜਲ੍ਹਿਆਂ ਵਾਲੇ ਬਾਗ ਨੂੰ ਘੇਰਾ ਪਾ ਲਿਆ ਤੇ ਮਸ਼ੀਨ ਗੰਨਾਂ ਨਾਲ ਅੰਨੇ-ਵਾਹ ਗੋਲੀਬਾਰੀ ਕਰਕੇ ਸੈਂਕੜੇ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਜਲ੍ਹਿਆਂ ਵਾਲੇ ਬਾਗ ਵਿਚ ਲੋਕਾਂ ਦੇ ਆਉਣ ਤੇ ਜਾਣ ਲਈ ਸਿਰਫ਼ ਇਕੋ ਹੀ ਕੋਈ ਚਾਰ ਜਾਂ ਪੰਜ ਫੁੱਟ ਦਾ ਚੌੜਾ ਬੜਾ ਤੰਗ ਜਿਹਾ ਰਸਤਾ ਹੈ , ਤੇ ਗੰਨਾਂ ਬੀੜ ਦਿੱਤੀਆਂ ਤਾਂ ਜੋ ਇਸ ਰਸਤੇ ਰਾਹੀਂ ਲੋਕ ਬਾਹਰ ਵੱਲ ਨਾ ਭੱਜ ਸਕਣ। ਬਾਕੀ ਸਾਰੇ ਬਾਗ ਦੇ ਇਰਦ-ਗਿਰਦ ਰਿਹਾਇਸ਼ੀ ਮਕਾਨਾਂ ਦੀ ਪਿੱਠ ਲੱਗਦੀ ਹੈ। ਆਪਣੀ ਜਾਨ ਬਚਾਉਣ ਲਈ ਕੁਝ ਲੋਕਾਂ ਨੇ ਦੀਵਾਰਾਂ ਚੜ੍ਹ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਕੁਝ ਇਕ ਲੋਕਾਂ ਨੇ ਜਾਨ ਬਚਾਉਣ ਲਈ ਬਾਗ ਵਿਚ ਮੌਜੂਦ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਬਾਗ ਵਿਚ ਲੱਗੇ ਬੋਰਡ ਤੇ ਲਿਖਿਆ ਹੋਇਆ ਹੈ ਕਿ 120 ਲਾਸ਼ਾਂ ਸਿਰਫ਼ ਖੂਹ ਵਿਚੋਂ ਹੀ ਮਿਲੀਆਂ।

ਸਰਕਾਰੀ ਤੌਰ ਤੇ ਮੌਤਾਂ ਦੀ ਗਿਣਤੀ 379 ਦੱਸੀ ਗਈ ਹੈ ਜਦੋਂ ਕਿ ਪੰਡਤ ਮਦਨ ਮੋਹਨ ਮਾਲਵੀਆ ਅਨੁਸਾਰ ਘੱਟ ਤੋਂ ਘੱਟ 1300 ਲੋਕ ਮਾਰੇ ਗਏ ਸੀ। ਸੁਆਮੀ ਸ਼ਰਧਾ ਨੰਦਾ ਜੀ ਦੇ ਕਥਨ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1500 ਤੋਂ ਉਪਰ ਸੀ ਜਦੋਂ ਕਿ ਉਸ ਸਮੇਂ ਦੇ ਅੰਮ੍ਰਿਤਸਰ ਦੇ ਸਿਵਲ ਸਰਜਨ ਡਾਕਟਰ ਸਮਿੱਥ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1800 ਤੋਂ ਜ਼ਿਆਦਾ ਸੀ।

ਰਾਜਨੀਤਿਕ ਕਾਰਨਾਂ ਕਰਕੇ ਜਲ੍ਹਿਆਂ ਵਾਲੇ ਬਾਗ ਵਿਚ ਹੋਈਆਂ ਮੌਤਾਂ ਦੀ ਗਿਣਤੀ ਦੇ ਅੰਕੜੇ ਕਦੇ ਸਾਹਮਣੇ ਨਹੀਂ ਆਏ। ਇਸ ਬਰਬਰਤਾਪੂਰਨ ਘਟਨਾ ਦਾ ਸਰਦਾਰ ਊਧਮ ਸਿੰਘ ਜੀ ਤੇ ਬਹੁਤ ਅਸਰ ਹੋਇਆ ਤੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੀ ਆਪਣੀ ਮੁੱਠੀ ਵਿਚ ਮਿੱਟੀ ਲੈ ਕੇ ਗਵਰਨਰ ਮਾਈਕਲ ਓਡਵਾਇਰ ਨੂੰ ਸਬਕ ਸਿਖਾਉਣ ਲਈ ਕਸਮ ਖਾਧੀ।

ਇਸ ਘਟਨਾ ਪਿੱਛੋਂ ਸ: ਊਧਮ ਸਿੰਘ ਜੀ 'ਨੌਜਵਾਨ ਕ੍ਰਾਂਤੀ ਗਰੁੱਪ' ਵਿਚ ਸ਼ਾਮਲ ਹੋ ਗਏ। ਉਹ ਸਰਦਾਰ ਭਗਤ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਸਨ। ਉਹ ਹਰ ਸਮੇਂ ਆਪਣੇ ਪਾਸ ਸਰਦਾਰ ਭਗਤ ਸਿੰਘ ਜੀ ਦੀ ਫੋਟੋ ਰੱਖਦੇ ਸਨ ਤੇ ਸਰਦਾਰ ਭਗਤ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਇਸੇ ਤਰਾਂ ਸ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਦੀ ਫੋਟੋ ਆਪਣੇ ਕੋਲ ਰੱਖਦੇ ਸਨ ਤੇ ਉਹਨਾਂ ਨੂੰ ਆਪਣਾ ਗੁਰੂ ਮੰਨਦੇ ਸਨ। ਸੰਨ 1924 ਵਿਚ ਸ: ਊਧਮ ਸਿੰਘ ਜੀ 'ਗਦਰ ਪਾਰਟੀ' ਵਿਚ ਸ਼ਾਮਲ ਹੋ ਗਏ। ਗਦਰ ਪਾਰਟੀ ਉਸ ਸਮੇਂ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਜਾਗਰਿਤ ਕਰਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਤਿਆਰ ਕਰ ਰਹੀ ਸੀ। ਸਰਦਾਰ ਊਧਮ ਸਿੰਘ ਜੀ ਰਾਮ ਪ੍ਰਸਾਦ ਵਿਸਮਿਲਾ ਨੂੰ ਬਹੁਤ ਪਸੰਦ ਕਰਦੇ ਸਨ ਜੋ ਭਾਰਤ ਦੀ ਆਜ਼ਾਦੀ ਲਈ ਤਰਾਨੇ ਲਿਖਦੇ ਸਨ ਤੇ ਕ੍ਰਾਂਤੀਕਾਰੀਆਂ ਦੇ ਹਰਮਨ ਪਿਆਰੇ ਕਵੀ ਸਨ। ਸਰਦਾਰ ਊਧਮ ਸਿੰਘ ਜੀ ਕਈ ਸਾਲ ਲਾਲਾ ਲਾਜਪਤ ਰਾਏ ਤੇ ਸਰਦਾਰ ਕਿਸ਼ਨ ਸਿੰਘ ਜੀ ਦੇ ਸੰਪਰਕ ਵਿਚ ਵੀ ਰਹੇ ਕਿਉਂਕਿ ਇਹ ਉਹਨਾਂ ਦੇ ਚੰਗੇ ਮਿੱਤਰ ਵੀ ਸਨ।

1927 ਵਿਚ ਅਮਰੀਕਾ ਵਿਖੇ ਥੋੜ੍ਹਾ ਸਮਾਂ ਰਹਿਣ ਉਪਰੰਤ ਸਰਦਾਰ ਭਗਤ ਸਿੰਘ ਜੀ ਦੇ ਕਹਿਣ ਤੇ ਵਾਪਸ ਭਾਰਤ ਆ ਗਏ। ਉਹ ਅਮਰੀਕਾ ਤੋਂ ਆਪਣੇ 25 ਸਾਥੀਆਂ ਸਮੇਤ ਭਾਰਤ ਵਾਪਸ ਆਏ ਤੇ ਆਪਣੇ ਨਾਲ ਪਿਸਤੌਲ ਤੇ ਹੋਰ ਅਸਲਾ ਵੀ ਆਪਣੇ ਨਾਲ ਲੈ ਕੇ ਆਏ। ਸਰਦਾਰ ਊਧਮ ਸਿੰਘ ਜੀ ਕੋਲ ਅਸਲੇ ਦਾ ਲਾਇਸੈਂਸ ਨਾ ਹੋਣ ਕਾਰਨ ਤੇ ਆਪਣੇ ਨਾਲ ਅਮਰੀਕਾ ਤੋਂ ਗਦਰ ਪਾਰਟੀ ਦੇ ਅਖਬਾਰ 'ਗਦਰ-ਏ-ਜੰਗ' ਦੀਆਂ ਕਾਪੀਆਂ ਵੀ ਲੋਕਾਂ ਨੂੰ ਗਦਰ ਪਾਰਟੀ ਦੀ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਕਾਰਗੁਜ਼ਾਰੀ ਦਿਖਾਉਣ ਲਈ ਨਾਲ ਲਿਆਏ ਸਨ, ਸਮੇਤ ਗ੍ਰਿਫਤਾਰ ਕਰ ਲਏ ਗਏ। ਇਸ ਕੇਸ ਵਿਚ ਉਹਨਾਂ ਨੂੰ ਪੰਜ ਸਾਲ ਦੀ ਬਾਮੁਸ਼ੱਕਤ ਜੇਲ੍ਹ ਜਾਣਾ ਪਿਆ। ਇਸ ਮੁਕੱਦਮੇ ਦੌਰਾਨ ਉਹਨਾਂ ਨੇ ਅਦਾਲਤ ਵਿਚ ਇਹ ਬਿਆਨ ਦਿੱਤਾ ਕਿ ਰੂਸ ਦੇ ਬੋਲਸਵਿਕੀ ਤੋਂ ਉਹ ਪੂਰੀ ਤਰ੍ਹਾਂ ਪ੍ਰਭਾਵਿਤ ਹਨ ਤੇ ਉਹਨਾਂ ਦਾ ਉਦੇਸ਼ ਭਾਰਤ ਵਿਚ ਹਕੂਮਤ ਕਰ ਰਹੇ ਅੰਗਰੇਜ਼ਾਂ ਨੂੰ ਕਤਲ ਕਰਨ ਦਾ ਹੈ ਤਾਂ ਜੋ ਭਾਰਤ ਆਜ਼ਾਦ ਹੋ ਸਕੇ।

1931 ਵਿਚ ਜੇਲ੍ਹ ਤੋਂ ਰਿਹਾਅ ਹੋਣ ਬਾਅਦ ਪੰਜਾਬ ਪੁਲਿਸ ਦੀ ਉਹਨਾਂ ਤੇ ਹਰ ਵਕਤ ਨਜ਼ਰ ਰਹਿੰਦੀ ਸੀ। ਰਿਹਾਅ ਹੋਣ ਤੋਂ ਬਾਅਦ ਫਿਰ ਉਹ ਆਪਣੇ ਜੱਦੀ ਘਰ ਸੁਨਾਮ ਵਿਖੇ ਆ ਗਏ। ਉਥੇ ਵੀ ਪੰਜਾਬ ਪੁਲਿਸ ਉਹਨਾਂ ਨੂੰ ਬਹੁਤ ਤੰਗ ਤੇ ਪ੍ਰੇਸ਼ਾਨ ਕਰਦੀ ਰਹਿੰਦੀ ਸੀ। ਥੋੜ੍ਹਾ ਚਿਰ ਉਥੇ ਰਹਿਣ ਉਪਰੰਤ ਉਹ ਫਿਰ ਅੰਮ੍ਰਿਤਸਰ ਆ ਗਏ ਤੇ ਇੱਥੇ ਉਹਨਾਂ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ 'ਸਾਈਨ ਬੋਰਡ ਪੇਂਟਰ' ਦੀ ਦੁਕਾਨ ਖੋਲ੍ਹ ਲਈ ਤੇ ਥੋੜ੍ਹਾ ਸਮਾਂ ਇਹ ਕੰਮ ਕਰਨ ਉਪਰੰਤ ਉਹ ਜੰਮੂ ਆ ਗਏ। ਉਥੋਂ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਕੇ ਜਰਮਨ ਚਲੇ ਗਏ। ਸ: ਊਧਮ ਸਿੰਘ ਜੀ ਯੂਰਪ ਦੇ ਕਈ ਦੇਸ਼ਾਂ 'ਚੋਂ ਘੁੰਮਦੇ ਹੋਏ 1934 ਵਿਚ ਲੰਡਨ ਪਹੁੰਚ ਗਏ। ਇੱਥੇ ਪਹੁੰਚ ਕੇ ਉਹਨਾਂ ਨੇ ਮਾਈਕਲ ਓਡਵਾਇਰ ਨੂੰ ਮਾਰਨ ਲਈ ਪੂਰੀ ਵਿਉਂਤਬੰਦੀ ਕੀਤੀ। ਉਹਨਾਂ ਨੇ ਇੱਥੇ ਇਕ ਕਾਰ ਤੇ ਪਿਸਤੌਲ ਖਰੀਦਿਆ ਤੇ ਫਿਰ ਢੁਕਵਾਂ ਸਮਾਂ ਆਉਣ ਦਾ ਇੰਤਜ਼ਾਰ ਕਰਨ ਲੱਗੇ। ਭਾਰਤ ਦੇ ਮਹਾਨ ਯੋਧੇ ਨੂੰ ਜਿਸ ਮੌਕੇ ਦੀ ਇੰਤਜ਼ਾਰ ਸੀ, ਉਹ ਢੁਕਵਾਂ ਸਮਾਂ ਉਸ ਨੂੰ 13 ਮਾਰਚ, 1940 ਨੂੰ ਉਸ ਸਮੇਂ ਮਿਲਿਆ, ਜਦੋਂ ਮਾਈਕਲ ਓਡਵਾਇਰ ਲੰਡਨ ਦੇ ਕੈਗਸਟਨ ਹਾਲ ਵਿਚ ਇਕ ਸਭਾ ਵਿਚ ਭਾਗ ਲੈਣ ਲਈ ਗਏ। ਇੱਥੇ ਮਾਈਕਲ ਓਡਵਾਇਰ ਨੇ ਕੈਗਸਟਨ ਹਾਲ ਵਿਚ 'ਈਸਟ ਇੰਡੀਆ ਐਸੋਸੀਏਸ਼ਨ' ਅਤੇ 'ਦੀ ਸੈਂਟਰਲ ਏਸ਼ੀਆ ਸੁਸਾਇਟੀ' (ਹੁਣ ਰਾਇਲ ਸੁਸਾਇਟੀ ਫਾਰ ਏਸ਼ੀਅਨ ਅਫੇਅਰਜ਼) ਵੱਲੋਂ ਕੀਤੀ ਜਾ ਰਹੀ ਮੀਟਿੰਗ ਵਿਚ ਭਾਸ਼ਣ ਦੇਣਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਲਾਰਡ ਜੈਟਲੈਂਡ ਨੇ ਕਰਨੀ ਸੀ ਤੇ ਉਹ ਉਸ ਸਮੇਂ 'ਸੈਕਟਰੀ ਆਫ ਸਟੇਟ ਫਾਰ ਇੰਡੀਆ' ਸੀ।

ਸਰਦਾਰ ਊਧਮ ਸਿੰਘ ਜੀ ਨੇ ਇਕ ਮੋਟੀ ਕਿਤਾਬ ਨੂੰ ਵਿਚੋਂ ਕੱਟ ਕੇ ਰਿਵਾਲਵਰ ਨੂੰ ਲੁਕੋਣ ਲਈ ਜਗ੍ਹਾ ਬਣਾ ਲਈ ਤੇ ਕੈਗਸਟਨ ਹਾਲ ਵਿਚ ਦਾਖਲ ਹੋਣ ਲਈ ਕਾਮਯਾਬ ਹੋ ਗਏ। ਜਿਉਂ ਹੀ ਮਾਈਕਲ ਓਡਵਾਇਰ ਦਾ ਭਾਸ਼ਣ ਖਤਮ ਹੋਇਆ ਤੇ ਸਟੇਜ ਦੇ ਲਾਗੇ ਜਾ ਕੇ ਆਪਣਾ ਮੋਰਚਾ ਸੰਭਾਲਦਿਆਂ ਹੀ ਮਾਈਕਲ ਓਡਵਾਇਰ ਨੂੰ ਅਸਮਾਨੀ ਬਿਜਲੀ ਵਾਂਗ ਗਰਜਦਿਆਂ ਹੋਇਆਂ ਲਲਕਾਰਿਆ ਤੇ ਉਹਨਾਂ 'ਤੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਦੋ ਗੋਲੀਆਂ ਲੱਗੀਆਂ ਤੇ ਮਾਈਕਲ ਓਡਵਾਇਰ ਉਥੇ ਹੀ ਸਟੇਜ 'ਤੇ ਢੇਰੀ ਹੋ ਗਿਆ। ਉਸ ਦੀਆਂ ਗੋਲੀਆਂ ਨਾਲ ਦੂਸਰੇ ਵੀ ਕਈ ਆਦਮੀ ਸਟੇਜ 'ਤੇ ਜ਼ਖਮੀ ਹੋ ਗਏ, ਜਿਹਨਾਂ ਦੇ ਨਾਮ ਹਨ ਲੂਈਜ਼ ਡੈਨੀ, ਲਾਰੈਂਸ ਡਨਡਸ, ਦੂਸਰਾ ਮਾਰਕਿਊਜ਼ ਆਫ ਜੈਟਲੈਂਡ, ਚਾਰਲਸ ਕੈਕਰੈਨੀ ਬੈਲੀ, ਦੂਸਰਾ (ਸੈਕਿੰਡ) ਬਾਰੈਨ ਲਾਮੈਂਗਟਨ। ਹਾਲ ਵਿਚ ਉਸ ਸਮੇਂ ਹਾਹਾਕਾਰ ਮੱਚ ਗਈ। ਸਰਦਾਰ ਊਧਮ ਸਿੰਘ ਜੀ ਨੇ ਉਥੋਂ ਭੱਜਣ ਦਾ ਯਤਨ ਨਹੀਂ ਕੀਤਾ। ਇਸ ਸਮੇਂ ਮੀਟਿੰਗ ਵਿਚ ਇਕ ਹਾਜ਼ਰ ਅੰਗਰੇਜ਼ ਔਰਤ ਨੇ ਪਿੱਛਿਉਂ ਊਧਮ ਸਿੰਘ ਜੀ ਨੂੰ ਜੱਫਾ ਮਾਰ ਕੇ ਪਕੜ ਲਿਆ। ਊਧਮ ਸਿੰਘ ਜੀ ਦੇ ਪਿਸਤੌਲ ਵਿਚ ਅਜੇ ਗੋਲੀਆਂ ਸਨ। ਉਹ ਉਸ ਔਰਤ ਦੇ ਗੋਲੀ ਮਾਰ ਕੇ ਭੱਜ ਸਕਦੇ ਸਨ ਪਰ ਉਹਨਾਂ ਨੇ ਇੰਝ ਨਹੀਂ ਕੀਤਾ ਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਅਦਾਲਤ ਵਿਚ ਉਹਨਾਂ ਕੋਲੋਂ ਜੱਜ ਨੇ ਪੁੱਛਿਆ ਕਿ ਤੁਸੀਂ ਉਸ ਔਰਤ ਦੇ ਗੋਲੀ ਕਿਉਂ ਨਹੀਂ ਮਾਰੀ ਤਾਂ ਇਸ ਦਾ ਉਤਰ ਸਰਦਾਰ ਊਧਮ ਸਿੰਘ ਜੀ ਨੇ ਦਿੱਤਾ ਕਿ ਮੈਂ ਔਰਤ 'ਤੇ ਗੋਲੀ ਚਲਾ ਕੇ ਭੱਜ ਸਕਦਾ ਸੀ ਪਰ ਭਾਰਤੀ ਸੰਸਕ੍ਰਿਤੀ ਤੇ ਤਹਿਜ਼ੀਬ ਵਿਚ ਇਕ ਔਰਤ ਤੇ ਹਮਲਾ ਕਰਨਾ ਪਾਪ ਹੈ। ਮੁਕੱਦਮੇ ਦੌਰਾਨ ਉਹਨਾਂ ਨੂੰ ਬਰਿਕਸਟਨ ਦੀ ਜੇਲ੍ਹ ਵਿਚ ਰੱਖਿਆ ਗਿਆ, ਜਿੱਥੋਂ ਉਹ ਸ: ਸ਼ਿਵ ਸਿੰਘ ਜੌਹਲ ਨੂੰ ਚਿੱਠੀਆਂ ਲਿਖਦੇ ਰਹੇ ਜੋ ਮਾਈਕਲ ਓਡਵਾਇਰ ਦੇ ਕਤਲ ਤੋਂ ਬਾਅਦ ਲਿਖੀਆਂ ਸਨ। ਇਹ ਚਿੱਠੀਆਂ ਖੋਜ ਤੋਂ ਉਪਰੰਤ ਪ੍ਰਾਪਤ ਹੋਈਆਂ ਹਨ ਤੇ ਜਿਹਨਾਂ ਨੂੰ ਛਾਪਿਆ ਗਿਆ ਹੈ। ਇਹਨਾਂ ਚਿੱਠੀਆਂ ਤੋਂ ਸਰਦਾਰ ਊਧਮ ਸਿੰਘ ਜੀ ਦੇ ਬੁਲੰਦ ਇਰਾਦਿਆਂ, ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਤੇ ਬਹਾਦਰੀ ਦਾ ਪਤਾ ਲੱਗਦਾ ਹੈ। He called himself a guest of His Majesty King George and he looked upon death as a bride he was going to wed. ਉਸ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਦੇਸ਼ ਲਈ ਕੁਰਬਾਨੀ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਹੈ। ਉਸ ਨੇ ਕੇਸ ਦੌਰਾਨ ਅਦਾਲਤ ਵਿਚ ਮੰਗ ਰੱਖੀ ਕਿ ਉਸ ਦੀਆਂ ਅਸਤੀਆਂ ਭਾਰਤ ਭੇਜੀਆਂ ਜਾਣ ਪਰ ਫਾਂਸੀ ਉਪਰੰਤ ਅੰਗਰੇਜ਼ ਸਰਕਾਰ ਨੇ ਭੇਜਣ ਦੀ ਇਜਾਜ਼ਤ ਉਦੋਂ ਨਾ ਦਿੱਤੀ। ਇਸ ਜੇਲ੍ਹ ਵਿਚ ਉਹ 42 ਦਿਨ ਭੁੱਖ ਹੜਤਾਲ 'ਤੇ ਰਹੇ ਤੇ ਉਹਨਾਂ ਨੂੰ ਜਬਰਦਸਤੀ ਖੁਰਾਕ ਦੇ ਕੇ ਉਹਨਾਂ ਦਾ ਮਰਨ ਵਰਤ ਤੁੜਵਾਇਆ ਗਿਆ। 4 ਜੂਨ, 1940 ਤੱਕ ਸੈਂਟਰਲ ਕਰਿਮੀਨਲ ਕੋਰਟ, ਓਲਡ ਵੈਲੀ ਵਿਚ ਉਹਨਾਂ ਤੇ ਕਤਲ ਦਾ ਕੇਸ ਚਲਾਇਆ ਗਿਆ ਤੇ ਜੱਜ ਐਟਕੈਨਸਨ ਨੇ ਉਹਨਾਂ ਤੋਂ ਪੁੱਛਿਆ ਕਿ ਤੁਸੀਂ ਇਹ ਕਤਲ ਕਿਉਂ ਕੀਤਾ ਤਾਂ ਸਰਦਾਰ ਊਧਮ ਸਿੰਘ ਜੀ ਨੇ ਬੜੀ ਦਲੇਰੀ ਨਾਲ ਉਤਰ ਦਿੱਤਾ ਕਿ ਮੈਨੂੰ ਮਾਈਕਲ ਅਡਵਾਇਰ 'ਤੇ ਜਲ੍ਹਿਆਂ ਵਾਲਾ ਬਾਗ ਵਿਖੇ ਹੋਏ ਕਤਲ ਕਾਂਡ ਪ੍ਰਤੀ ਗੁੱਸਾ ਸੀ ਤੇ ਇਸ ਲਈ ਇਹ ਡਜ਼ਰਬ ਵੀ ਕਰਦਾ ਸੀ। 31 ਜੁਲਾਈ, 1940 ਨੂੰ ਪੈਂਟਨ ਵਿਲੇ ਦੀ ਜੇਲ੍ਹ ਵਿਚ ਸਰਦਾਰ ਊਧਮ ਸਿੰਘ ਜੀ ਨੂੰ ਫਾਂਸੀ ਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਫਾਂਸੀ ਨੂੰ ਸਰਦਾਰ ਊਧਮ ਸਿੰਘ ਜੀ ਨੇ ਹੱਸਦੇ-ਹੱਸਦੇ ਸਵੀਕਾਰ ਕੀਤਾ।

ਸਰਦਾਰ ਊਧਮ ਸਿੰਘ ਜੀ ਨੇ ਆਪਣੀ ਇਹ ਪ੍ਰਤੀਗਿੱਆ ਪੂਰੀ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਭਾਰਤੀ ਸੂਰਬੀਰ ਅਤਿਆਚਾਰੀਆਂ ਨੂੰ ਕਦੇ ਨਹੀਂ ਬਖ਼ਸ਼ਦੇ। 31 ਜੁਲਾਈ, 1974 ਨੂੰ ਬ੍ਰਿਟਿਸ਼ ਸਰਕਾਰ ਨੇ ਭਾਰਤ ਸਰਕਾਰ, ਗਿਆਨੀ ਜੈਲ ਸਿੰਘ ਜੀ ਤੇ ਐਮ. ਐਲ. ਏ. ਸਰਦਾਰ ਸਾਧੂ ਸਿੰਘ ਜੀ ਦੇ ਯਤਨਾਂ ਨਾਲ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੀਆਂ ਅਸਤੀਆਂ ਨੂੰ ਭਾਰਤ ਲਿਆਂਦਾ ਤੇ ਇਹਨਾਂ ਅਸਤੀਆਂ ਨੂੰ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ ਜੀ ਤੇ ਗਿਆਨੀ ਜੈਲ ਸਿੰਘ ਜੀ ਨੇ ਬੜੇ ਸਤਿਕਾਰ ਸਹਿਤ ਪ੍ਰਾਪਤ ਕੀਤਾ ਤੇ ਲੱਖਾਂ ਦੀ ਗਿਣਤੀ ਵਿਚ ਭਾਰਤ ਵਾਸੀਆਂ ਨੇ ਇਹਨਾਂ ਨੂੰ ਆਪਣੇ ਸ਼ਰਧਾ ਸੁਮਨ ਭੇਟ ਕੀਤੇ ਤੇ ਸਰਕਾਰੀ ਸਨਮਾਨਾਂ ਨਾਲ ਇਹਨਾਂ ਦਾ ਸੰਸਕਾਰ ਉਹਨਾਂ ਦੇ ਜੱਦੀ ਕਸਬੇ ਸੁਨਾਮ (ਪੰਜਾਬ) ਵਿਖੇ ਕੀਤਾ ਤੇ ਉਹਨਾਂ ਦੀਆਂ ਅਸਤੀਆਂ ਨੂੰ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ। ਜਿਥੇ ਮਾਈਕਲ ਓਡਵਾਇਰ ਨੂੰ ਸਰਦਾਰ ਊਧਮ ਸਿੰਘ ਜੀ ਨੇ ਗੋਲੀਆਂ ਮਾਰ ਕੇ ਉਡਾ ਦਿੱਤਾ, ਉਥੇ ਜਨਰਲ ਡਾਇਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਨਾਲ ਤੜਫ-ਤੜਫ ਕੇ ਬੁਰੀ ਤਰ੍ਹਾਂ ਆਪਣੀ ਮੌਤੇ ਮਰ ਗਿਆ।

ਸਰਦਾਰ ਊਧਮ ਸਿੰਘ ਜੀ ਨੂੰ ਆਪਣੀ ਪੇਟ-ਪੂਰਤੀ ਲਈ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਪਾਪੜ ਵੇਲਣੇ ਪਏ, ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਤੇ ਕਈ ਦੇਸ਼ਾਂ ਦੀ ਯਾਤਰਾ ਵੀ ਕਰਨੀ ਪਈ। ਊਧਮ ਸਿੰਘ ਜੀ ਨੇ ਕੋਈ ਇਕ ਸਾਲ ਦੇ ਕਰੀਬ ਫੌਜ ਵਿਚ ਨੌਕਰੀ ਬਸਰਾ ਵਿਖੇ ਵੀ ਕੀਤੀ। ਦੋ ਸਾਲਾਂ ਦੇ ਕਰੀਬ ਉਹ ਬ੍ਰਿਟਿਸ਼ ਈਸਟ ਅਫਰੀਕਾ ਵਿਚ ਵੀ ਰਿਹਾ। ਉਥੋਂ ਉਹ ਕੁਝ ਮਹੀਨਿਆਂ ਲਈ ਭਾਰਤ ਵੀ ਵਾਪਸ ਆ ਗਿਆ ਤੇ ਫਿਰ ਛੇਤੀ ਹੀ ਇੰਗਲੈਂਡ ਲੰਡਨ ਵਿਖੇ ਸਰਦਾਰ ਪ੍ਰੀਤਮ ਸਿੰਘ ਜੀ ਦੀ ਕੰਪਨੀ ਵਿਚ ਚਲਾ ਗਿਆ।

ਸਰਦਾਰ ਊਧਮ ਸਿੰਘ ਵਾਇਆ ਮੈਕਸੀਕੋ ਅਮਰੀਕਾ ਵੀ ਗਿਆ ਤੇ ਤਕਰੀਬਨ ਦੋ ਸਾਲ ਕੈਲੇਫੋਰਨੀਆ ਵਿਚ ਰਿਹਾ ਤੇ ਕੰਮ ਵੀ ਕੀਤਾ। ਫਿਰ ਕੁਝ ਮਹੀਨੇ ਡੈਟਰਾਇਟ ਤੇ ਸ਼ਿਕਾਗੋ ਤੇ ਉਸ ਤੋਂ ਬਾਅਦ ਪੂਰਬੀ ਨਿਊਯਾਰਕ ਵਿਚ ਕੋਈ ਪੰਜ ਸਾਲ ਤੱਕ ਰਿਹਾ। ਇੱਥੇ ਉਸ ਨੇ ਸ਼ਿਪਿੰਗ ਕੰਪਨੀ ਵਿਚ ਕੰਮ ਕੀਤਾ। ਇੱਥੇ ਉਸ ਸਮੇਂ ਅਮਰੀਕੀ ਸ਼ਿਪਿੰਗ ਕੰਪਨੀਆਂ ਵਿਚ ਭਾਰਤੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਇੱਥੇ ਉਹਨਾਂ ਨੇ ਆਪਣਾ ਨਾਮ ਬਦਲ ਕੇ Frank Brazil of Porto Rico ਰੱਖ ਲਿਆ ਤੇ ਇਕ Seaman ਦੇ ਤਜਰਬੇ ਦਾ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ। ਇੱਥੇ ਉਹਨਾਂ ਨੇ ਇਕ ਤਰਖਾਣ ਵਜੋਂ ਅਮਰੀਕਾ ਦੀਆਂ ਕਈ ਸਮੁੰਦਰੀ ਜਹਾਜ਼ਾਂ ਦੀਆਂ

(ਬਾਕੀ ਅਗਲੇ ਸਫੇ ਤੇ)

# ‘ਜਦੋਂ ਗੱਜਿਆ ਲੰਡਨ ਵਿਚ ਸੂਰਮਾ’



ਇਹ ਉਹ ਗਲੀ ਹੈ ਜੋ ਇਕੋ ਇਕ ਬਾਗ ਵਿਚ ਜਾਣ ਦਾ ਰਸਤਾ ਹੈ।






ਸ਼ਹੀਦੀ ਖੂਹ, ਜੋ ਉਸ ਵਕਤ ਲਾਸ਼ਾਂ ਨਾਲ ਭਰ ਗਿਆ ਸੀ



ਕੰਧਾਂ ਤੇ ਪਏ ਗੋਲੀਆਂ ਦੇ ਨਿਸ਼ਾਨ



ਸ਼ਹੀਦਾਂ ਦੀ ਯਾਦ ਵਿਚ ਬਣੀ ਯਾਦਗਾਰ

ਕੰਪਨੀਆਂ ਵਿਚ ਕੰਮ ਵੀ ਕੀਤਾ। ਨਿਊਯਾਰਕ ਤੋਂ ਉਹਨਾਂ ਨੇ ਸਮੁੰਦਰੀ ਜਹਾਜ਼ ਰਾਹੀਂ ਯੂਰਪ ਦੇ ਕਈ ਦੇਸ਼ਾਂ ਦਾ ਸਫ਼ਰ ਵੀ ਕੀਤਾ। ਸਭ ਤੋਂ ਪਹਿਲਾਂ ਉਹ ਫਰਾਂਸ ਪਹੁੰਚੇ। ਉਸ ਤੋਂ ਬਾਅਦ ਬੈਲਜੀਅਮ, ਜਰਮਨੀ, ਲਾਤੂਨੀਆਂ ਦੇ ਵਿਲਨਾਂ ਤੇ ਵਾਪਸੀ ਹੰਗਰੀ, ਪੋਲੈਂਡ, ਸਵਿਟਜ਼ਰਲੈਂਡ, ਇਟਲੀ ਤੇ ਫਿਰ ਫਰਾਂਸ ਤੋਂ ਵਾਪਸ ਅਮਰੀਕਾ ਆ ਗਏ। ਇਸ ਪਿੱਛੋਂ ਥੋੜ੍ਹੇ ਮਹੀਨੇ ਅਮਰੀਕਾ ਵਿਚ ਰਹਿ ਕੇ ਫਿਰ ਸਮੁੰਦਰੀ ਜਹਾਜ਼ਾਂ ਵਿਚ ਕਈ ਮੈਡੀਟੇਰੀਅਨ ਬੰਦਰਗਾਹਾਂ ’ਤੇ ਇਕ ਤਰਖਾਣ (ਕਾਰਪੈਂਟਰ) ਦੇ ਤੌਰ ’ਤੇ ਨੌਕਰੀ ਕੀਤੀ ਤੇ ਅਖੀਰ ਇਕ ਪੋਤ ਰਾਹੀਂ ਉਹ ਕਰਾਚੀ ਪਹੁੰਚ ਗਏ। ਉਥੋਂ ਹੁੰਦੇ ਹੋਏ 1927 ਵਿਚ ਕਲਕੱਤਾ ਪਹੁੰਚ ਗਏ। ਅਮਰੀਕਾ ਰਹਿੰਦੇ ਸਮੇਂ ਉਹ ਗਦਰ ਪਾਰਟੀ ਦਾ ਕ੍ਰਾਂਤੀਕਾਰੀ ਸਾਹਿਤ ਪੜ੍ਹ ਕੇ ਜੋ ’ਗਦਰ’ ਅਖਬਾਰ ਵਿਚ ਛਪਦਾ ਸੀ ਤੋਂ ਬਹੁਤ ਪ੍ਰਭਾਵਿਤ ਹੋਏ। 27 ਜੁਲਾਈ, 1927 ਨੂੰ ਉਹਨਾਂ ਨੂੰ ਗਦਰੀ ਸਾਹਿਤ ਤੇ ਇਤਰਾਜ਼ਯੋਗ ਪੋਸਟ ਕਾਰਡ ਕੋਲ ਰੱਖਣ ਕਰਕੇ ਜੁਰਮਾਨਾ ਵੀ ਕੀਤਾ ਗਿਆ।

ਲੰਡਨ ਵਿਚ ਉਹ 9 Alder Street, commercial road ਵਿਖੇ ਉਹਨਾਂ ਦੀ ਰਿਹਾਇਸ਼ ਸੀ। 5 ਜੁਲਾਈ 1934 ਨੂੰ ਊਧਮ ਸਿੰਘ ਜੀ ਨੇ ਆਪਣੇ ਪਾਸਪੋਰਟ ’ਤੇ ਅੰਦਰਾਜ਼ ਕਰਾਉਣ ਲਈ ਦਿੱਤਾ। ਇਹ ਪਾਸਪੋਰਟ ਉਹਨਾਂ ਨੂੰ ਲਾਹੌਰ ਤੋਂ ਜਾਰੀ ਹੋਇਆ ਸੀ ਤੇ ਇਸ ਦਾ ਨੰਬਰ 52753 ਸੀ। ਇਸ ਤੇ ਉਹਨਾਂ ਨੇ ਆਪਣਾ ਪਤਾ 4 ਬੈਸਟ ਲੇਨ ਕੈਂਟਰਬਰੀ, ਕੈਂਟ ਲਿਖਿਆ ਤੇ ਇਹ ਕਿਹਾ ਕਿ ਉਹ ਭਾਰਤ ਵਿਚ ਖੇਡਾਂ ਦਾ ਸਮਾਨ ਵੇਚੇਗਾ ਪਰ ਇੱਥੇ ਉਹ ਇਸ ਦਾ ਕੋਈ ਸਬੂਤ ਪੇਸ਼ ਨਾ ਕਰ ਸਕਿਆ। ਫਿਰ ਉਸ ਨੇ ਇਹ ਐਲਾਨ ਕੀਤਾ ਕਿ ਉਹ ਭਾਰਤ ਮੋਟਰ ਸਾਈਕਲ ਤੇ ਸੜਕ ਰਸਤੇ ਜਰਮਨੀ, ਬੈਲਜੀਅਮ, ਪੋਲੈਂਡ ਤੇ ਫਿਰ ਰੂਸ ਤੋਂ ਹੁੰਦਾ ਹੋਇਆ ਭਾਰਤ ਜਾਵੇਗਾ। ਇਸ ਐਲਾਨ ਤੇ ਕਿਸੇ ਨੂੰ ਵੀ ਉਸ ਤੇ ਸ਼ੱਕ ਨਹੀਂ ਹੋਇਆ ਕਿ ਉਹ ਇਕ ਭਾਰਤੀ ਕ੍ਰਾਂਤੀਕਾਰੀ ਉਗਰਵਾਦੀ ਹੈ।

16 ਮਈ 1936 ਨੂੰ ਉਸ ਨੇ ਲੰਡਨ ਵਿਚ ਫਿਰ ਆਪਣੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਅਪਲਾਈ ਕੀਤਾ ਕਿ ਉਸ ਨੂੰ ਹਾਲੈਂਡ, ਜਰਮਨੀ, ਪੋਲੈਂਡ, ਆਸਟ੍ਰੀਆ, ਹੰਗਰੀ ਤੇ ਇਟਲੀ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇੱਥੇ ਉਸ ਨੇ ਆਪਣਾ ਪਤਾ 4- ਡਿਊਕ ਸਟਰੀਟ, ਸਪਿਟਲਫੀਲਡਜ਼-ਈ ਦਿੱਤਾ ਤੇ ਉਸ ਨੂੰ ਇਜਾਜ਼ਤ ਮਿਲ ਗਈ।

16 ਮਈ, 1936 ਨੂੰ ਉਸਨੇ ਫਿਰ ਬਰਲਿਨ ਵਿਖੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਦਰਖਾਸਤ ਦਿੱਤੀ ਕਿ ਉਹ ਪੂਰਬੀ ਯੂਰਪੀਨ ਦੇਸ਼ਾਂ ਅਤੇ ਰੂਸ ਜਾਣਾ ਚਾਹੁੰਦਾ ਹੈ ਪਰ ਇਸ ’ਤੇ ਇਤਰਾਜ਼ ਲਾ ਦਿੱਤਾ ਤੇ ਉਸ ਨੂੰ ਕਿਹਾ ਕਿ ਉਸ ਦੀ ਦਰਖਾਸਤ ਵਾਪਸ ਲੰਡਨ ਵੈਰੀਫਿਕੇਸ਼ਨ ਲਈ ਭੇਜੀ ਜਾਵੇਗੀ ਪਰ ਊਧਮ ਸਿੰਘ ਜੀ ਨੇ ਇੱਥੇ ਇਹ ਆਪਣੀ ਦਰਖਾਸਤ ਵਾਪਸ ਲੈ ਲਈ। 25 ਜੂਨ, 1936 ਨੂੰ ਫਿਰ ਲੈਨਿਨਗਰਾਡ ਤੋਂ ਲੰਡਨ ਵਿਚ ਪਹੁੰਚਿਆ। ਜੂਨ ਤੋਂ ਨਵੰਬਰ ਮਹੀਨੇ ਤੱਕ ਉਹ ਇਕ ਅੰਗਰੇਜ਼ ਔਰਤ ਦੇ ਪਾਸ ਪੂਰਬੀ ਲੰਡਨ ਵਿਚ ਰਿਹਾ ਤੇ ਇਕ ਸਿਨੇਮਾ ਵਿਚ ਨੌਕਰੀ ਕੀਤੀ ਤੇ ਫਿਲਮ ਦੇ ਇੰਟਰਵਲ ਵੇਲੇ ਭੀੜ ਨੂੰ ਚੀਜ਼ਾਂ ਵੇਚਦਾ ਸੀ। ਇੱਥੇ ਰਹਿੰਦਿਆਂ ਉਹ ਭਾਰਤ ਨੂੰ ਕ੍ਰਾਂਤੀਕਾਰੀਆਂ ਲਈ ਹਥਿਆਰ ਵੀ ਸਮਗਲ ਕਰਦਾ ਰਿਹਾ ਹੈ। ਇੱਥੇ ਉਸਦੀ ਸ਼ਿਕਾਇਤ ਵੀ ਸਰਕਾਰ ਕੋਲ ਹੋਈ ਕਿ ਉਹ ਉਗਰ ਵਿਚਾਰਧਾਰਾ ਵਾਲਾ ਆਦਮੀ ਹੈ ਤੇ ਹਥਿਆਰਾਂ ਦੀ ਸਮਗਲਿੰਗ ਕਰਦਾ ਹੈ ਪਰ ਇਹ ਦੋਸ਼ ਕੋਰਟ ਵਿਚ ਸਾਬਤ ਨਾ ਹੋ ਸਕਿਆ।

ਅਗਸਤ 1938 ਵਿਚ ਉਸ ਤੇ ਇੰਗਲੈਂਡ ਰਹਿੰਦਿਆਂ ਇਹ ਦੋਸ਼ ਵੀ ਲੱਗੇ ਕਿ ਉਹ ਧਮਕੀਆਂ ਦੇ ਕੇ ਲੋਕਾਂ ਤੋਂ ਧੰਨ ਇਕੱਠਾ ਕਰਦਾ ਹੈ। ਅਦਾਲਤ ਇਹਨਾਂ ਦੋਸ਼ਾਂ ਨਾਲ ਸਹਿਮਤ ਨਾ ਹੋਈ ਤੇ ਉਸ ਨੂੰ ਫਿਰ ਦੋਸ਼ ਮੁਕਤ ਕਰਕੇ ਦੂਸਰੀ ਵਾਰ ਛੱਡ ਦਿੱਤਾ।

ਲੰਡਨ ਵਿਚ ਉਗਰ ਵਿਚਾਰ ਰੱਖਣ ਵਾਲੇ ਭਾਰਤੀਆਂ ਨਾਲ ਭਾਰਤੀ ਆਜ਼ਾਦੀ ਲਈ ਕੀਤੀਆਂ ਸਭਾਵਾਂ ਦਾ ਵੀ ਅੰਗਰੇਜ਼ ਸਰਕਾਰ ਨੂੰ ਪਤਾ ਨਾ ਲੱਗਾ।

ਕੌਮੀ ਰਜਿਸਟ੍ਰੇਸ਼ਨ ਵਾਲੇ ਦਿਨ ਉਸ ਨੇ ਆਪਣਾ ਨਾਮ ਆਜ਼ਾਦ ਸਿੰਘ ਦਰਜ ਕਰਵਾਇਆ, ਜਿਸਦਾ ਰਜਿਸਟ੍ਰੇਸ਼ਨ ਨੰਬਰ EACK305/7 ਹੈ। ਕਿੱਤਾ ਤਰਖਾਣਾਂ (ਕਾਰਪੈਂਟਰੀ), ਜਨਮ 23 ਅਕਤੂਬਰ 1905, ਪਤਾ 581 Wimbene Road, Bourne mouth ਲਿਖਵਾਇਆ।

ਅਗਲਾ ਹੋਰ ਰਿਕਾਰਡ ਜਿਹੜਾ ਇਸ ਰਜਿਸਟ੍ਰੇਸ਼ਨ ਤੋਂ ਪਹਿਲਾਂ ਦਾ ਸੀ, ਉਹ ਵੀ ਜੇਲ੍ਹ ਦੇ ਡੀਟੈਕਟਿਕ ਸਰਜੈਂਟ ਲਿਸਾਨੀ ਨੇ ਨਾਲ ਨੱਥੀ ਕਰ ਦਿੱਤਾ। ਜਿੱਥੇ ਉਹ ਆਖਰੀ ਸਮੇਂ ਨੌਕਰੀ ਕਰਦਾ ਸੀ, ਉਥੋਂ ਉਸ ਨੂੰ 7 ਦਸੰਬਰ, 1939 ਨੂੰ ਮੁਅੱਤਲ ਕਰ ਦਿੱਤਾ। ਉਸ ਸਮੇਂ ਉਸ ਨੂੰ 17 ਰੁਪਏ ਹਫਤੇ ਦੇ ਮਿਲਦੇ ਸਨ ਤੇ ਇੱਥੇ ਇਹਨਾਂ ਦਾ ਨਾਮ ਸਿੰਘ ਆਜ਼ਾਦ ਸੀ।

ਇਹ ਉਕਤ ਸਾਰਾ ਰਿਕਾਰਡ (A Short Biographical Sketch) ਪੁਲਿਸ ਰਿਕਾਰਡ ਵਿਚ ਫਾਈਲ ਨੰਬਰ : MEPO 3/1743 ’ਤੇ ਦਰਜ ਹੈ। ਇਹ ਫਾਈਲ ਸਰਕਾਰੀ ਭੇਦ ਵਜੋਂ 56 ਸਾਲਾਂ ਤੱਕ ਗੁਪਤ ਰੱਖੀ ਗਈ ਸੀ।

ਮਾਈਕਲ ਉਡਵਾਇਰ ਦੇ ਕਤਲ ਦਾ ਸਾਰੇ ਭਾਰਤ ਵਿਚ ਬਹੁਤ ਵੱਡਾ ਪ੍ਰਤੀਕਰਮ ਹੋਇਆ। ਬਹੁਤ ਸਾਰੇ ਭਾਰਤੀ ਲੋਕਾਂ ਖਾਸ ਕਰਕੇ ਨੌ-ਜਵਾਨਾਂ ਨੇ ਇਸ ਕਤਲ ਨੂੰ ਜਾਇਜ਼ ਠਹਿਰਾਇਆ ਤੇ ਸਰਦਾਰ ਊਧਮ ਸਿੰਘ ਜੀ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਹ ਉਸਦਾ ਭਾਰਤ ਦੀ ਆਜ਼ਾਦੀ ਲਈ ਇਕ ਮਹਾਨ ਕਾਰਨਾਮਾ ਹੈ।

**ਮਹਾਤਮਾ ਗਾਂਧੀ ਜੀ ਨੇ ਮਾਈਕਲ ਉਡਵਾਇਰ ਦੇ ਇਸ ਕਤਲ ਨੂੰ ਆਪਣੇ ਲਈ ਇਕ ਗਹਿਰਾ ਸਦਮਾ ਦੱਸਿਆ ਤੇ ਕਿਹਾ ਅਗਰ ਇਹ ਪਾਗਲਪੁਣੇ ਦਾ ਕਾਰਾ ਹੈ ਤਾਂ ਮੈਂ ਇਸ ਦਾ ਸਤਿਕਾਰ ਕਰਦਾ ਹਾਂ। ਮੈਂ ਉਮੀਦ ਕਰਦਾ ਹਾਂ ਇਸ ਨੂੰ ਰਾਜਨੀਤਿਕ ਫੈਸਲੇ ਤੇ ਅਸਰ ਪਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ।**

**ਮਹਾਤਮਾ ਗਾਂਧੀ ਵੱਲੋਂ ਦਿੱਤੇ ਗਏ ਇਸ ਬਿਆਨ ਦੀ ’ਦੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ’ ਆਰਮੀ ਨੇ ਜਬਰਦਸਤ ਵਿਰੋਧਤਾ ਕੀਤੀ ਤੇ ਕਿਹਾ ਕਿ ’’ਇਹ ਭਾਰਤੀ ਨੌਜਵਾਨਾਂ ਲਈ ਇਕ ਚੈਲਿੰਜ ਹੈ।’’**

**ਪੰਡਤ ਜਵਾਹਰ ਲਾਲ ਨਹਿਰੂ ਨੇ ’ਨੈਸ਼ਨਲ ਹੈਰਲਡ’ ਵਿਚ ਕਿਹਾ ਕਿ ’ਮੈਨੂੰ ਮਾਈਕਲ ਉਡਵਾਇਰ ਦੀ ਮੌਤ ਦਾ ਬਹੁਤ ਦੁੱਖ ਹੈ ਕਿਉਂਕਿ ਇਹ ਧੋਖੇ ਨਾਲ ਕੀਤਾ ਗਿਆ ਕਤਲ ਹੈ ਪਰ ਇਸ ਤੇ ਹਮੇਸ਼ਾ ਪਛਤਾਵਾ ਰਹੇਗਾ ਤੇ ਇਸ ਦੇ ਜੋ ਵੀ ਨਤੀਜੇ ਨਿਕਲਣਗੇ, ਉਸਦਾ ਭਾਰਤ ਦੇ ਰਾਜਨੀਤਿਕ ਭਵਿੱਖ ਤੇ ਜ਼ਰੂਰ ਅਸਰ ਹੋਵੇਗਾ।’ ਪ੍ਰੰਤੂ 18 ਮਾਰਚ, 1940 ਦੇ ‘ਅੰਮ੍ਰਿਤਾ ਬਾਜ਼ਾਰ’ ਪੱਤ੍ਰਿਕਾ ਵਿਚ ਆਪਣੇ ਪਹਿਲੇ ਦਿੱਤੇ ਗਏ ਵਿਰੋਧੀ ਬਿਆਨਾਂ ਦੇ ਉਲਟ ਆਪਣੀ ਗਲਤੀ ਨੂੰ ਸੁਧਾਰਦਿਆਂ ਕਿਹਾ ਕਿ ਮਾਈਕਲ ਉਡਵਾਇਰ ਦੇ ਕਤਲ ਦਾ ਸਬੰਧ ਪੰਜਾਬ ਦੀਆਂ ਘਟਨਾਵਾਂ ਨਾਲ ਸਬੰਧਿਤ ਹੈ, ਜਿਹਨਾਂ ਨੂੰ ਭਾਰਤ ਕਦੇ ਭੁਲਾਅ ਨਹੀਂ ਸਕਦਾ।’**

ਪੰਜਾਬ ਕਾਂਗਰਸ ਪਾਰਟੀ ਦੀ ਵਿਧਾਨ ਸਭਾ ਦੇ ਮੁਖੀ ਸ੍ਰੀ ਦੀਵਾਨ ਚਮਨ ਲਾਲ ਜੀ ਨੇ ਇਹ ਕਹਿ ਕੇ ਪ੍ਰੀਮੀਅਰ ਲਈ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ’ਮਾਈਕਲ ਉਡਵਾਇਰ ਦਾ ਕਤਲ ਧੋਖੇ ਨਾਲ ਕੀਤਾ ਗਿਆ।

’ਆਲ ਇੰਡੀਆ ਕਾਂਗਰਸ ਪਾਰਟੀ ਦੇ 21ਵੇਂ ਸਾਲਾਨਾ ਇਜਲਾਸ ਵਿਚ ਜਿਹੜਾ ਕਿ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਨੂੰ ਯਾਦ ਕਰਨ ਲਈ ਮਨਾਇਆ ਜਾ ਰਿਹਾ ਸੀ, ’ਆਲ ਇੰਡੀਅਨ ਯੂਥ ਕਾਂਗਰਸ’ ਦੇ ਵਿੰਗ ਨੇ ਸਰਦਾਰ ਊਧਮ ਸਿੰਘ ਜੀ ਦੇ ਹੱਕ ਵਿਚ ਕ੍ਰਾਂਤੀਕਾਰੀ ਨਾਅਰੇ ਲਾਏ ਤੇ ਜਨਰਲ ਮਾਈਕਲ ਉਡਵਾਇਰ ਦੇ ਕਤਲ ਨੂੰ ਇਕ ਦੇਸ਼ ਭਗਤੀ ਦੀ ਕਾਰਵਾਈ ਤੇ ਇਕ ਦਲੇਰਾਨਾ ਕਦਮ ਦੱਸਿਆ।

ਅੰਤਰ ਰਾਸ਼ਟਰੀ ਮੀਡੀਆ ਨੇ ਸਰਦਾਰ ਊਧਮ ਸਿੰਘ ਜੀ ਦੇ ਇਸ ਅੰਜ਼ਾਮ ਨੂੰ ’ਦੀ ਟਾਈਮਜ਼ ਆਫ ਲੰਡਨ’ ਨੇ ਆਜ਼ਾਦੀ ਪ੍ਰਾਪਤ ਕਰਨ ਲਈ ਇਕ ਮਹਾਨ ਲੜਾਕੂ ਦੱਸਿਆ। ਇਸ ਕਾਰਵਾਈ ਨੂੰ ਭਾਰਤ ਵਿਚ ਲੋਕਾਂ ’ਤੇ ਹੋ ਰਹੇ ਜ਼ੁਲਮ ਤੇ ਲਤਾੜੇ ਜਾ ਰਹੇ ਲੋਕਾਂ ਦਾ ਕ੍ਰੋਧ ਦੱਸਿਆ।

ਰੋਮ ਤੋਂ ਬਰਗਰੈਟ ਨੇ ਇਸ ਨੂੰ ਊਧਮ ਸਿੰਘ ਦੀ ਇਹ ਦਲੇਰਾਨਾ ਕਾਰਵਾਈ ਦੱਸਿਆ। ਸੰਨ 1962 ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੇ ਪਹਿਲਾਂ ਦਿੱਤੇ ਵਿਰੋਧੀ ਬਿਆਨਾਂ ਨੂੰ ਸੁਧਾਰਦਿਆਂ ਕਿਹਾ ਕਿ ਸਰਦਾਰ ਊਧਮ ਸਿੰਘ ਜੀ ਦਾ ਸਤਿਕਾਰ ਤੇ ਸਿਫਤ ਕਰਦਿਆਂ ਕਿਹਾ ਕਿ ਉਸ ਨੇ ਫਾਂਸੀ ਦੇ ਰੱਸੇ ਨੂੰ ਮੁਸਕਰਾਉਂਦੇ ਹੋਏ ਚੁੰਮਿਆ, ਜਿਸ ਕਰਕੇ ਹੀ ਅਸੀਂ ਅੱਜ ਆਜ਼ਾਦੀ ਮਾਣ ਰਹੇ ਹਾਂ।

ਅੱਜ ਦੇ ਬੜੇ ਨਾਜ਼ੁਕ ਦੌਰ ਵਿਚ ਦੇਸ਼ ਦੀ ਕਿਸ਼ਤੀ ਨੂੰ ਸਹੀ-ਸਲਾਮਤ ਕਿਨਾਰੇ ਲਾਉਣਾ ਤੇ ਸਾਮਰਾਜੀ ਗਲਬੇ ਦੀ ਪੰਜਾਲੀ ਨੂੰ ਗਲੋਂ ਲਾਹੁਣਾ, ਸਰਮਾਏਦਾਰੀ-ਜਗੀਰੂ ਮੱਕੜਜਾਲ ਤੋਂ ਨਿਜ਼ਾਤ ਪਾਉਣਾ, ਧਾਰਮਿਕ ਕੱਟੜਵਾਦ, ਜਾਤ-ਪ੍ਰਸਤੀ, ਗੁਰਬਤ, ਬੇਕਾਰੀ, ਵਿਤਕਰੇਬਾਜ਼ੀ ਅਤੇ ਜਾਬਰ ਤੇ ਜ਼ੁਲਮ ਤੋਂ ਮੁਕਤ ਹੋਣਾ, ਆਜ਼ਾਦ, ਖੁਸ਼ਹਾਲ ਤੇ ਸਰਵ-ਸਾਂਝੀਵਾਲਤਾ ਭਰਿਆ ਰਾਜ ਦੇਸ਼ ਵਾਸੀਆਂ ਨੂੰ ਦੇਣਾ, ਲੋਕਾਂ ਦੀ ਚੇਤਨਤਾ ਨੂੰ ਜਗਾਉਣਾ ਸਾਡਾ 21ਵੀਂ ਸਦੀ ਦਾ ਮਨੋਰਥ ਹੋਣਾ ਚਾਹੀਦਾ ਹੈ। ਅੱਜ ਦੇ ਸਮੇਂ ਦੀ ਲੋਕਰਾਜੀ ਵਿਵਸਥਾ ਵਿਚ ਹਰ ਪ੍ਰਾਣੀ ਦੀ ਇਹੀ ਮੰਗ ਹੈ।

ਜੋਰਾਵਰਾਂ ਨੂੰ ਇਹ ਐਵੇਂ ਭਰਮ ਹੈ ਕਿ ਇਤਿਹਾਸ ਉਹਨਾਂ ਦੀ ਮਰਜ਼ੀ ਨਾਲ ਸਿਰਜਿਆ ਜਾਵੇਗਾ ਪਰ ਇਤਿਹਾਸ ਕਿਸੇ ਦੀ ਪਰਵਾਹ ਨਹੀਂ ਕਰਦਾ ਤੇ ਇਸ ਵਿਚ ਸਮੇਂ-ਸਮੇਂ ਤੇ ਬਦਲਾਅ ਆਉਂਦਾ ਰਹਿੰਦਾ ਹੈ।

ਉਕਤ ਵਿਚਾਰ ਸਾਡੇ ਮਹਾਨ ਇਨਕਲਾਬੀਆਂ ਦੇ ਇਹੋ ਹੀ ਸਨ ਕਿ ਸਾਡਾ ਦੇਸ਼ ਇਹਨਾਂ ਗੁਣਾਂ ਨਾਲ ਭਰਪੂਰ ਹੋਵੇ ਪਰ ਆਜ਼ਾਦੀ ਤੋਂ ਬਾਅਦ ਹੋਇਆ ਇਸ ਦੇ ਉਲਟ ਹੀ ਹੈ। ਗਰੀਬੀ, ਬੇਰੁਜ਼ਗਾਰੀ, ਤਕੜੇ ਦਾ ਰਾਜ, ਭ੍ਰਿਸ਼ਟਾਚਾਰ, ਲੁੱਟ-ਖਸੁੱਟ ਤੇ ਲੋਕ-ਰਾਜੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਇਸ ਦੇਸ਼ ਵਿਚ ਜਾਂ ਤਾਂ ਰਾਜਨੀਤਿਕ ਲੋਕ ਅਮੀਰ ਹੋਏ ਹਨ, ਜਿਹਨਾਂ ਨੇ ਸਿਰੇ ਦਾ ਭ੍ਰਿਸ਼ਟਾਚਾਰ ਕਰਕੇ ਆਪਣੀਆਂ ਤਿਜੋਰੀਆਂ ਭਰੀਆਂ ਹਨ ਜਾਂ ਫਿਰ ਸਾਧ-ਫਕੀਰ ਤੇ ਬਾਬੇ ਜੋ ਆਪੇ ਰੱਬ ਬਣੀ ਫਿਰਦੇ ਹਨ ਤੇ ਲੋਕਾਂ ਵਿਚ ਅੰਧ-ਵਿਸ਼ਵਾਸ ਫੈਲਾਅ ਕੇ ਭੋਲੀ-ਭਾਲੀ ਜਨਤਾ ਨੂੰ ਲੁੱਟ ਕੇ ਤੇ ਗੁੰਮਰਾਹ ਕਰਕੇ ਅਮੀਰ ਹੋਏ ਹਨ। ਇਹਨਾਂ ਦੋਹਾਂ ਵਰਗਾਂ ਨੇ ਦੇਸ਼ ਨੂੰ ਖੋਖਲਾ ਕਰ ਦਿੱਤਾ ਹੈ। ਇਹਨਾਂ ਤੋਂ ਲੋਕਾਂ ਨੂੰ ਸੁਚੇਤ ਹੋਣ ਦੀ ਸਮੇਂ ਦੀ ਮੰਗ ਹੈ।

ਅੱਜ ਅਸੀਂ ਉਸ ਮਹਾਨ ਯੋਧੇ ਦਾ ਜਨਮ ਦਿਨ ਮਨਾ ਰਹੇ ਹਾਂ, ਜਿਸ ਨੇ ਦੇਸ਼ ਨੂੰ ਆਜ਼ਾਦ ਤੇ ਖੁਸ਼ਹਾਲ ਕਰਨ ਲਈ ਅਨੇਕਾਂ ਕਸ਼ਟਾਂ ਦਾ ਸਾਹਮਣਾ ਕੀਤਾ ਤੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ਆਓ ਦੇਸ਼ ਵਾਸੀਓ ਇਹਨਾਂ ਮਹਾਨ ਯੋਧਿਆਂ ਦੇ, ਦੇਸ਼ ਲਈ ਲਏ ਵਧੀਆ ਸੁਪਨਿਆਂ ਨੂੰ 21ਵੀਂ ਸਦੀ ਵਿਚ ਚੇਤਨ ਹੋ ਕੇ ਸਿਰਜੀਏ ਤੇ ਸਮਾਜ ਨੂੰ ਹਰ ਤਰ੍ਹਾਂ ਦੇ ਉਕਤ ਦੱਸੇ ਕੋਹੜ ਤੋਂ ਨਿਜ਼ਾਤ ਦਿਵਾਈਏ ਤੇ ਦੇਸ਼ ਨੂੰ ਨਵੀਆਂ ਬੁਲੰਦੀਆਂ ਤੇ ਲਿਜਾਣ ਲਈ ਹੰਭਲਾ ਮਾਰੀਏ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਅੰਤ ਵਿਚ ਦੇਸ਼ ਭਗਤੀ ਦੀਆਂ ਉਕਤ ਲਾਈਨਾਂ ਨਾਲ ਭਾਰਤ ਦੇ ਮਹਾਨ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਤੇ ਹੋਰ ਮਹਾਨ ਸ਼ਹੀਦਾਂ ਨੂੰ ਸਲਾਮ ਕਰਦਾ ਹਾਂ।

# ਵਰਲਡ ਕੱਬਡੀ ਲੀਗ: ਇਕ ਸਫਲ-ਅਸਫਲ ਤਜਰਬਾ

ਵਰਲਡ ਕਬੱਡੀ ਲੀਗ ਨੇ ਮਿੱਟੀ ਦੀ ਖੇਡ ਕਬੱਡੀ ਨੂੰ ਮੈਟ ਦੀ ਖੇਡ ਬਣਾ ਕੇ ਟੀਵੀ ਦਾ ਸ਼ਿੰਗਾਰ ਬਣਾ ਦਿੱਤਾ ਹੈ। ਲੀਗ ਕਮਿਸ਼ਨਰ ਪਰਗਟ ਸਿੰਘ ਦੇ ਦੱਸਣ ਅਨੁਸਾਰ ਇਸ ਦੇ ਨਜ਼ਾਰੇ ਚਾਰ ਕਰੋੜ ਲੋਕਾਂ ਨੇ ਭਾਰਤ ਵਿਚ ਤੇ ਦੋ ਕਰੋੜ ਲੋਕਾਂ ਨੇ ਵਿਦੇਸ਼ਾਂ ਵਿਚ ਵੇਖੇ। ਕੌਡੀਆਂ ਦੀ ਕਬੱਡੀ ਹੁਣ ਕਰੋੜਾਂ ਦੀ ਹੋ ਗਈ ਹੈ। ਵਾਹਣਾਂ ਦੀ ਖੇਡ ਵਿਸ਼ਵ ਦੇ ਬਹੁਮੰਤਵੀ ਇਨਡੋਰ ਭਵਨਾਂ ਦੀ ਖੇਡ ਬਣ ਗਈ ਹੈ।

ਮੈਟ ਉਤੇ ਕਬੱਡੀ ਪਹਿਲੀ ਵਾਰ 1995 ਵਿਚ ਕੈਨੇਡਾ ਦੇ ਕੌਪਿਸ ਕੋਲੀਜੀਅਮ ਇਨਡੋਰ ਸਟੇਡੀਅਮ ਵਿਚ ਖੇਡੀ ਗਈ ਸੀ। ਮੈਂ ਉਸ ਮੈਟ 'ਤੇ ਤੁਰ ਕੇ ਵੇਖਿਆ ਤਾਂ ਗਲੀਚੇ ਉਤੇ ਤੁਰਨ ਵਰਗਾ ਅਹਿਸਾਸ ਹੋਇਆ ਸੀ। ਉਥੇ ਮੈਂ ਮੈਚਾਂ ਦੀ ਕੁਮੈਂਟਰੀ ਕਰਨ ਗਿਆ ਸਾਂ।ਪਹਿਲੀ ਵਾਰ ਮੈਟ ਉਤੇ ਖੇਡਦਿਆਂ ਭਾਰਤੀ ਖਿਡਾਰੀਆਂ ਨਾਲੋਂ ਪਾਕਿਸਤਾਨੀ ਖਿਡਾਰੀ ਵਧੇਰੇ ਕੰਡਮ ਹੋਏ ਸਨ।

2009 ਵਿਚ ਕਬੱਡੀ ਟੋਰਾਂਟੋ ਦੇ ਸਕਾਈਡੋਮ ਵਿਚ ਪਹੁੰਚੀ ਜਿਸ ਦਾ ਇਕ ਦਿਨ ਦਾ ਕਿਰਾਇਆ ਇਕ ਕਰੋੜ ਰੁਪਏ ਸੀ। ਸਕਾਈਡੋਮ ਦੀ ਛੱਤ ਮੌਸਮ ਮੁਤਾਬਿਕ ਖੋਲ੍ਹੀ ਤੇ ਬੰਦ ਕਰ ਦਿੱਤੀ ਜਾਂਦੀ ਹੈ। ਉਥੇ ਕਬੱਡੀ ਮਸਨੂਈ ਘਾਹ ਉਤੇ ਖੇਡੀ ਗਈ। 9 ਅਗਸਤ 2014 ਨੂੰ ਵੇਵ ਵਰਲਡ ਕਬੱਡੀ ਲੀਗ ਦਾ ਆਗਾਜ਼ ਲੰਡਨ ਦੇ ਆਲੀਸ਼ਾਨ ਓ ਟੂ ਏਰੀਨਾ ਵਿਚ ਹੋਇਆ ਜੀਹਦੀ ਇਕ ਦਿਨ ਦੀ ਟਿਕਟ 40, 80, 110, 125 ਯੂਰੋ ਸੀ ਪਰ ਟਿਕਟਾਂ ਨਾਂਮਾਤਰ ਹੀ ਵਿਕੀਆਂ। ਅਕਸ਼ੈ ਕੁਮਾਰ, ਸੋਨਾਕਸ਼ੀ ਤੇ ਹੋਰ ਕਲਾਕਾਰ ਵੀ ਦਰਸ਼ਕਾਂ ਨੂੰ ਨਾ ਖਿੱਚ ਸਕੇ। ਲੰਡਨ ਤੋਂ ਬਰਮਿੰਘਮ ਦੇ ਐਲ ਜੀ ਏਰੀਨਾ ਵਿਚ ਹੁੰਦੀ ਹੋਈ ਇਹ ਲੀਗ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿਚ ਪਹੁੰਚੀ। ਸਕੂਲੀ ਵਿਦਿਆਰਥੀ ਲਿਆ ਕੇ ਦਰਸ਼ਕ ਵਧਾਏ ਗਏ। ਫਿਰ ਇਸ ਦੇ ਮੈਚ ਲੁਧਿਆਣੇ, ਬਠਿੰਡੇ, ਜਲੰਧਰ, ਅੰਮ੍ਰਿਤਸਰ, ਭੁਪਾਲ ਤੇ ਮੋਹਾਲੀ ਦੇ ਲਾਈਟਾਂ ਵਾਲੇ ਹਾਕੀ ਸਟੇਡੀਆਂ ਵਿਚ ਹੁੰਦੇ ਗਏ। ਪਰ ਉਹ ਸਟੇਡੀਅਮ ਕਦੇ ਵੀ ਭਰ ਨਾ ਸਕੇ। ਲੀਗ ਦੌਰਾਨ ਕਈ ਤਲਖ਼ ਤਜਰਬੇ ਹੋਏ, ਕਈ ਪ੍ਰੋਗਰਾਮ ਬਦਲੇ, ਕਈ ਸਮੱਸਿਆਵਾਂ ਆਈਆਂ, ਕਈ ਵਾਰ ਤਿਲ੍ਹਕਣਬਾਜ਼ੀ ਹੋਈ ਪਰ ਆਖ਼ਰ ਇਹ ਸਿਰੇ ਲੱਗ ਗਈ।





ਮੈਂ ਇਹ ਲੀਗ ਅਰੰਭ ਤੋਂ ਅੰਤ ਤਕ ਦੇਖੀ ਤੇ ਦੇਖੀ ਵੀ ਦੂਰਬੀਨ 'ਚੋਂ। ਦੂਰਬੀਨ ਯਾਨਿ ਟੀਵੀ ਤੋਂ ਸਾਰਾ ਕੁਝ ਤਾਂ ਨਹੀਂ ਦਿਸਦਾ ਪਰ ਜੋ ਦਿਸਦਾ ਉਹ ਚੰਗੀ ਤਰ੍ਹਾਂ ਦਿਸਦੈ। ਦੇਖਣਯੋਗ ਦ੍ਰਿਸ਼ ਦੂਹਰੀ ਤੀਹਰੀ ਵਾਰ ਦਿਖਾ ਦਿੱਤੇ ਜਾਂਦੇ ਹਨ। ਸਟੇਡੀਅਮ ਵਿਚ ਬੈਠਿਆਂ ਨੂੰ ਦਿਸੇ ਨਾ ਦਿਸੇ ਪਰ ਟੀਵੀ ਤੋਂ ਵੇਖਣ ਵਾਲਿਆਂ ਨੂੰ ਬੜਾ ਨੇੜਿਓਂ ਦਿਸੀ ਜਾਂਦੈ। ਇਸ ਲੀਗ ਨੇ ਪਿੰਡਾਂ ਦੀ ਖੇਡ ਕਬੱਡੀ ਨੂੰ ਖੁੱਲ੍ਹੇ ਮੈਦਾਨਾਂ ਦੀ ਥਾਂ ਘਰਾਂ 'ਚ ਟੀਵੀ ਦੀ ਪਟਰਾਣੀ ਬਣਾ ਦਿੱਤੈ। ਇਹੋ ਕਾਰਨ ਹੈ ਕਿ ਦਰਸ਼ਕ ਦਾਇਰੇ ਦੁਆਲੇ ਖੜ੍ਹ ਕੇ ਖੇਡ ਵੇਖਣ ਦੀ ਥਾਂ ਟੀਵੀ ਤੋਂ ਮੈਚ ਵੇਖਦੇ ਰਹੇ। ਮੈਦਾਨ ਵਿਚ ਕਬੱਡੀ ਦਰਸ਼ਕਾਂ ਦੀ ਘਾਟ ਪਹਿਲੀ ਵਾਰ ਰੜਕੀ। ਪਿੰਡਵਾਰ ਖੇਡੀ ਜਾਂਦੀ ਕਬੱਡੀ, ਜ਼ਿਲ੍ਹੇਵਾਰ, ਕਲੱਬਵਾਰ ਤੇ ਮੁਲਕਵਾਰ ਹੁੰਦੀ ਹੋਈ ਵਰਲਡ ਲੀਗ ਤਕ ਪੁੱਜ ਗਈ। ਟੀਵੀ 'ਤੇ ਇਸ ਨੇ ਕਰੋੜਾਂ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

ਪਹਿਲੀ ਲੀਗ ਹੋਣ ਕਾਰਨ ਇਹ ਤਜਰਬਿਆਂ 'ਚੋਂ ਲੰਘੀ। ਫਾਈਨਲ ਮੈਚ ਮੈਟ 'ਤੇ ਪਈ ਤ੍ਰੇਲ 'ਚ ਤਿਲ੍ਹਕਦਾ ਰਿਹਾ।ਖਿਡਾਰੀ ਡਿੱਗਦੇ ਢਹਿੰਦੇ ਰਹੇ। ਸਿਖਰਲੇ ਮੈਚ ਵਿਚ ਕਬੱਡੀਆਂ ਨਿਸਬਤਨ ਘੱਟ ਪਈਆਂ। ਮੈਚ ਹੇਠਾਂ ਉਤੇ ਹੁੰਦਾ ਰਿਹਾ। ਖਾਲਸਾ ਵਾਰੀਅਰਜ਼ ਬਨਾਮ ਯੂਨਾਈਟਿਡ ਸਿੰਘਜ਼ ਦੇ ਅੰਕ, 7-1, 18-11, 29-27, 36-36, 52-48, 53-53, 55-58 ਹੋਏ ਜਿਨ੍ਹਾਂ ਨਾਲ ਪਹਿਲਾਂ ਹਾਰ ਰਹੀ ਟੀਮ ਯੂਨਾਈਟਿਡ ਸਿੰਘਜ਼ ਅਖ਼ੀਰ ਵਿਚ ਜਿੱਤ ਗਈ। ਤਿਲ੍ਹਕਨ ਦਾ ਜਾਫੀਆਂ ਨੂੰ ਵਧੇਰੇ ਫਾਇਦਾ ਹੋਇਆ। ਮੈਚ ਦੀਆਂ 113 ਰੇਡਾਂ ਵਿਚ 33 ਜੱਫੇ ਲੱਗੇ। ਮਨਜੋਤ ਗਿੱਲ ਲੀਗ ਦਾ ਸਰਵੋਤਮ ਧਾਵੀ ਤੇ ਸੰਦੀਪ ਸੰਧੂ ਬੈਸਟ ਜਾਫੀ ਸਿੱਧ ਹੋਇਆ। ਮਨਜੋਤ ਦੀਆਂ 90.53% ਰੇਡਾਂ ਸਫਲ ਰਹੀਆਂ ਜਦ ਕਿ ਸੰਦੀਪ ਦੇ 32.15% ਜੱਫੇ ਕਾਮਯਾਬ ਰਹੇ।

ਮੈਟ ਦੀ ਤਿਲ੍ਹਕਣਬਾਜ਼ੀ ਤੇ ਸਿੰਥੈਟਿਕ ਰਗੜਾਂ ਕਾਰਨ ਖਿਡਾਰੀ ਵੱਡੀ ਗਿਣਤੀ ਵਿਚ ਕੰਡਮ ਹੋਏ। ਪੈਰਾਂ, ਗਿੱਟਿਆਂ, ਗੁੱਟਾਂ, ਕੂਹਣੀਆਂ, ਮੋਢਿਆਂ ਤੇ ਗੋਡਿਆਂ 'ਤੇ ਬੰਨ੍ਹੀਆਂ ਪੱਟੀਆਂ ਨਾਲ ਇਓਂ ਲੱਗਦੇ ਰਹੇ ਜਿਵੇਂ ਜੰਗੇ ਮੈਦਾਨ ਦੇ ਘਾਇਲ ਜੁਆਨ ਹੋਣ! ਲੀਗ ਦੇ ਵੀਹੂੰ ਬਦਲੇ ਗਏ, ਤਰੀਕਾਂ ਬਦਲੀਆਂ, ਮੈਚ ਬਦਲੇ ਤੇ ਹੋਰ ਵੀ ਬਹੁਤ ਕੁਝ ਬਦਲਦਾ ਰਿਹਾ। ਕਮੀਆਂ ਪੇਸ਼ੀਆਂ ਦਾ ਪਤਾ ਲੱਗਦਾ ਗਿਆ। ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਾਢੇ ਤਿੰਨ ਮਹੀਨੇ ਚੱਲੀ ਲੀਗ 22 ਨਵੰਬਰ ਨੂੰ ਮੁੱਕੀ ਤਾਂ ਪ੍ਰਬੰਧਕਾਂ ਨੇ ਸੁਖ ਦਾ ਸਾਹ ਲਿਆ। ਤਜਰਬਾ ਸੀ, ਕੁਛ ਕਾਮਯਾਬ ਰਿਹਾ, ਕੁਛ ਨਾਕਾਮਯਾਬ।

ਇਸ ਲੀਗ ਨੇ ਕਬੱਡੀ ਦਾ ਕਾਫੀ ਕੁਝ ਸੁਆਰਿਆ ਪਰ ਅਜੇ ਹੋਰ ਬਹੁਤ ਕੁਝ ਸੁਆਰਨਾ ਬਾਕੀ ਹੈ। ਲੀਗ ਦਾ ਸਭ ਤੋਂ ਵੱਡਾ ਸੁਧਾਰ ਕਬੱਡੀ ਨੂੰ ਲਿਖਤੀ ਨਿਯਮਾਂ ਦੀ ਖੇਡ ਬਣਾਉਣਾ ਤੇ ਡਰੱਗ ਮੁਕਤ ਕਰਨ ਵੱਲ ਕਦਮ ਪੁੱਟਣਾ ਹੈ। ਪਹਿਲਾਂ ਵਰਲਡ ਕਬੱਡੀ ਕੱਪ ਤੇ ਹੁਣ ਵਰਲਡ ਕਬੱਡੀ ਲੀਗ ਵਿਚ ਡੋਪ ਟੈਸਟ ਕਰਾਉਣ ਤੇ ਡੋਪੀਆਂ ਨੂੰ ਬੈਨ ਕਰਨ ਨਾਲ ਸੁਖਬੀਰ ਸਿੰਘ ਬਾਦਲ ਤੇ ਪਰਗਟ ਸਿੰਘ ਹੋਰਾਂ ਨੇ ਕਬੱਡੀ ਦੇ ਖਰੇ ਖਿਡਾਰੀਆਂ 'ਤੇ ਵੱਡਾ ਉਪਕਾਰ ਕੀਤਾ ਹੈ। ਜਿਨ੍ਹਾਂ ਨੂੰ ਡੋਪ ਟੈਸਟਾਂ ਵਿਚ ਫਸ ਜਾਣ ਦਾ ਡਰ ਸੀ ਉਹ ਲੀਗ ਵਿਚ ਖੇਡੇ ਹੀ ਨਹੀਂ। ਕਈਆਂ ਨੂੰ ਡਰੱਗੀ ਹੋਣ ਕਰਕੇ ਨਹੀਂ ਖਿਡਾਇਆ ਗਿਆ। ਡੋਪ ਟੈਸਟਾਂ ਵਿਚ 23 ਖਿਡਾਰੀ ਡਰੱਗੀ ਨਿਕਲੇ, ਸੰਭਵ ਹੈ ਕੁਝ ਹੋਰ ਵੀ ਨਿਕਲਣ। ਲੀਗ ਸ਼ੁਰੂ ਕਰਨ ਵੇਲੇ ਇਸ ਦੀ ਵੈਬਸਾਈਟ 'ਤੇ ਪ੍ਰਚਾਰਿਆ ਗਿਆ ਕਿ ਖਿਡਾਰੀਆਂ ਨੂੰ 15 ਕਰੋੜ ਰੁਪਏ ਫੀਸ ਦੇ ਮਿਲਣਗੇ। 4 ਕਰੋੜ ਦੇ ਇਨਾਮ ਹੋਣਗੇ। 4 ਮਹਾਂਦੀਪਾਂ ਦੇ 7 ਮੁਲਕਾਂ ਵਿਚ 94 ਮੈਚ ਖੇਡੇ ਜਾਣਗੇ। ਉਨ੍ਹਾਂ ਮੁਲਕਾਂ ਵਿਚ ਇੰਗਲੈਂਡ, ਬੈਲਜੀਅਮ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਪਾਕਿਸਤਾਨ ਤੇ ਭਾਰਤ ਸ਼ਾਮਲ ਸਨ। ਮੈਚ ਕਰਾਉਣ ਵਾਲੇ ਸ਼ਹਿਰਾਂ ਵਿਚ ਨਿਊ ਯਾਰਕ, ਟੋਰਾਂਟੋ, ਲੰਡਨ, ਸਿਡਨੀ ਤੇ ਲਾਹੌਰ ਆਦਿ 14 ਸ਼ਹਿਰ ਸਨ। ਪਰ ਉਸ 'ਤੇ ਪੂਰਾ ਅਮਲ ਨਹੀਂ ਹੋ ਸਕਿਆ। ਲੀਗ ਦਾ ਕਾਰਪੋਰੇਟ ਦਫਤਰ ਗੁੜਗਾਓਂ ਤੇ ਰਜਿਸਟਰਡ ਦਫਤਰ ਚੰਡੀਗੜ੍ਹ ਵਿਚ ਸੀ। ਖਿਡਾਰੀਆਂ, ਕਬੱਡੀ ਕਲੱਬਾਂ ਤੇ ਅਕੈਡਮੀਆਂ ਨੂੰ ਉਨ੍ਹਾਂ ਦਫਤਰਾਂ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਸੀ। ਟਰਾਇਲ ਹੋਏ, ਡੋਪ ਟੈਸਟਾਂ ਲਈ ਖਿਡਾਰੀਆਂ ਨੇ ਫੀਸਾਂ ਭਰੀਆਂ, ਫਿਰ ਫੀਸਾਂ ਮੁੜਾਉਣ ਦੇ ਰੌਲੇ ਪਏ। ਭਗਵੰਤ ਮਾਨ ਵਰਗਿਆਂ ਨੂੰ ਦਖ਼ਲ ਦੇਣਾ ਪਿਆ।

ਮੇਰਾ ਸੁਝਾਅ ਸੀ, ਸਟੇਡੀਅਮ ਵਿਚਲੇ ਸਾਈਨ ਬੋਰਡਾਂ, ਬੈਨਰਾਂ ਤੇ ਹੋਰਡਿੰਗਾਂ ਉਤੇ ਪੰਜਾਬੀ ਅੱਖਰਾਂ ਨੂੰ ਯੋਗ ਥਾਂ ਦੇਣੀ ਚਾਹੀਦੀ ਹੈ। ਵਰਲਡ ਲੀਗ ਵਿਚ ਪੰਜਾਬੀ ਕਿਤੇ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦੇ ਗਲਬੇ ਹੇਠ ਨਾ ਦੱਬੀ ਜਾਵੇ। ਮੈਚਾਂ ਦੀ ਕੁਮੈਂਟਰੀ ਪੰਜਾਬੀ, ਹਿੰਦੀ ਤੇ ਅੰਗਰੇਜ਼ੀ- ਤ੍ਰੈਭਾਸ਼ੀ ਹੋਵੇ। ਕਬੱਡੀ ਦੇ ਦਾਇਰੇ ਵਿਚ ਘੜਮੱਸ ਘਟਾਉਣ ਲਈ ਚਾਰ ਚਾਰ ਜਾਫੀ ਹੀ ਖੜ੍ਹਨ। ਰੇਡ ਪਾਉਣ ਵੇਲੇ ਹੀ ਰੇਡਰ ਅੰਦਰ ਆਵੇ। 40 ਮਿੰਟ ਦੇ ਮੈਚ ਦੀ ਥਾਂ 40 ਮਿੰਟ ਦਾ ਪਲੇਇੰਗ ਟਾਈਮ ਗਿਣਿਆ ਜਾਵੇ। ਰੈਫਰਲ ਸੀਮਤ ਹੋਣ ਤੇ ਘੱਟੋ ਘੱਟ 5 ਰੇਡਰਾਂ ਤੋਂ ਦੋ ਦੋ ਰੇਡਾਂ ਲਾਜ਼ਮੀ ਪੁਆਈਆਂ ਜਾਣ।

ਲੀਗ ਮੈਚਾਂ ਤੋਂ ਸਿੱਧ ਹੋ ਗਿਆ ਹੈ ਕਿ ਇਕ ਮੈਚ ਵਿਚ ਔਸਤਨ 60-60 ਰੇਡਾਂ ਪੈਂਦੀਆਂ ਹਨ। ਰੇਡ ਦਾ ਔਸਤ ਸਮਾਂ 20 ਸੈਕੰਡ ਆਇਆ ਹੈ। ਅਗਲੀ ਲੀਗ ਵਿਚ ਮੈਚਾਂ ਦੀਆਂ ਰੇਡਾਂ ਹੀ 60-60 ਕਰ ਦੇਣੀਆਂ ਚਾਹੀਦੀਆਂ ਹਨ ਤੇ ਰੇਡ ਦਾ ਸਮਾਂ 30 ਸੈਕੰਡ ਦੀ ਥਾਂ 25 ਸੈਕੰਡ ਕਰ ਦੇਣਾ ਚਾਹੀਦੈ। ਖਿਡਾਰੀ ਪਾਲੇ ਕੋਲ ਆ ਕੇ ਸਮਾਂ ਨਸ਼ਟ ਨਾ ਕਰਨ। ਚੇਨ ਟੁੱਟਣ, ਬੁਨੈਣ 'ਚ ਸਹਿਵਨ ਉਂਗਲ ਅੜਕਣ ਤੇ ਢੇਰੀ ਉਪਰ ਦੀ ਹਵਾ ਵਿਚ ਲੰਘਣ ਦੇ ਨਿਯਮਾਂ ਨੂੰ ਹੋਰ ਸਪੱਸ਼ਟ ਕਰਨ ਦੀ ਲੋੜ ਹੈ। ਬੁਨੈਣਾਂ ਅੱਧੇ ਬਾਜੂ ਵਾਲੀਆਂ ਤੇ ਪੈਰੀਂ ਫਲੀਟ ਪਾਏ ਜਾਣ। ਕਬੱਡੀ ਨੈਸ਼ਨਲ ਸਟਾਈਲ ਵਿਚ ਪਹਿਲਾਂ ਹੀ ਫਲੀਟ ਪੈ ਚੁੱਕੇ ਹਨ। ਇਹਦੇ ਨਾਲ ਸਿੰਥੈਟਿਕ ਮੈਟ ਦੀਆਂ ਰਗੜਾਂ ਤੋਂ ਬਚਾਅ ਰਹੇਗਾ।

ਕਬੱਡੀ ਦੇ ਵਿਸ਼ਵ ਕੱਪਾਂ ਵਿਚ ਕਬੱਡੀ ਦੀ ਮਲਾਈ ਅਕਸ਼ੈ ਕੁਮਾਰ, ਸ਼ਾਹਰੁਖ਼ ਖਾਨ, ਪ੍ਰਿਯੰਕਾ ਚੋਪੜਾ, ਕੈਟਰੀਨਾ ਕੈਫ ਤੇ ਕੁਝ ਹੋਰ ਫਿਲਮੀ ਸਿਤਾਰਿਆਂ ਦੇ ਹਿੱਸੇ ਆਈ ਸੀ। ਬਠਿੰਡੇ ਤੇ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਨਾਚੀਆਂ ਵੱਲੋਂ ਵਿਖਾਏ ਅਰਧ ਨਗਨ ਨਾਚਾਂ ਦੀ ਨੁਕਤਾਚੀਨੀ ਵੀ ਹੋਈ ਸੀ। ਜਥੇਦਾਰਾਂ ਨੇ ਘੁਸਰ-ਮੁਸਰ ਕੀਤੀ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਬਜ਼ੁਰਗੀ ਦਾ ਵੀ ਖ਼ਿਆਲ ਨਹੀਂ ਰੱਖਿਆ ਗਿਆ!



ਪ੍ਰਿੰ ਸਰਵਣ ਸਿੰਘ

ਮੇਰਾ ਕਹਿਣਾ ਸੀ, ਲੀਗ ਦੇ ਪ੍ਰਬੰਧਕ ਪੰਜਾਬ ਦੀ ਨਰੋਈ ਖੇਡ ਨਾਲ ਪੰਜਾਬ ਦੇ ਨਰੋਏ ਸਭਿਆਚਾਰ ਨੂੰ ਪੇਸ਼ ਕਰਨਗੇ ਤਾਂ ਪੰਜਾਬੀਆਂ ਦੀ ਵਧਾਈ ਦੇ ਪਾਤਰ ਹੋਣਗੇ। ਜੇਕਰ ਮਨੋਰੰਜਨ ਦੇ ਬਹਾਨੇ ਕਬੱਡੀ ਨਾਲ ਅਸ਼ਲੀਲ ਨਾਚ ਗਾਣਿਆਂ ਦਾ ਪ੍ਰਦਰਸ਼ਨ ਕਰਨਗੇ ਤਾਂ ਦੁਰ ਦੁਰ ਕਰਵਾਉਣਗੇ।

ਕਬੱਡੀ ਮੈਚ ਨਿਊ ਯਾਰਕ, ਟੋਰਾਂਟੋ ਤੇ ਡਬਈ ਵਿਚ ਵੀ ਹੋਣੇ ਸਨ ਜੋ ਕੱਟ ਦਿੱਤੇ ਗਏ। ਫਿਰ ਸਟਾਕਟਨ ਤੇ ਸੈਕਰਾਮੈਂਟੋ ਦੇ ਮੈਚਾਂ 'ਤੇ ਵੀ ਲੀਕ ਫੇਰ ਦਿੱਤੀ। ਵੈਨਕੂਵਰ ਲਾਗੇ ਐਬਟਸਫੋਰਡ ਦੇ ਮੈਚ ਤਾਂ ਖੜ੍ਹੇ ਪੈਰ ਰੱਦ ਕੀਤੇ। ਮੈਂ ਖ਼ੁਦ ਟੋਰਾਂਟੋ ਤੋਂ ਵੈਨਕੂਵਰ ਪਹੁੰਚ ਗਿਆ ਸਾਂ। ਇਨਡੋਰ ਸਟੇਡੀਅਮ ਬੁੱਕ ਕਰਾਉਣ, ਮਸ਼ਹੂਰੀ ਕਰਨ ਤੇ ਹੋਰ ਕਈ ਤਰ੍ਹਾਂ ਦੇ ਖਰਚੇ ਡੇਢ ਲੱਖ ਡਾਲਰ ਤਕ ਪਹੁੰਚ ਗਏ ਸਨ।

ਵੈਨਕੂਵਰ ਲਾਇਨਜ਼ ਦੇ ਪੁਰੇਵਾਲ ਭਰਾ ਅਤੇ ਸੰਗੀ ਸਾਥੀਆਂ ਨੂੰ ਡੇਢ ਲੱਖ ਡਾਲਰ ਦਾ ਰਗੜਾ ਲੱਗ ਗਿਆ। ਅਗਲੀ ਲੀਗ ਲਈ ਵੀਜ਼ਿਆਂ ਦੇ ਮਸਲੇ ਦਾ ਹੱਲ ਪਹਿਲਾਂ ਹੀ ਕਰ ਲੈਣਾ ਚਾਹੀਦੈ।

ਸੋਨੀ ਸਿਕਸ ਚੈਨਲ ਦੀ ਕੁਮੈਂਟਰੀ ਵਿਚ ਪੰਜਾਬੀ ਨੂੰ ਲਾਂਭੇ ਕਰਨਾ ਵਿਸ਼ਾਹਘਾਤ ਸੀ। ਕਬੱਡੀ ਖੇਡਣ ਵਾਲੇ ਪੰਜਾਬੀ ਹੋਣ, ਖਿਡਾਉਣ ਵਾਲੇ ਪੰਜਾਬੀ ਹੋਣ ਤੇ ਸਕਰੀਨ ਉਤੇ ਪੰਜਾਬੀ ਦਾ ਨਾਂ ਥੇਹ ਨਾ ਹੋਵੇ ਇਹ ਕੈਸੀ ਲੀਗ ਸੀ? ਮਾਰਕੀਟਿੰਗ ਲਈ ਹਿੰਦੀ ਜੰਮ ਜੰਮ ਵਰਤ ਲੈਂਦੇ, ਅੰਗਰੇਜ਼ੀ ਵੀ ਵਰਤ ਲੈਂਦੇ ਪਰ ਪੰਜਾਬੀਆਂ ਦੀ ਮਾਂ ਬੋਲੀ ਤੇ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦੇ ਹੱਕ ਉਤੇ ਤਾਂ ਛਾਪਾ ਨਾ ਮਾਰਦੇ!

ਅੱਠਾਂ ਟੀਮਾਂ ਦੇ 180 ਖਿਡਾਰੀਆਂ ਵਿਚ ਮਾਈਕਲ ਲਤੀਫ ਨੂੰ ਛੱਡ ਕੇ ਸਾਰੇ ਖਿਡਾਰੀ ਪੰਜਾਬੀ ਸਨ। ਟੀਮਾਂ ਦੇ ਮਾਲਕ ਵੀ ਪੰਜਾਬੀ ਤੇ ਲੀਗ ਕਰਾਉਣ ਵਾਲੇ ਵੀ ਪੰਜਾਬੀ। ਵਧੇਰੇ ਮੈਚ ਵੀ ਲੁਧਿਆਣੇ, ਜਲੰਧਰ, ਅੰਮ੍ਰਿਤਸਰ, ਬਠਿੰਡੇ ਤੇ ਮੁਹਾਲੀ ਵਿਚ ਹੋਏ। ਪੰਜਾਬੀ ਜਿਹੜੀ ਸੌ ਤੋਂ ਵੱਧ ਦੇਸ਼ਾਂ ਵਿਚ ਵਸਦੇ ਚੌਦਾਂ ਕਰੋੜ ਪੰਜਾਬੀਆਂ ਦੀ ਮਾਂ ਬੋਲੀ ਹੈ, ਜਿਹੜੀ ਪੰਜਾਬ ਸਰਕਾਰ ਦੀ ਰਾਜ ਭਾਸ਼ਾ ਹੈ, ਉਹ ਵੇਵ ਕਬੱਡੀ ਲੀਗ ਵਿਚੋਂ ਅਲੋਪ ਕਿਉਂ ਹੋਈ? ਅਜਿਹਾ 'ਪੰਜਾਬੀ ਸੂਬੇ' ਵਿਚ ਹੋਇਆ। ਪੰਜਾਬੀ ਮਰੇਗੀ ਨਹੀਂ ਤਾਂ ਹੋਰ ਕੀ ਕਰੇਗੀ?

# ਲਾਸ ਏਂਜਲਸ ਵਿਖੇ ਨਾਮਵਰ ਲੇਖਕ ਤੇ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਵੱਲੋਂ ਸਲਾਈਡ ਸ਼ੋਅ ਪ੍ਰਦਰਸ਼ਨ

ਲਾਸ ਏਂਜਲਸ: ਅਮਰੀਕਾ ਦੇ ਲਾਸ ਏਂਜਲਸ ਦੇ ਕਾਊਂਟੀ ਦੇ ਅਤਿ ਸੁੰਦਰ ਸ਼ਹਿਰ ਦੇ ਸ੍ਰੀ ਗੁਰੂ ਸਿੰਘ ਸਭਾ ਵਾਲਨਟ ਵਿਖੇ 27- 29 ਨਵੰਬਰ ਨੂੰ ਸਲਾਨਾ ਅਖੰਡ ਕੀਰਤਨੀ ਜਥਾ ਲਾਸ ਏਂਜਲਸ ਦੇ ਉੱਦਮ ਨਾਲ ਤਿੰਨ ਰੋਜ਼ਾ ਸਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਦੇਸ਼ ਵਿਦੇਸ਼ ਤੋਂ ਨਾਮਵਰ ਤੇ ਉੱਘੀਆਂ ਸ਼ਖ਼ਸੀਅਤਾਂ ਨੇ ਇਸ ਵਿਚ ਸ਼ਿਰਕਤ ਕੀਤੀ। ਇਸ ਅਖੰਡ ਕੀਰਤਨ ਦੇ ਸਮਾਗਮ ਵਿਚ ਪਹਿਲੀ ਵਾਰ ਵਿਸ਼ੇਸ਼ ਸੱਦੇ ਤੇ ਸਰੀ ਕਨੇਡਾ ਤੋਂ ਨਾਮਵਰ ਲੇਖਕ ਤੇ ਵਿਦਵਾਨ ਸ. ਜੈਤੇਗ ਸਿੰਘ ਅਨੰਤ ਉਚੇਚੇ ਤੌਰ ਤੇ ਪਹੁੰਚੇ ਜਿਹਨਾਂ ਨੇ ਸਮੁੱਚੀ ਸਿੱਖ ਸੰਗਤ ਨੂੰ ਆਪਣੇ ਮਹਾਨ ਵਿਰਸੇ ਅਤੇ ਵਿਰਾਸਤ ਨਾਲ ਜੋੜਨ ਲਈ ਬੜੀ ਮਿਹਨਤ, ਸ਼ਿੱਦਤ ਤੇ ਇਤਿਹਾਸਕ ਪੱਖਾਂ ਨਾਲ ਜੁੜੇ ਸਲਾਈਡ ਸ਼ੋਅ ਪ੍ਰਦਰਸ਼ਨ ਰਾਹੀਂ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਇਆ। ਪਹਿਲੇ ਦਿਨ ਦੇ ਸਮਾਗਮ ਵਿਚ ਉਹਨਾਂ ਪੰਥ ਦੀ ਸੋਨ ਚਿੜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਗਾਥਾ ਤੇ ਅਧਾਰਿਤ ਉਹਨਾਂ ਦੇ ਜੀਵਨ ਦੇ ਹਰ ਪੱਖ ਨੂੰ ਰੁਸ਼ਨਾਉਣ ਦਾ ਯਤਨ ਕੀਤਾ।ਮੂੰਹ ਬੋਲਦੀਆਂ ਤਸਵੀਰਾਂ ਰਾਹੀਂ ਬਾਣੀ ਤੇ ਬਾਣੇ ਵਿਚ ਰੰਗੇ ਗੁਰੂ ਦੇ ਲਾਲ ਜਿਹਨਾਂ ਬਰਤਾਨੀ ਸਾਮਰਾਜ ਦੀਆਂ ਜੇਲ੍ਹਾਂ ਵਿਚ ਉਮਰ ਕੈਦ ਸਮੇਂ ਜੋ ਘਾਲਣਾ ਘਾਲੀ ਉਸਨੂੰ ਇਤਿਹਾਸਕ ਦਸਤਾਵੇਜ਼ ਤਸਵੀਰਾਂ ਰਾਹੀਂ ਬਿਆਨ ਕੀਤਾ।

ਇਸਦੇ ਨਾਲ ਹੀ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਆਪਣੇ ਦੂਜੇ ਸਲਾਈਡ ਲੈਕਚਰ ਵਿਚ ਗਦਰ ਲਹਿਰ ਦੀ ਗਾਥਾ ਨੂੰ ਪੇਸ਼ ਕੀਤਾ। ਜਿਸ ਵਿਚ ਗਦਰ ਲਹਿਰ, ਗਦਰ ਪਾਰਟੀ ਇਸ ਦੇ ਪ੍ਰਭਾਵ ਹੇਠ ਉਪਜੀਆਂ ਉਹਨਾਂ ਲਹਿਰਾਂ ਨੂੰ ਦਰਸਾਇਆ ਜਿਸ ਨੇ ਭਾਰਤ ਦੀ ਗੁਲਾਮੀ ਦੇ ਸੰਗਲਾਂ ਨੂੰ ਤੋੜਨ ਵਿਚ ਸਹਾਇਤਾ ਕੀਤੀ।ਬਹੁਤ ਹੀ ਪ੍ਰਭਾਵਸ਼ਾਲੀ ਸਲਾਈਡ ਸ਼ੋਅ ਵਿਚ ਕਾਮਾਗਾਟਾ ਮਾਰੂ ਲਹਿਰ, ਬਜਬਜ ਘਾਟ, ਲਾਹੌਰ ਸਾਜਿਸ਼ ਕੇਸ, ਜਲ੍ਹਿਆਂਵਾਲਾ ਬਾਗ, ਅਕਾਲੀ ਲਹਿਰ, ਗੁਰੂ ਕੇ ਬਾਗ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਜੈਤੋਂ ਦਾ ਮੋਰਚਾ ਆਦਿ ਨੂੰ ਤਸਵੀਰਾਂ ਰਾਹੀਂ ਪੇਸ਼ ਕਰਦੇ ਹੋਏ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਅਮੀਰ ਤੇ ਗੌਰਵਮਈ ਵਿਰਸੇ ਦੀ ਝਾਤ ਪਵਾਈ।



ਇਥੇ ਸ. ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਭਾਈ ਰਣਧੀਰ ਸਿੰਘ ਇਬਾਦਤ ਤੇ ਬਗਾਵਤ ਦਾ ਸੰਗਮ ਸੀ। ਕੀਰਤਨ ਉਹਨਾਂ ਦੇ ਜੀਵਨ ਦਾ ਆਧਾਰ ਸੀ।ਪਰ ਚਿੰਤਨ ਨਾਲ ਉਹ ਜੁੜੇ ਹੋਏ ਸਨ ਤਦ ਹੀ ਉਹਨਾਂ ਵੱਲੋਂ 40 ਤੋਂ ਉਤੇ ਪੁਸਤਕਾਂ ਪੰਥ ਦੀ ਝੋਲੀ ਪਾਈਆਂ। ਉਹਨਾਂ ਬੜੇ ਭਾਵੁਕ ਹੋ ਕੇ ਕਿਹਾ ਜਾਗੋ ਜਾਗੋ ਸੁਤਿਓ ਇਹ ਸੌਣ ਦਾ ਸਮਾਂ ਨਹੀਂ, ਜਾਗਣ ਦਾ ਸਮਾਂ ਆ ਗਿਆ ਹੈ। ਭਾਈ ਸਾਹਿਬ ਰਣਧੀਰ ਸਿੰਘ ਹੋਰਾਂ ਨੂੰ ਸੰਗੀ ਸਾਥੀਆਂ ਨਾਲ ਫਿਰੋਜ਼ਪੁਰ ਐਕਸ਼ਨ ਦੇ ਸਬੰਧ ਵਿਚ ਅਕਤੂਬਰ 1915 ਨੂੰ ਗ੍ਰਿਫਤਾਰ ਕੀਤਾ ਗਿਆ ਸੀ। 1916 ਨੂੰ ਉਹਨਾਂ ਨੂੰ ਅਤੇ ਉਹਨਾਂ ਦੇ ਸਾਥੀਆਂ ਨੂੰ ਉਮਰ ਕੈਦ, ਕਾਲੇ ਪਾਣੀ ਦੀਆਂ ਸਜਾਵਾਂ ਤੇ ਜਾਇਦਾਦ ਜ਼ਬਤੀ ਦੀ ਸਜਾ ਸੁਣਾਈ ਗਈ ਸੀ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ 1915-16 ਦੇ ਇਸ ਦੁਖਾਂਤ ਨੂੰ ਇਕ ਸੌ ਸਾਲ ਪੂਰੇ ਹੋਣ ਤੇ ਵਿਸ਼ਵ ਵਿਚ ਅਸੀਂ ਯਾਦ ਕਰੀਏ ਤੇ ਵੱਡੇ ਸਮਾਗਮਾਂ ਰਾਹੀਂ ਭਾਈ ਸਾਹਿਬ ਰਣਧੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਕੁਰਬਾਨੀ ਨੂੰ ਯਾਦ ਕਰੀਏ। ਇਸ ਲਈ ਸਾਰਿਆਂ ਨੂੰ ਹੁਣ ਤੋਂ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ।

ਸਮਾਗਮ ਵਿਚ ਨਾਮਵਰ ਲੇਖਕ ਸਿੱਖ ਵਿਦਵਾਨ ਸ. ਜੈਤੇਗ ਸਿੰਘ ਅਨੰਤ ਦੀਆਂ ਗਦਰ ਲਹਿਰ ਨਾਲ ਸਬੰਧਤ 3 ਪੁਸਤਕਾਂ ਗਦਰ ਲਹਿਰ ਦੀ ਕਹਾਣੀ, ਗਦਰੀ ਯੋਧੇ ਤੇ ਗਦਰ ਦੀ ਗੂੰਜ ਅਤੇ ਭਾਈ ਰਣਧੀਰ ਸਿੰਘ ਨੂੰ ਸੰਗਤ ਅਰਪਣ ਭਾਈ ਸਾਹਿਬ ਰਣਧੀਰ ਸਿੰਘ ਦੇ ਵਿਰਸੇ ਤੇ ਵਿਰਾਸਤ ਦੇ ਅਤਿ ਸਤਿਕਾਰਤ ਤੇ ਮੋਹਤਬਰ ਗੁਰਸਿੱਖਾਂ ਜਿਹਨਾਂ ਵਿਚ ਭਾਈ ਸਤਿਨਾਮ ਸਿੰਘ ਜੀ (ਬੰਬਈ ਵਾਲੇ), ਭਾਈ ਨਿਰੰਜਨ ਸਿੰਘ ਗੁਰਦਾਸਪੁਰ, ਭਾਈ ਹਰਪ੍ਰੀਤ ਸਿੰਘ ਟਰਾਂਟੋ, ਡਾ. ਰਵਿੰਦਰ ਸਿੰਘ ਲਾਲ ਜੀ ਲਾਸ ਏਂਜਲਸ, ਭਾਈ ਮਨਮੋਹਨ ਸਿੰਘ ਸੈਨਹੋਜੇ ਨੇ ਜੈਕਾਰਿਆਂ ਦੀ ਗੂੰਜ ਵਿਚ ਰਿਲੀਜ਼ ਕੀਤੀਆਂ ਗਈਆਂ।ਇਸ ਮੌਕੇ ਤੇ ਗੁਰੂਘਰ ਦੇ ਮੁਖ ਵਜੀਰ ਭਾਈ ਰਘਬੀਰ ਸਿੰਘ ਨੂੰ ਗੁਰੂਘਰ ਲਈ ਇਕ ਪੁਸਤਕ ਦਾ ਸੈਟ ਸ. ਜੈਤੇਗ ਸਿੰਘ ਅਨੰਤ ਨੇ ਭੇਟ ਕੀਤਾ।

ਸਮਾਗਮ ਵਿਚ ਕੇਂਦਰ ਬਿੰਦੂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕਨੇਡਾ ਵੱਲੋਂ ਪ੍ਰਦਰਸ਼ਤ ਫੋਟੋ ਪ੍ਰਦਰਸ਼ਨੀ ਸੀ। ਜਿਸ ਵਿਚ ਗਦਰ ਲਹਿਰ ਦੇ ਨਾਲ ਜੁੜੀਆਂ ਇਤਿਹਾਸਕ ਤਸਵੀਰਾਂ, ਸਮਾਰਕਾਂ ਤੇ ਜੇਲ੍ਹ ਚਿੱਠੀਆਂ ਦਾ ਸੁੰਦਰ ਪ੍ਰਦਰਸ਼ਨ ਸੀ। ਇਸ ਪ੍ਰਦਰਸ਼ਨੀ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਅਨੇਕ ਮਹੱਤਵਪੂਰਨ ਤੇ ਦੁਰਲਭ ਇਤਿਹਾਸਕ ਜੇਲ੍ਹ ਚਿੱਠੀਆਂ ਦਾ ਪ੍ਰਦਰਸ਼ਨ ਜੋ ਉਹਨਾਂ ਜੇਲ੍ਹ ਯਾਤਰਾ ਦੌਰਾਨ ਆਪਣੇ ਸੰਗੀ ਸਾਥੀ ਤੇ ਪਰਿਵਾਰਾਂ ਨੂੰ ਲਿਖੀਆਂ ਸਨ ਜਿਸ ਵਿਚ ਕਾਲ ਕੋਠੜੀਆਂ ਤੇ ਬੀਤੇ ਸਮੇਂ ਦੇ ਸੰਘਰਸ਼ ਦੀਆਂ ਬਾਤਾਂ ਪਾਈਆਂ ਗਈਆਂ ਸਨ।

ਤਿੰਨ ਦਿਨ ਦੇ ਆਲੌਕਿਕ ਸਮਾਗਮ ਵਿਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਗੁਰੂਘਰ ਦੇ ਕੀਰਤਨੀਆਂ ਨੇ ਅਖੰਡ ਕੀਰਤਨ ਦੇ ਇਲਾਹੀ ਅਖਾਰਿਆਂ ਵਿਚ ਗੁਰੂ ਜਸ ਗਾਇਨ ਕਰ ਕੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਸਮਾਗਮ ਵਿਚ ਲਾਸ ਏਂਜਲਸ ਕਾਊਂਟੀ ਦੇ ਸਾਰੇ ਛੋਟੇ ਵੱਡੇ ਸ਼ਹਿਰਾਂ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਸਮਾਗਮਾਂ ਵਿਚ ਸ਼ਿਰਕਤ ਕੀਤੀ।ਕਨੇਡਾ ਅਮਰੀਕਾ ਤੋਂ ਇਲਾਵਾ ਡੈਨਮਾਰਕ, ਦੁਬਈ, ਬਰਤਾਨੀਆ ਦੇ ਸਿੰਘਾਂ ਨੇ ਵੀ ਕੈਲੇਫੋਰਨੀਆ ਪੁੱਜ ਕੇ ਸਮਾਗਮਾਂ ਦਾ ਆਨੰਦ ਮਾਣਿਆ।

ਸਮਾਗਮ ਵਿਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਕੁਲ ਮਿਲਾ ਕੇ ਅਮਰੀਕਾ ਦੇ ਇਤਿਹਾਸ ਵਿਚ ਆਪਣੀ ਅਮਿਟ ਛਾਪ ਛੱਡਣ ਵਾਲਾ ਸਫਲ ਸਮਾਗਮ ਯਾਦਗਾਰੀ ਪੈੜਾਂ ਪਾ ਕੇ 30 ਨਵੰਬਰ ਅੰਮ੍ਰਿਤ ਵੇਲੇ ਐਤਵਾਰ ਸਮਾਪਤ ਹੋਇਆ।

# ਪਾਸ਼-ਕਾਵਿ ਤੇ ਦਲਿਤ ਚੇਤਨਾ : ਇਕ ਅਧਿਐਨ



ਬਲਵੀਰ ਮਾਧੋਪੁਰੀ
91-935-054-8100

ਪਾਸ਼-ਕਾਵਿ ਵਿਚਾਰਧਾਰਾ ਤੇ ਦਲਿਤ ਸਾਹਿਤ ਚੇਤਨਾ ਦੇ ਸੰਦਰਭ ਵਿਚ ਚਰਚਾ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਦਲਿਤ-ਚੇਤਨਾ ਸ਼ਬਦਾਂ ਦੀ ਸੰਖੇਪ ਜਿਹੀ ਪਰਿਭਾਸ਼ਾ ਕਰੀਏ ਤਾਂ ਕਿ ਸੰਬੰਧਿਤ ਵਿਸ਼ੇ ਨਾਲ ਢੁੱਕਵਾਂ ਨਿਆਂ ਹੋ ਸਕੇ। ਉਂਜ, ਇਸ ਵਾਦ-ਵਿਵਾਦ ਭਰੀ ਪਰਿਭਾਸ਼ਾ ਦਾ ਨਿਬੇੜਾ ਕਾਫ਼ੀ ਪਹਿਲਾਂ ਹੋ ਚੁੱਕਾ ਹੈ ਕਿ ਦਲਿਤ ਸਾਹਿਤ ਮਨੁੱਖਵਾਦੀ ਹੈ। ਦਲਿਤਾਂ ਵਲੋਂ ਰਚਿਆ ਸਾਹਿਤ ਯਥਾਰਥਕ ਹੈ ਤੇ ਸਮਾਜ ਨੂੰ ਉਸ ਦਾ ਕਰੂਰ ਚਿਹਰਾ ਦਿਖਾਉਂਦਾ ਹੈ ਜਦ ਕਿ ਗ਼ੈਰ ਦਲਿਤਾਂ ਵਲੋਂ ਲਿਖਿਆ ਸਾਹਿਤ ਹਮਦਰਦੀ ਵਾਲਾ ਹੋ ਸਕਦਾ ਹੈ ਪਰ ਦਲਿਤ ਸੰਵੇਦਨਾ ਨੂੰ ਫੜ ਸਕਣ ਦੇ ਅਸਮਰਥ ਰਹਿੰਦਾ ਹੈ। ਮਾਰਕਸਵਾਦੀ ਸਮੀਖਿਆਕਾਰਾਂ ਅਨੁਸਾਰ ਦਲਿਤਾਂ ਵਿਚ ਯਾਨੀ ਅਨੁਸੂਚਿਤ ਜਾਤੀਆਂ, ਉਪਜਾਤੀਆਂ ਹੀ ਨਹੀਂ ਸਗੋਂ ਸਾਰੇ ਸੋਸ਼ਿਤ ਦਲਿਤ ਵਰਗ ਆਉਂਦੇ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਜੋ ਵੀ ਸੋਸ਼ਿਤ ਤੇ ਸਰੀਰਕ ਮਿਹਨਤ ਵੇਚਣ ਵਾਲੇ ਹਨ, ਉਹ 'ਦਲਿਤ' ਪਰਿਭਾਸ਼ਾ ਵਿਚ ਸੰਮਲਿਤ ਹਨ। ਦਲਿਤ ਵਿਦਵਾਨਾਂ ਦਾ ਵਿਚਾਰ ਹੈ ਕਿ ਦਲਿਤਾਂ ਵਿਚ ਹੱਕ ਵਿਹੂਣੇ ਸਾਬਕ ਅਛੂਤ ਤੇ ਹੁਣ ਅਨੁਸੂਚਿਤ ਜਾਤੀਆਂ, ਉਪਜਾਤੀਆਂ, ਨਵ-ਬੋਧੀ, ਕਿਰਤੀ, ਮਜ਼ਦੂਰ, ਭੂਮੀਹੀਣ, ਖੇਤ-ਮਜ਼ਦੂਰ, ਆਦਿਵਾਸੀ ਤੇ ਘੁਮੰਤੂ ਸ਼ਾਮਿਲ ਹਨ।

ਦਲਿਤ ਚੇਤਨਾ ਤੇ ਵਰਗ-ਚੇਤਨਾ ਸੰਬੰਧੀ ਵੀ ਵਿਦਵਾਨਾਂ ਦੀ ਵੱਖੋ-ਵੱਖਰੀ ਰਾਇ ਹੈ। ਜਿਵੇਂ ਮਾਰਕਸਵਾਦ ਜੀਵਨ ਨੂੰ ਵਧੇਰੇ ਮਹੱਤਵ ਦਿੰਦਾ ਹੈ ਤੇ ਮੰਨਦਾ ਹੈ, "ਚੇਤਨਾ ਵਿਚੋਂ ਹੀ ਜੀਵਨ ਸਰੂਪ ਨਿਸ਼ਚਤ ਨਹੀਂ ਹੁੰਦਾ ਸਗੋਂ ਜੀਵਨ ਨਾਲ ਚੇਤਨਾ ਦਾ ਸਰੂਪ ਨਿਸ਼ਚਤ ਹੁੰਦਾ ਹੈ।" (ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼/ਮਾਰਕਸ-ਏਂਗਲਜ਼ ਸਾਹਿਤ ਤੇ ਕਲਾ)। ਜਿਵੇਂ, ਦਲਿਤ ਚੇਤਨਾ ਹੀ ਜਾਤੀ ਚੇਤਨਾ ਹੈ, ਇਹ ਗੱਲ ਬੁਨਿਆਦੀ ਤੌਰ ਤੇ ਗਲਤ ਮੰਨੀ ਗਈ ਹੈ। ਦਲਿਤ ਚੇਤਨਾ ਗੁਲਾਮੀ ਦੇ ਵਿਰੁੱਧ ਸੁਤੰਤਰਤਾ ਦੀ ਤਾਂਘ ਨਾਲ ਵਿਦਰੋਹ ਕਰਨ ਵਾਲੀ ਚੇਤਨਾ ਹੈ ਇਸ ਦੀ ਪ੍ਰੇਰਨਾ ਜਾਤੀ-ਭਾਵਨਾ ਨਾ ਹੋ ਕੇ ਜਾਤੀ-ਅੰਤ ਦਾ ਅੰਬੇਡਕਰੀ ਵਿਚਾਰ ਹੈ। ਕਈ ਚਿੰਤਕ ਇਸ ਨੂੰ ਯੂਟੋਪੀਆ ਆਖਦੇ ਹਨ ਕਿ ਭਾਰਤ ਵਿਚ ਜਾਤ ਦਾ ਬੀਜ-ਨਾਸ ਇਕ ਕਲਪਨਾ ਤੋਂ ਵੱਧ ਕੁਝ ਨਹੀਂ। 1926 ਵਿਚ ਸਥਾਪਤ ਆਦਿ ਧਰਮ ਮੰਡਲ ਦਾ ਮਤ ਹੈ ਕਿ 36 ਨਿਮਨ ਯਾਨਿ ਅਛੂਤ ਜਾਤੀਆਂ ਮੂਲ ਨਿਵਾਸੀ ਹਨ ਤੇ ਉਨ੍ਹਾਂ ਦੀਆਂ ਜਾਤੀਆਂ ਉਪ-ਜਾਤੀਆਂ ਲਈ ਵਿਦੇਸ਼ ਤੋਂ ਆਏ ਆਰੀਆ ਲੋਕ ਜ਼ਿੰਮੇਵਾਰ ਹਨ। ਉਨ੍ਹਾਂ ਨੇ ਇਕ ਮਨੁੱਖ ਜਾਤੀ ਨੂੰ ਅੱਗੇ ਦਰਜਿਆਂ ਵਿਚ ਵੰਡਿਆ ਤੇ ਮਨੁੱਖ ਦਾ ਰੁਤਬਾ ਘਟਾਇਆ ਹੈ। ਇਨ੍ਹਾਂ ਨੂੰ ਅਸੀਂ ਵਰਗ ਤੇ ਵਰਣ ਦੀਆਂ ਸੰਕੇਤਕ ਪਰਿਭਾਸ਼ਾਵਾਂ ਵਜੋਂ ਵਿਚਾਰ ਸਕਦੇ ਹਾਂ।

ਲਗਦੇ ਹੱਥ ਇਹ ਨਿਤਾਰਾ ਵੀ ਕਰ ਲਈਏ ਕਿ ਦਲਿਤ ਚੇਤਨਾ ਤੇ ਦਲਿਤ ਸਾਹਿਤ ਹੈ ਕੀ? ਦਲਿਤ ਸਾਹਿਤ ਵਿਚ 'ਦਲਿਤ ਚੇਤਨਾ' ਸੰਘਰਸ਼ ਨਾਲ ਵਾਸਤਾ ਰੱਖਣ ਵਾਲੀ ਕ੍ਰਾਂਤੀਕਾਰੀ ਮਾਨਸਿਕਤਾ ਹੈ। ਦਲਿਤ ਚੇਤਨਾ ਗੁਲਾਮ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਗੁਲਾਮੀ ਦਾ ਅਹਿਸਾਸ ਕਰਾਉਣ ਦਾ ਨਾਂ ਹੈ। ਦਲਿਤ ਚੇਤਨਾ ਦਲਿਤ ਸਾਹਿਤ ਦਾ ਮਹੱਤਵਪੂਰਨ ਜਨਣ-ਬੀਜ ਹੈ। ਸੋ, ਦਲਿਤਾਂ ਦਾ ਦੁੱਖ, ਪਰੇਸ਼ਾਨੀ, ਗੁਲਾਮੀ, ਅਧੋਗਤੀ, ਭੁੱਖਮਰੀ ਤੇ ਦਲਿੱਦਰਤਾ ਦਾ ਕਲਾਤਮਕ ਸ਼ੈਲੀ ਨਾਲ ਚਿਤਰਣ ਕਰਨ ਵਾਲਾ ਸਾਹਿਤ ਹੀ ਦਲਿਤ ਸਾਹਿਤ ਹੈ। ਹਰੇਕ ਮਨੁੱਖ ਨੂੰ ਸਮਾਜ ਅੰਦਰ ਸੁਤੰਤਰਤਾ, ਇੱਜ਼ਤ ਅਤੇ ਡਰ-ਭੈ ਮੁਕਤ ਜ਼ਾਮਨੀ ਮਿਲਣੀ ਚਾਹੀਦੀ ਹੈ। ਇਸ ਆਧਾਰ ਉਤੇ ਰਚਨਾ ਪ੍ਰਵਿਰਤੀ ਸਾਹਿਤ ਵਿਚ ਪ੍ਰਗਟ ਹੋ ਰਹੀ ਹੈ ਤੇ ਹੁਣ ਇਹ ਵਿਚਾਰਧਾਰਾ ਸਥਾਪਤ ਹੋ ਚੁੱਕੀ ਹੈ। ਇਹ ਰਚਨਾ ਪ੍ਰਵਿਰਤੀ ਮਨੁੱਖ ਨੂੰ ਆਪਣੇ ਲੇਖਣ ਦਾ ਕੇਂਦਰ ਮੰਨਦੀ ਹੈ ਤੇ ਮਹਾਨ ਵੀ।

ਉਪਰੋਕਤ ਨੂੰ ਦੇਖਦਿਆਂ ਪਾਸ਼-ਕਾਵਿ ਜਾਂ ਪਾਸ਼-ਕਾਵਿ ਵਿਚਾਰਧਾਰਾ ਤੇ ਦਲਿਤ ਚੇਤਨਾ ਦੋ ਵੱਖੋ-ਵੱਖਰੀਆਂ ਵਿਚਾਰਧਾਰਾਵਾਂ ਦੀ ਪ੍ਰਤਿਨਿਧਤਾ ਕਰਦੀਆਂ ਜਾਪਦੀਆਂ ਹਨ। ਇਸ ਲਈ ਕਿ ਪਾਸ਼ ਕਾਵਿ ਆਪਣੀ ਸਮਕਾਲੀ ਨਕਸਲੀ ਲਹਿਰ ਦੀ ਉਪਜ ਹੈ – ਜਮਾਤੀ ਦੁਸ਼ਮਣਾਂ ਉਤੇ ਰੋਹ-ਵਿਦਰੋਹ ਦੇ ਬਰੂਦ ਨਾਲ ਭਰੇ ਸ਼ਬਦਾਂ ਦੀਆਂ ਤੇਜ਼ ਰਫ਼ਤਾਰ ਮਿਸਾਇਲਾਂ ਦਾਗਦੀ ਹੈ। ਦੂਜੇ ਸ਼ਬਦਾਂ ਵਿਚ, ਹਥਿਆਰਬੰਦ ਕ੍ਰਾਂਤੀ ਨੂੰ ਸਮਰਪਤ ਹੈ ਤੇ ਆਪਣੇ ਵਰਤਮਾਨ ਦੀ ਰਾ-ਜਨੀਤਕ, ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਸ਼ਿੱਦਤ ਤੇ ਕਾਹਲ ਨਾਲ ਬਦਲਣ ਲਈ ਉਤਾਵਲੀ ਹੈ। ਦੋ ਟੁੱਕ ਸ਼ਬਦਾਂ ਵਿਚ, ਪਾਸ਼-ਕਾਵਿ ਦਾ ਕੇਂਦਰੀ ਬਿੰਦੂ— 'ਰਾਜਸੀ ਸੱਤਾ ਬੰਦੂਕ ਕੀ ਨਾਲੀ ਵਿਚੋਂ ਨਿਕਲਦੀ ਹੈ', ਮਾਓ-ਜ਼ੇ-ਤੁੰਗ ਦਾ ਇਹ ਕਥਨ ਪਾਸ਼-ਕਾਵਿ ਦਾ ਮੂਲ ਸਰੋਤ ਹੋ ਨਿਬੜਦਾ ਹੈ।

ਅਜਿਹੀ ਸਥਿਤੀ ਇਕਦਮ ਉਸ ਦੀ ਕਾਵਿ-ਸਿਰਜਨਾ ਦਾ ਆਧਾਰ ਨਹੀਂ ਬਣੀ। ਦਰਅਸਲ, ਪਾਸ਼ ਆਪਣੀ ਚੜ੍ਹਦੀ ਜਵਾਨੀ ਵਿਚ ਨਕਸਲੀ ਲਹਿਰ ਦੇ ਪ੍ਰਭਾਵ ਹੇਠ ਆ ਕੇ ਉਸ ਦਾ ਸਮਰਥਕ ਬਣ ਗਿਆ। ਉਹ ਫੋਕੀ ਨਾਅਰੇਬਾਜ਼ੀ ਦੀ ਥਾਂ ਵਿਵਹਾਰਕ ਜੀਵਨ ਵਿਚ ਉਸ ਨੂੰ ਜਿਉਣ ਲੱਗਾ ਤੇ ਜੇਲ੍ਹਾਂ ਅੰਦਰ ਡੱਕਿਆ ਜਾਂਦਾ ਰਿਹਾ ਤੇ ਆਪਣੀ ਸੋਚ 'ਤੇ ਡਟ ਕੇ ਪਹਿਰਾ ਦਿੰਦਾ ਰਿਹਾ। ਉਸ ਦੀ ਕਵਿਤਾ ਦਾ ਅਸਲ ਆਧਾਰ ਤਾਂ 1967 ਵਿਚ ਪੱਛਮੀ ਬੰਗਾਲ ਵਿਚ ਸਾਂਝੇ ਮੋਰਚੇ ਦੀ ਬਣੀ ਸਰਕਾਰ ਸੀ ਜਿਸ ਨੇ ਸੱਤਾ ਸੰਭਾਲਦਿਆਂ ਹੀ ਜ਼ਮੀਨੀ ਸੁਧਾਰਾਂ ਦੀ ਪੈਰਵੀ ਕਰਨੀ ਸ਼ੁਰੂ ਕਰ ਦਿਤੀ ਤੇ ਆਪਣੇ ਜੋਸ਼ੀਲੇ ਨਾਅਰਿਆਂ ਤੋਂ ਮੂੰਹ ਮੋੜ ਲਿਆ। ਸਿੱਟੇ ਵਜੋਂ, ਅਸਹਿਮਤ ਲੋਕਾਂ ਨੇ ਹਥਿਆਰਬੰਦ ਘੋਲ ਦਾ ਰਾਹ ਚੁਣ ਲਿਆ ਜੋ ਅੱਗੇ ਜਾ ਕੇ ਨਕਸਲੀ ਲਹਿਰ ਦੇ ਨਾਂ ਨਾਲ ਪ੍ਰਸਿੱਧ ਹੋਈ ਤੇ ਭਾਰਤ ਦੇ ਕਈ ਪ੍ਰਾਂਤਾਂ (ਪੱਛਮੀ ਬੰਗਾਲ, ਬਿਹਾਰ, ਹਿਮਾਚਲ ਪ੍ਰਦੇਸ਼, ਪੰਜਾਬ, ਉਤਰ ਪ੍ਰਦੇਸ਼, ਓਡੀਸ਼ਾ, ਅਸਮ, ਤਿਰਪੁਰਾ ਤੇ ਆਂਧਰ ਪ੍ਰਦੇਸ਼) ਵਿਚ ਫੈਲ ਗਈ ਜੋ ਖੱਬੇ ਪੱਖੀ ਲਹਿਰ ਦੇ ਇਤਿਹਾਸ ਵਿਚ ਨਿਆਰਾ ਸਥਾਨ ਹਾਸਿਲ ਕਰ ਗਈ ਕਿਉਂਕਿ ਨਕਸਲੀ ਲਹਿਰ ਦੇ ਹਥਿਆਰਬੰਦ ਘੋਲ ਦਾ ਮਨੋਰਥ ਪਿੰਡਾਂ ਵਿਚ ਕਿਸਾਨ ਕਮੇਟੀਆਂ ਦੀ ਸੱਤਾ ਕਾਇਮ ਕਰਨਾ, ਜ਼ਮੀਨ ਦਾ ਪੁਨਰ ਬਟਵਾਰਾ ਕਰਾਉਣਾ, ਜਮਾਤੀ ਦੁਸ਼ਮਣਾਂ ਦਾ ਸਫਾਇਆ ਕਰਨਾ, ਸਮੁੱਚੀ ਕਿਸਾਨੀ ਨੂੰ ਹਥਿਆਰਬੰਦ ਕਰਨਾ ਤੇ ਰਵਾਇਤੀ ਹਥਿਆਰਾਂ ਦੀ ਵਰਤੋਂ ਲਈ ਪ੍ਰੇਰਨਾ ਅਤੇ ਗੁਰੀਲੇ ਦਸਤਿਆਂ ਰਾਹੀਂ ਸੰਘਰਸ਼ ਕਰਨਾ ਸੀ।

ਦੂਜੀ ਵੱਡੀ ਹਕੀਕਤ ਇਹ ਸੀ ਕਿ ਨਕਸਲੀ ਲਹਿਰ ਦੂਜੇ ਦੇਸ਼ਾਂ ਵਿਚ ਚਲਦੇ ਸੰਘਰਸ਼ ਦੀ ਤਰਜ਼ ਉਤੇ ਲੋਕਾਂ ਨੂੰ ਆਪਣੇ ਨਾਲ ਤੋਰਨ ਦਾ ਉਪਰਾਲਾ ਹੇਠਲੇ ਨਾਅਰਿਆਂ ਨਾਲ ਕਰਦੀ ਰਹੀ:

ਵੀਅਤਨਾਮ ਦਾ ਰਾਹ : ਨਕਸਲਬਾੜੀ ਦਾ ਰਾਹ
ਨਕਸਲਬਾੜੀ ਦਾ ਰਾਹ : ਸਾਡਾ ਰਾਹ
ਲੋਕਾਂ ਦੀ ਮੁਕਤੀ ਦਾ ਰਾਹ – ਚੋਣਾਂ ਨਹੀਂ
ਇਨਕਲਾਬੀ ਤੇ ਖਾੜਕੂ ਜੱਦੋਜਹਿਦਾਂ ਹਨ।

ਨਕਸਲੀ ਲਹਿਰ ਪੰਜਾਬ ਵਿਚ ਜਦੋਂ ਆਪਣੇ ਸਿਖਰਾਂ ਉਤੇ ਸੀ ਤਾਂ ਉਸ ਨੇ ਕਈ ਨਾਮੀ ਜੁਝਾਰੂ ਤੇ ਕ੍ਰਾਂਤੀਕਾਰੀ ਕਵੀ ਤੇ ਲੇਖਕ ਪੈਦਾ ਕੀਤੇ। ਖੇਤਾਂ ਦਾ ਪੁੱਤ ਪਾਸ਼ ਇਸ ਲਹਿਰ ਦਾ ਮੋਢੀ ਕਵੀ ਹੈ ਤੇ ਉਸ ਦੀ ਆਪਣੇ ਸਮਕਾਲੀ ਜੁਝਾਰਵਾਦੀ ਜਾਂ ਨਕਸਲੀ ਕਵਿਤਾ ਵਿਚ ਨਿਵੇਕਲੀ ਪਛਾਣ ਹੈ। ਪਾਸ਼ ਜਦੋਂ ਨਕਸਲੀ ਵਿਚਾਰਧਾਰਾ ਨਾਲ ਲੈਸ ਹੁੰਦਾ ਹੈ ਤਾਂ ਉਹ ਲੋਕ-ਦੋਖੀ ਵਿਸ਼ੇਸ਼ ਤੌਰ ਤੇ ਕਿਸਾਨ ਵਿਰੋਧੀ ਸਥਿਤੀਆਂ ਦੇ ਖ਼ਿਲਾਫ਼ ਹਥਿਆਰਾਂ ਦੀ ਖੇਤੀ ਕਰਦਾ ਹੈ ਤੇ ਆਪਣਾ ਉੱਚ-ਮੀਨਾਰੀ ਕਾਵਿ-ਮਹਿਲ ਉਸਾਰਦਾ ਹੈ। ਜਿਵੇਂ :-

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ
ਮੇਰੇ ਕੋਲ ਲੋਹੇ ਦੀ ਬੰਦੂਕ ਹੈ
...... .......
ਪਰ ਆਖਰ ਲੋਹੇ ਨੂੰ
ਪਸਤੌਲਾਂ, ਬੰਦੂਕਾਂ ਤੇ ਬੰਬਾਂ ਦੀ
ਸ਼ਕਲ ਅਖਤਿਆਰ ਕਰਨੀ ਪਈ ਹੈ।

(ਸੰਪੂਰਨ ਪਾਸ਼-ਕਾਵਿ, ਪੰਨਾ 35-36)

ਜਾਂ

ਮੈਂ ਹਾਲਾਤ ਨਾਲ ਸਮਝੌਤਾ ਕਰਕੇ
ਸਾਹ ਘਸੀਟਣੇ ਨਹੀਂ ਚਾਹੁੰਦਾ
ਮੇਰੇ ਯਾਰੋ !
ਮੈਨੂੰ ਇਸ ਕਤਲਾਮ ਵਿਚ ਸ਼ਰੀਕ ਹੋ ਜਾਵਣ ਦਿਓ

(ਸੰਪੂਰਨ ਪਾਸ਼-ਕਾਵਿ)

ਪਾਸ਼ ਦੇ ਇਸ ਖ਼ਿਆਲ ਤੇ ਰੁਚੀ ਕਾਰਨ ਕਵਿਤਾ ਦੀ ਦਿਸ਼ਾ ਵਿਚ ਨਵੇਂ ਨਿਰਮਾਣ ਦਾ ਨਕਸ਼ਾ ਪੇਸ਼ ਨਹੀਂ ਹੁੰਦਾ। ਇਉਂ ਕਵੀ ਦਿਸ਼ਾਹੀਣ ਸਥਿਤੀ ਦੀ ਤ੍ਰਾਸਦਿਕ ਹੋਣੀ ਨੂੰ ਹੰਢਾ ਰਿਹਾ ਹੁੰਦਾ ਹੈ ਤੇ ਤਲਖ਼ ਹੋ ਕੇ ਦਿਸ਼ਾ-ਯਥਾਰਥ ਤੋਂ ਖੁੰਝ ਰਿਹਾ ਪ੍ਰਤੀਤ ਹੁੰਦਾ ਹੈ। ਇੰਜ, ਪਾਸ਼ ਆਪਣੇ ਵਿਚਾਰ-ਪ੍ਰਵਾਹ ਜਾਂ ਨਕਸਲੀ ਵਿਚਾਰਧਾਰਾ ਵਿਚੋਂ ਯਥਾਰਥ ਦੀ ਤਲਾਸ਼ ਕਰਦਾ ਜਾਪਦਾ ਹੈ। ਆਪਣਾ ਆਦਰਸ਼ ਸਪਸ਼ਟ ਕਰਨ ਦੀ ਵਾਹ ਲਾਉਂਦਾ ਹੈ। ਉਹ ਸਮਾਜਿਕ ਯਥਾਰਥ ਵਿਚੋਂ ਵਿਚਾਰ ਉਤਪੰਨ ਕਰਨ ਦਾ ਵੀ ਟਿੱਲ ਲਾਉਂਦਾ ਹੈ ਤੇ ਛੋਟੇ ਕਿਸਾਨਾਂ, ਸਮੂਹ ਬੇਜ਼ਮੀਨੇ, ਦਲਿਤਾਂ, ਗ਼ੈਰ-ਦਲਿਤਾਂ ਨੂੰ ਜਥੇਬੰਦ ਕਰਨ ਦਾ ਇਰਾਦਾ ਜ਼ਾਹਿਰ ਕਰਦਾ ਹੈ ਜਿਵੇਂ :-

ਅਜੇ ਮੈਂ ਉਸਤਰੇ ਨਾਈਆਂ ਦੇ
ਖੰਜਰ 'ਚ ਬਦਲਣੇ ਹਨ
ਅਜੇ ਰਾਜਾਂ ਦੀ ਕੰਡੀ 'ਤੇ
ਮੈਂ ਲਿਖਣੀ ਵਾਰ ਚੰਡੀ ਦੀ
ਚਮਕਦੇ ਨਾਅਰਿਆਂ ਨੂੰ ਜੰਮਣ ਵਾਲੀ ਕੁੱਖ ਦੇ ਅੰਦਰ
ਹੈ ਭਿੱਜ ਕੇ ਜ਼ਹਿਰ ਵਿਚ ਫਿਰਨੀ
ਅਜੇ ਤਾਂ ਆਰ ਮੋਚੀ ਦੀ।

ਤੇ ਇਸ ਸ਼ੈਤਾਨ ਦੇ ਝੰਡੇ ਤੋਂ ਉੱਚਾ
ਲਹਿਰਨਾ ਹਾਲੇ
ਬੁੜ੍ਹਕਦਾ ਬੁੱਕਦਾ ਹੋਇਆ
ਧੰਮੇ ਤਰਖਾਣ ਦਾ ਤੇਸਾ
ਅਜੇ ਤਾਂ ਲਾਗੀਆਂ ਨੇ ਲਾਗ ਲੈਣੈ
ਜੁਬਲੀਆਂ ਦੇ ਵਿਚ
ਜੋ ਆਇਆਂ ਗਿਆਂ ਦੇ ਜੂਠੇ
ਰਹੇ ਨੇ ਭਾਂਡੇ ਮਾਂਜਦੇ
ਅਜੇ 'ਖੁਸ਼ੀਏ' ਚੂਹੜੇ ਨੇ ਬਾਲ ਕੇ
ਹੁੱਕੇ 'ਚ ਧਰਨੀ ਹੈ
ਕਿਸੇ ਕੁਰਸੀ 'ਤੇ ਬੈਠੀ ਗਿਰਝ ਦੇ
ਪੱਟ ਦੀ ਨਰਮ ਹੱਡੀ

(ਸੰਪੂਰਨ ਪਾਸ਼-ਕਾਵਿ, ਪੰਨਾ-115)

ਪਾਸ਼ ਦੀ ਕਵਿਤਾ 'ਦਰੋਣਾਚਾਰੀਆ ਦੇ ਨਾਂ' ਸਮਾਜਿਕ ਵਿਵਸਥਾ ਉਤੇ ਬਹੁਤ ਹੀ ਜ਼ੋਰਦਾਰ ਵਿਅੰਗ ਹੈ :-

ਮੇਰੇ ਗੁਰੂ ਦੇਵ !
ਜੇ ਉਦੋਂ ਹੀ ਤੁਸੀਂ ਇਕ ਭੀਲ ਬੱਚਾ ਸਮਝ ਕੇ
ਮੇਰਾ ਅੰਗੂਠਾ ਕੱਟ ਦਿੰਦੇ
ਤਾਂ ਕਹਾਣੀ ਹੋਰ ਸੀ ...

(ਸੰਪੂਰਨ ਪਾਸ਼-ਕਾਵਿ, ਪੰਨਾ 85)

ਉਪਰੋਕਤ ਸਤਰਾਂ ਸਦੀਆਂ ਤੋਂ ਲਤਾੜੇ ਤੇ ਬੇਪਛਾਣ ਕੀਤੇ ਗਏ ਤੇ ਕੀਤੇ ਜਾ ਰਹੇ ਮਨੁੱਖ ਦੀ ਅਕੱਥ-ਕਥਾ ਨੂੰ ਪ੍ਰਗਟ ਕਰਦੀਆਂ ਹਨ। ਭਾਰਤ ਦੇ ਮੂਲਵਾਸੀਆਂ ਦੇ ਹਿੱਤ ਤੇ ਹੱਕ ਵਿਚ ਮਾਰਿਆ 'ਹਾਅ' ਦਾ ਬੁਲੰਦ ਚੇਤਨਾ ਵਾਲਾ ਨਾਅਰਾ ਹੈ ਤੇ ਸਮਾਜਿਕ ਤੇ ਰਾਜਨੀਤਕ ਨਿਆਂ ਦੀ ਰਾਖੀ ਲਈ ਪਹਿਰੇਦਾਰੀ ਦਾ ਇਸ਼ਾਰਾ ਵੀ।

ਮੈਂ ਹੁਣ ਅੰਬੇਦਕਰ ਦੇ ਫੰਡਾਮੈਂਟਲ ਰਾਈਟਸ
ਸੱਚੀ-ਮੁਚੀ ਦੇ ਨਹੀਂ ਸਮਝਿਆ ਕਰਾਂਗਾ।

ਇਹ ਕਾਵਿ-ਟਿੱਪਣੀ ਇੰਨੀ ਸਹਿਜ ਨਹੀਂ ਸਗੋਂ ਡੂੰਘੇ ਅਰਥਾਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਜਿਸ ਸੰਵਿਧਾਨ ਵਿਚ ਸਭ ਨੂੰ ਮੂਲ ਅਧਿਕਾਰ ਦਿਤੇ ਹੋਏ ਹਨ – ਉਨ੍ਹਾਂ ਦੀ ਸੁਰੱਖਿਆ ਕਰਨ ਵਾਲੇ ਹੀ ਉਸ ਦੀਆਂ ਧੱਜੀਆਂ ਉਡਾ ਰਹੇ ਹਨ। ਕਹਿਣ ਦਾ ਭਾਵ ਬੱਕਰਾ ਬੋਹਲ ਦੀ ਰਾਖੀ ਜਾਪਦਾ ਹੈ। ਇਸ ਤੋਂ ਵੀ ਅੱਗੇ ਜੋ ਭਾਰਤ ਨੂੰ ਅਜੇ ਵੀ ਹਿੰਦੁਸਤਾਨ ਦੇ ਰੂਪ ਵਿਚ ਦੇਖਣਾ ਚਾਹੁੰਦੇ ਹਨ। ਇਹ ਮੁੱਖਧਾਰਾ ਦੇ ਅਖਵਾਏ ਜਾਣ ਵਾਲੇ ਸਮਾਜ ਸ਼ਾਸਤਰਾਂ ਤੇ ਉਨ੍ਹਾਂ ਦੁਆਰਾ ਸਿਰਜੀ ਵਿਵਸਥਾ ਨੂੰ ਇਕ ਲਲਕਾਰ ਹੈ।

ਇੰਜ ਪਾਸ਼-ਕਾਵਿ ਵਿਚ ਸਮਕਾਲੀ ਸਮਾਜਿਕ-ਵਿਵਸਥਾ ਜਿਸ ਵਿਚ ਵਿਤਕਰੇ, ਅਮਨੁੱਖੀ ਵਿਵਹਾਰ ਆਦਿ ਦੇ ਕੋਹੜ ਵਿਰੁੱਧ ਇਕ ਤੇਜ਼-ਤਿੱਖੀ ਧਾਰਾ ਵਹਿ ਰਹੀ ਹੈ ਜੋ ਉਨ੍ਹਾਂ ਬੇਜ਼ੁਬਾਨਿਆਂ ਦੀ ਜ਼ੁਬਾਨ ਬਣਦੀ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਆਪਣੇ ਮਨੁੱਖੀ ਅਧਿਕਾਰ ਮੰਗਣ ਦੀ ਵੀ ਮਨਾਹੀ ਸੀ। ਉਹ ਵੱਖ-ਵੱਖ ਬੋਲਾਂ ਨੂੰ ਬੋਲਦੇ ਗੁੱਟਾਂ ਨੂੰ ਇਕਮੁੱਠ ਕਰਦਿਆਂ ਇਕ ਗੀਤ ਬਣਾਉਣਾ ਲੋੜਦਾ ਹੈ। ਭਾਵ ਵੱਖੋ-ਵੱਖਰੀਆਂ ਲੋਕ-ਪੱਖੀ ਵਿਚਾਰਧਾਰਾਵਾਂ ਨੂੰ ਸੰਗਠਿਤ ਕਰਨ ਦੀ ਆਪਣੀ ਦਿਲੀ ਇੱਛਾ ਦਾ ਪ੍ਰਗਟਾਵਾ ਕਰਦਾ ਹੈ। ਉਸੇ ਇਕਜੁਟਤਾ ਤੇ ਜਥੇਬੰਦ ਸਰੂਪ ਨੂੰ ਲਾਮਬੰਦੀ ਦੇ ਰੂਪ ਵਿਚ ਦੇਖਣ ਲਈ ਕਹਿੰਦਾ ਹੈ:-

ਮੈਨੂੰ ਚਾਹੀਦੇ ਹਨ ਕੁਝ ਬੋਲ
ਜਿਨ੍ਹਾਂ ਦਾ ਇਕ ਗੀਤ ਬਣ ਸਕੇ ...

ਇਹ ਗੀਤ ਮੈਂ ਉਨ੍ਹਾਂ ਗੁੰਗਿਆਂ ਨੂੰ ਦੇਣਾ ਹੈ
ਜਿਨ੍ਹਾਂ ਨੂੰ ਗੀਤ ਦੀ ਕਦਰ ਹੈ
ਪਰ ਜਿਨ੍ਹਾਂ ਨੂੰ ਤੁਹਾਡੇ ਭਾਣੇ ਗਾਉਣਾ ਨਹੀਂ ਪੁੱਗਦਾ
ਜੇ ਤੁਹਾਡੇ ਕੋਲ ਨਹੀਂ ਹੈ ਕੋਈ ਬੋਲ, ਕੋਈ ਗੀਤ
ਮੈਨੂੰ ਬਕਣ ਦੇਵੋ ਮੈਂ ਕੀ ਬਕਦਾ ਹਾਂ।

(ਸੰਪੂਰਨ ਪਾਸ਼-ਕਾਵਿ, ਪੰਨਾ 87)

ਪਾਸ਼-ਕਾਵਿ ਨਾਰੀ ਦੇ ਸਨਮਾਨ, ਸੁਤੰਤਰਤਾ ਤੇ ਉਸ ਦੀ ਹੈਸੀਅਤ ਦੇ ਸੰਬੰਧ ਵਿਚ ਆਪਣੀ ਚੇਤਨਾ ਨੂੰ ਪ੍ਰਗਟ ਕਰਦਾ ਹੈ। ਉਸ ਨੂੰ ਬਾਖੂਬੀ ਪਤਾ ਹੈ ਕਿ ਔਰਤ ਦੀ ਹੋਂਦ ਪਾਣੀ ਵਰਗੀ ਹੈ ਉਸ ਨੂੰ ਜਿਸ ਰੰਗ ਵਿਚ ਪਾ ਦਿਓ ਓਸੇ ਵਿਚ ਰੰਗ ਹੋ ਜਾਂਦੀ ਹੈ। ਗੱਲ ਕੀ ਉਸ ਦਾ ਨਾ ਕੋਈ ਧਰਮ, ਨਾ ਕੋਈ ਵਰਣ ਹੈ ਤੇ ਨਾ ਹੀ ਕੋਈ ਪਛਾਣ ਹੈ। ਉਸ ਦਾ ਸਮਾਜਿਕ ਰੁਤਬਾ ਵੀ ਅਧਿਕਾਰ ਰਹਿਤ ਸਮਾਜ ਵਿਚੋਂ ਛੇਕੇ ਦਲਿਤ ਦੇ ਬਰਾਬਰ ਰੱਖਿਆ ਗਿਆ ਹੈ। ਇਸ ਪੱਖ ਤੋਂ ਵਿਚਾਰ ਹਿਤ ਪਾਸ਼ ਦੀਆਂ ਕਈ ਕਵਿਤਾਵਾਂ 'ਧਰਮ ਦੀਕਸ਼ਾ ਲਈ ਬਿਨੈ-ਪੱਤਰ', 'ਤੈਥੋਂ ਬਿਨਾਂ', 'ਹੈ ਤਾਂ ਬੜਾ ਅਜੀਬ' ਤੇ ਹੋਰਾਂ ਵਿਚ ਨਾਰੀ ਪ੍ਰਤਿ ਸਨਮਾਨ ਦੀ ਦ੍ਰਿਸ਼ਟੀ ਉਜਾਗਰ ਹੁੰਦੀ ਦਿਖਾਈ ਦਿੰਦੀ ਹੈ। ਉਸ ਦੀ ਕਵਿਤਾ ਦੇ ਹੋਰ ਵੀ ਕਈ ਅਜਿਹੇ ਮਹੱਤਵਪੂਰਨ ਪਸਾਰ ਹਨ।

ਪਾਸ਼ ਫ਼ਿਰਕੂ ਸੋਚ ਦਾ ਕੱਟੜ ਵਿਰੋਧੀ ਹੈ – ਉਸ ਨੇ 'ਐਂਟੀ-47 ਮੋਰਚਾ' ਰਾਹੀਂ ਆਪਣੀ ਮਾਨਵੀ ਭਰਾਵਲੀ ਤੇ ਲੋਕ ਹਿਤੈਸ਼ੀ ਵਿਚਾਰਧਾਰਾ ਦਾ ਵੱਡੇ ਪੱਧਰ ਉਤੇ ਪ੍ਰਗਟਾ ਕੀਤਾ। ਉਹ ਨਾ ਲਿਫਿਆ ਤੇ ਨਾ ਝੁਕਿਆ। ਉਸ ਨੇ ਲੇਖਣੀ ਤੇ ਭਾਵ ਕਹਿਣੀ ਤੇ ਕਰਨੀ ਦੀਆਂ ਵਿੱਥਾਂ ਨੂੰ ਪੂਰਨ ਪ੍ਰਤਿ ਪੁੱਜ ਕੇ ਜ਼ੋਰ ਲਾਇਆ।

ਪਾਸ਼-ਕਾਵਿ ਵਿਚਾਰਧਾਰਾ ਦੀਆਂ ਇਸ਼ਾਰੇ ਮਾਤਰ ਉਪਰਲੀਆਂ ਟੂਕਾਂ ਤੇ ਉਹਦੀ ਸਮੁੱਚੀ ਕਵਿਤਾ ਕਿਸਾਨੀ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਸ ਕਰਕੇ ਪਾਸ਼ ਦੀ ਕਾਵਿ-ਭਾਸ਼ਾ ਵਿਚ ਸਮਾਜਿਕ ਤੇ ਰਾਜਨੀਤਕ ਭ੍ਰਿਸ਼ਟਾਚਾਰ ਦਾ ਯਥਾਰਥ ਆਪ-ਮੁਹਾਰੇ ਬੋਲਦਾ ਹੈ। ਜਿਵੇਂ ਕਿ ਇਹ ਮੰਨੀ-ਪ੍ਰਮੰਨੀ ਸਚਾਈ ਹੈ ਕਿ ਉਸ ਦੇ ਕਾਵਿ ਜਗਤ ਵਿਚ ਪੇਂਡੂ ਜੀਵਨ ਦੇ ਮਹੱਤਵਪੂਰਨ ਕਈ ਪਹਿਲੂ ਪਹਿਲੀ ਵਾਰ ਸਮੁੱਚੀ ਪੰਜਾਬੀ ਕਵਿਤਾ ਵਿਚ ਸ਼ਾਮਿਲ ਹੋਏ ਹਨ। ਕਲਾ-ਕੌਸ਼ਲਤਾ ਦੇ ਬਿੰਬ, ਚਿਹਨ, ਪ੍ਰਤੀਕ ਪ੍ਰਭਾਵੀ ਰੂਪ ਵਿਚ ਪੇਸ਼ ਹੋਏ ਹਨ। ਗੱਲ ਕੀ ਲਹਿਰ ਵਲੋਂ ਵਰਤੇ ਜਾਂ ਵਰਤੇ ਜਾਂਦੇ ਸਮਝੇ ਬੰਦੂਕਾਂ, ਪਸਤੌਲਾਂ ਤੇ ਬੰਬਾਂ ਦੇ ਜ਼ੋਰਦਾਰ ਧਮਾਕਿਆਂ ਵਾਂਗ ਨਕਸਲੀ ਲਹਿਰ ਦੇ ਕਵੀਆਂ ਨੇ ਆਪਣੇ ਕਾਵਿ-ਬੋਲਾਂ ਦੇ ਧਮਾਕੇ ਕੀਤੇ ਹਨ। ਪਾਸ਼ ਸਭਨਾਂ ਦਾ ਸਿਰਮੌਰ ਹੋ ਗਿਆ। ਜੇਲ੍ਹੀ ਜਾਣਾ, ਅਥਾਹ ਤਸ਼ੱਦਦ ਨੂੰ ਨੰਗੇ ਪਿੰਡੇ ਝੱਲਣਾ ਤੇ ਲਹਿਰ ਦੇ ਆਸ਼ਿਆਂ ਦੀ ਪ੍ਰਾਪਤੀ ਹਿੱਤ ਸ਼ਹਾਦਤ ਵਾਸਤੇ ਹਰ ਵਕਤ ਤਿਆਰ ਰਹਿਣਾ, ਲਹਿਰ ਦੇ ਕਵੀਆਂ ਦਾ ਉਘੜਵਾਂ ਲੱਛਣ ਰਿਹਾ। ਪਰ ਬੌਧਿਕ ਪੱਧਰ ਉਤੇ ਕਈ ਕੱਚਿਆਈਆਂ ਨਕਸਲੀ ਕਵਿਤਾ ਵਿਚ ਦੇਖਣ ਨੂੰ ਮਿਲੀਆਂ।

ਇਸ ਸਾਰੇ ਵਰਤਾਰੇ ਤੇ ਪਰਸਾਰੇ ਨੂੰ ਦੇਖਦਿਆਂ ਇਹ ਜ਼ਿਕਰ ਕਰਨਾ ਉਚਿਤ ਹੋ ਜਾਂਦਾ ਹੈ ਕਿ ਨਕਸਲੀ ਕਵਿਤਾ ਖ਼ਾਸ ਤੌਰ ਤੇ ਪਾਸ਼ ਦੀ ਕਵਿਤਾ ਦਾ ਦਲਿਤ ਸਾਹਿਤ ਨਾਲੋਂ ਕੀ ਵਖਰੇਵਾਂ ਹੈ? ਦਲਿਤ ਦ੍ਰਿਸ਼ਟੀ ਤੋਂ ਪਾਸ਼ ਕਾਵਿ ਕਿੱਥੇ ਕੁ ਖੜ੍ਹਾ ਹੈ ਜਾਂ ਸਾਂਝ ਦੀਆਂ ਕਿਹੜੀਆਂ-ਕਿਹੜੀਆਂ ਕੜੀਆਂ ਹੋ ਸਕਦੀਆਂ ਹਨ?

1) ਪਾਸ਼-ਕਾਵਿ ਆਪਣੇ ਕਿਸਾਨੀ ਵਰਗ ਦਾ ਪ੍ਰਤਿਨਿਧ ਕਾਵਿ ਹੈ। ਜ਼ਮੀਨ ਉਸ ਦੀ ਜੱਦੀ-ਪੁਸ਼ਤੀ ਵਿਰਾਸਤ ਹੈ ਤੇ ਭਾਰਤ ਦੇ ਸਾਬਕਾ ਅਛੂਤ ਯਾਨੀ ਦਲਿਤ ਜ਼ਮੀਨਾਂ ਵਾਲਿਆਂ ਦੀ ਬੇਗਾਰ ਕਰਨ ਵਾਲੇ ਸਨ। ਇਉਂ ਉਨ੍ਹਾਂ ਦੀ ਵਿਰਾਸਤ ਵਿਚ ਗੁਲਾਮੀ, ਕੰਗਾਲੀ, ਭੁੱਖਮਰੀ, ਮਨੁੱਖੀ ਅਧਿਕਾਰਾਂ ਤੋਂ ਵੰਚਿਤਤਾ ਦੀ ਸਦੀਆਂ ਪੁਰਾਣੀ ਵਿਰਾਸਤ ਹੈ।

2) ਪਾਸ਼-ਕਾਵਿ ਆਧੁਨਿਕ ਹਥਿਆਰਾਂ ਜਿਵੇਂ ਬੰਦੂਕਾਂ, ਪਸਤੌਲਾਂ, ਬੰਬਾਂ ਨਾਲ ਆਪਣੇ ਕਿਸਾਨ ਭਾਈਚਾਰੇ ਦੇ ਹੱਕਾਂ-ਹਿੱਤਾਂ ਦੀ ਰਾਖੀ ਕਰਨ ਦੀ ਗੱਲ ਕਰਦਾ ਹੈ ਜਦ ਕਿ ਦਲਿਤ ਸਾਹਿਤ ਵਿਚਾਰਾਂ ਨਾਲ ਦਲਿਤ ਸਮਾਜ ਨੂੰ ਜਾਗ੍ਰਿਤ ਕਰਦਾ ਹੈ।

3) ਪਾਸ਼-ਕਾਵਿ ਵਿਚਾਰ ਵਿਚੋਂ ਯਥਾਰਥ ਉਤਪੰਨ ਕਰਨ ਵਲ ਰੁਚਿਤ ਹੈ ਜਦ ਕਿ ਦਲਿਤ ਸਾਹਿਤ ਸਮਾਜ ਵਿਚ ਪਸਰੇ ਯਥਾਰਥ ਨੂੰ ਪੇਸ਼ ਕਰਦਾ ਹੈ।

4) ਪਾਸ਼-ਕਾਵਿ ਪਰੰਪਰਕ ਮਾਰਕਸਵਾਦ ਦੀ ਆਲੋਚਨਾ ਕਰਦਾ ਹੈ ਜਦ ਕਿ ਦਲਿਤ ਸਾਹਿਤ ਸ਼ਾਸਤਰ ਅਮਨੁੱਖਵਾਦੀ ਸ਼ਾਸਤਰਾਂ ਦੇ ਜੜ੍ਹੀਂ ਤੇਲ ਦਿੰਦਾ ਹੈ ਜਿਨ੍ਹਾਂ ਦਾ ਮਨੋਰਥ ਤੇ ਆਧਾਰ ਵਰਣ-ਆਸ਼ਰਮ, ਜਾਤ-ਪਾਤ, ਛੂਤਛਾਤ ਤੇ ਆਰਥਿਕ ਅਸਮਾਨਤਾ ਨੂੰ ਬਰਕਰਾਰ ਰੱਖਣਾ ਹੈ।

5) ਪਾਸ਼-ਕਾਵਿ ਪੂੰਜੀਵਾਦੀ ਵਿਵਸਥਾ ਦੇ ਵਿਰੁੱਧ ਵਿ-ਦਰੋਹ ਹੈ ਜਦ ਕਿ ਦਲਿਤ ਚੇਤਨਾ ਦਾ ਮੁੱਖ ਨਿਸ਼ਾਨਾ ਪੂੰਜੀਵਾਦੀ ਤੇ ਬ੍ਰਾਹਮਣਵਾਦੀ ਵਿਵਸਥਾ, ਦੋਵੇਂ ਹਨ।

6) ਪਾਸ਼-ਕਾਵਿ ਵਰਤਮਾਨ ਭਾਰਤੀ ਲੋਕਤੰਤਰੀ ਪ੍ਰਣਾਲੀ ਦੀ ਖਿੱਲ੍ਹੀ ਉਡਾਉਂਦਾ ਹੈ ਜਦ ਕਿ ਦਲਿਤ ਸਾਹਿਤ ਦੀ ਮੁੱਖ ਸੁਰ ਇਸ ਦੀ ਮਜ਼ਬੂਤੀ ਦੀ ਗੱਲ ਕਰਦੀ ਹੈ ਤਾਂ ਕਿ ਦਲਿਤ ਸਮਾਜ ਅੰਦਰ ਅਧਿਕਾਰ ਚੇਤਨਾ ਪੈਦਾ ਕੀਤੀ ਜਾ ਸਕੇ ਕਿਉਂਕਿ ਉਹ ਸਾਧਨ ਵਿਹੂਣਾ ਹੈ।

7) ਪਾਸ਼-ਕਾਵਿ ਕਿਸਾਨੀ ਦੇ ਘੇਰੇ ਵਿਚੋਂ ਨਿਕਲ ਕੇ ਸਮੂਹ ਸਮਾਜ ਵਲ ਜਾਣ ਦਾ ਯਤਨ ਕਰਦਾ ਹੈ ਜਦ ਕਿ ਦਲਿਤ ਚੇਤਨਾ ਵਾਲਾ ਸਾਹਿਤ ਅੰਤਰ-ਜਾਤੀ, ਅੰਤਰ-ਧਰਮੀ, ਅੰਤਰ-ਭਾਸ਼ੀ, ਅੰਤਰ-ਰਾਜੀ ਤੇ ਭਾਰਤੀ ਉਪ-ਮਹਾਂਦੀਪ ਦੀਆਂ ਸਰਹੱਦਾਂ ਨੂੰ ਆਪਣੇ ਘੇਰੇ ਹੇਠ ਲੈਂਦਾ ਹੈ ਤੇ ਮਨੁੱਖਾਂ ਦੀ ਬਰਾਬਰੀ ਲਈ ਜੱਦੋਜਹਿਦ ਕਰਦਾ ਹੈ।

8) ਪਾਸ਼-ਕਾਵਿ ਭਾਵਕ, ਤੱਤ-ਭਲੱਥਾ ਤੇ ਨਿਕਟ-ਕਾਲੀ ਵਰਤਾਰੇ ਦਾ ਪ੍ਰਗਟਾ ਹੈ ਤੇ ਲੋਕ-ਹਿਤ ਲਈ ਕੁਰਬਾਨ ਹੋ ਜਾਣ ਦਾ ਸੰਦੇਸ਼ਾ ਹੈ। ਜਦ ਕਿ ਦਲਿਤ ਸਾਹਿਤ ਡੂੰਘੀ ਬੌਧਿਕ, ਮਨੁੱਖਵਾਦੀ, ਤਰਕਸ਼ੀਲਤਾ ਤੇ ਦੀਰਘ ਕਾਲੀ ਲੜਾਈ ਦਾ ਸੂਚਕ ਹੈ।

9) ਦਲਿਤਾਂ ਦੀ ਗਰੀਬੀ ਦਾ ਕਾਰਨ ਪੂੰਜੀਵਾਦ ਹੀ ਨਹੀਂ ਸਗੋਂ ਵਰਣ-ਧਰਮ ਵਿਵਸਥਾ ਹੈ।

ਜਿਵੇਂ ਕਿ ਸ਼ੁਰੂ ਵਿਚ ਹੀ ਇਹ ਵਿਚਾਰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਮਾਰਕਸਵਾਦੀ – ਲੈਨਿਨਵਾਦੀ ਵਿਚਾਰਧਾਰਾ ਅਤੇ ਦਲਿਤ ਚੇਤਨਾ ਵਿਚਾਲੇ ਇਕ ਨਿੱਗਰ ਕੜੀ ਦੀ ਸਾਂਝ ਹੈ – ਜੀਵਨ। ਦੋਹਾਂ ਧਾਰਾਵਾਂ ਦਾ ਕੇਂਦਰ-ਬਿੰਦੂ ਮਨੁੱਖ ਹੈ ਤੇ ਉਹ ਦੋਵੇਂ ਹੀ ਮਨੁੱਖ ਦੇ ਕਲਿਆਣ ਅਤੇ ਉਸ ਦੇ ਸਰਬਪੱਖੀ ਵਿਕਾਸ ਪ੍ਰਤਿ ਵਚਨਬਧ ਹਨ। ਘੋਖਣ ਵਾਲਾ ਨੁਕਤਾ ਇਹ ਹੈ ਕਿ ਫਿਰ ਸਾਂਝ ਦੇ ਸਮਾਜਿਕ ਤੇ ਸਾਹਿਤਕ ਪੁਲ ਕਿਉਂ ਨਹੀਂ ਉਸਰੇ?

ਸਿੱਧਾ ਤੇ ਸਪਸ਼ਟ ਵਿਚਾਰ ਹੈ ਕਿ ਜਦ ਰਾਜਨੀਤੀ ਤੇ ਸ਼ਾਸਤਰ ਸਮਾਜ ਤੇ ਸਾਹਿਤ ਨੂੰ ਪ੍ਰਭਾਵਤ ਕਰਦੇ ਹਨ ਤਾਂ ਮਾਰਕਸਵਾਦ ਨੂੰ ਭਾਰਤੀ ਸਮਾਜਿਕ ਸਥਿਤੀਆਂ ਅਨੁਸਾਰ ਢਾਲਣ ਦੀ ਜ਼ਰਾ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ? ਜਾਤ ਨੂੰ ਅਣਗੌਲਿਆ ਕਰਦਿਆਂ ਜਮਾਤ ਉਤੇ ਹੀ ਧਿਆਨ ਕੇਂਦਰਿਤ ਕਿਉਂ ਕੀਤਾ ਗਿਆ? ਇਸ ਸਦਕਾ ਹਰ ਕੋਈ ਆਪਣੇ ਜਾਤ/ਵਰਗ ਤਕ ਸੀਮਤ ਹੋ ਕੇ ਰਹਿ ਗਿਆ ਜੋ ਦੋਹਰੇ ਮਾਪ-ਦੰਡਾਂ ਦੇ ਪ੍ਰਤੀਕ ਹਨ।

ਕਿਸਾਨ ਅੰਦੋਲਨਾਂ ਦੀ ਆਰਥਿਕ ਮਸਲਿਆਂ ਜਿਵੇਂ ਮਹਿੰਗਾਈ, ਜਿਣਸਾਂ ਦੇ ਭਾਅ ਵਧਾਉਣ, ਖਾਦਾਂ ਉਤੇ ਸਬਸਿਡੀ ਘਟਾਉਣ, ਬਿਜਲੀ ਚੌਵੀ ਘੰਟੇ ਕਰਾਉਣ, ਡੀਜ਼ਲ ਦੀਆਂ ਕੀਮਤਾਂ ਘਟਾਉਣ, ਕਿਸਾਨਾਂ ਦੇ ਕਰਜ਼ੇ ਮਾਫ ਕਰਾਉਣ ਵਲ ਹੀ ਤਵੱਜੋ ਰਹੀ। ਇਉਂ ਇਹ ਧਾਰਾ ਕਿਸਾਨੀ ਤਕ ਮਹਿਦੂਦ ਹੋ ਕੇ ਰਹਿ ਗਈ ਤੇ ਸਾਹਿਤ ਵਿਚ ਵੀ ਇਸ ਦ੍ਰਿਸ਼ਟੀ ਤੋਂ ਲਿਖੇ ਸਾਹਿਤ ਨੂੰ ਮੁੱਖਧਾਰਾ ਵਜੋਂ ਪ੍ਰਵਾਨ ਕਰ ਲਿਆ ਗਿਆ। ਭਾਰਤੀ ਸਮਾਜ ਅੰਦਰ ਸਦੀਆਂ ਤੋਂ ਪਸਰੀ ਵਰਣ-ਵਿਵਸਥਾ, ਜਾਤ-ਪਾਤ, ਛੂਤ-ਛਾਤ ਆਦਿ ਦੇ ਮਸਲੇ ਛੋਹੇ ਨਾ ਗਏ ਜਿਸ ਕਾਰਨ ਜਾਤ-ਰਹਿਤ ਸਮਾਜ ਦੇ ਢਾਂਚੇ ਦਾ ਨਿਰਮਾਣ ਨਾ ਹੋ ਸਕਿਆ। ਅਜਿਹੀ ਸਥਿਤੀ ਵਿਚ ਜਮਾਤ ਦਾ ਉਭਰਨਾ ਅਸੰਭਵ ਹੈ। ਦੂਜੇ ਪਾਸੇ, ਇਹ ਸਥਿਤੀ ਚੁੱਪ-ਚਪੀਤੇ ਉਨ੍ਹਾਂ ਤਾਕਤਾਂ ਦਾ ਪੋਸ਼ਣ ਕਰਦੀ ਸਾਬਤ ਹੋ ਗਈ ਜਿਨ੍ਹਾਂ ਵਿਰੁੱਧ ਦਲਿਤ ਸਾਹਿਤ ਤੇ ਉਸ ਦੀ ਵਿਚਾਰਧਾਰਾ ਨੇ ਝੰਡਾ ਚੁੱਕਿਆ ਹੋਇਆ ਹੈ। ਇਉਂ ਸਰਵਹਾਰਾ ਨੂੰ ਕਿਧਰੇ ਸਥਾਨ ਹੀ ਨਾ ਮਿਲ ਸਕਿਆ ਜਦ ਕਿ ਮਾਰਕਸਵਾਦੀ- ਲੈਨਿਨਵਾਦੀ ਵਿਚਾਰਧਾਰਾ ਦਾ ਉਹ ਕੇਂਦਰੀ ਧੁਰਾ ਮੰਨਿਆ ਗਿਆ ਹੈ। ਬਸ ਉਸ ਦੇ ਨਾਂ ਦੀ ਰਟ ਲਗਦੀ ਰਹੀ। ਇਸ ਦ੍ਰਿਸ਼ਟੀ ਤੋਂ ਪਾਸ਼-ਕਾਵਿ ਇਸ ਪ੍ਰਤਿ ਜ਼ਿੰਮੇਵਾਰ ਨਹੀਂ ਹੈ। ਭਾਰਤੀ ਸਥਿਤੀਆਂ ਅਨੁਸਾਰ ਮਾਰਕਸਵਾਦੀ ਨਜ਼ਰੀਏ ਦੀ ਅਣਹੋਂਦ ਕਾਰਨ ਸਥਿਤੀ ਭਟਕਣ ਵਾਲੀ ਹਾਲਤ ਵਿਚ ਰਹੀ।ਉਧਰ, ਦਲਿਤ ਚੇਤਨਾ ਓਨੀ ਹੀ ਪੁਰਾਣੀ ਹੈ ਜਿੰਨੀ ਬ੍ਰਾਹਮਣਵਾਦੀ ਵਿਵਸਥਾ – ਇਸ ਲਈ ਕਿ ਇਹ ਆਪਣੀ ਜ਼ਮੀਨ ਦੀ ਜਾਈ ਹੈ ਤੇ ਉਸ ਦੀ ਰਗ਼-ਰਗ਼ ਤੋਂ ਵਾਕਿਫ਼ ਵੀ ਤੇ ਇਸ ਉਤੇ ਤਿੱਖੇ ਵਾਰ ਕਰਦੀ ਹੋਈ ਅਛੂਤਾਂ ਤੇ ਪਛੜੀਆਂ ਜਾਤੀਆਂ ਨੂੰ ਗੁਲਮੀ ਦੇ ਸ਼ਿੰਕਜੇ ਵਿਚੋਂ ਕੱਢਣ ਲਈ ਦ੍ਰਿੜ੍ਹ ਸੰਕਲਪ ਨਾਲ ਆਪਣੀ ਚੇਤਨਾ ਦਾ ਛੱਟਾ ਦੇਣ ਲਈ ਤਤਪਰ ਰਹੀ। ਇਸ ਦੇ ਪਿੱਛੇ ਕਾਰਜਸ਼ੀਲ ਹੈ ; ਚਾਰਵਾਕ ਦਰਸ਼ਨ, ਨਾਥ-ਪੰਥ, ਭਗਤੀ ਅੰਦੋਲਨ, ਆਦਿ ਅੰਦੋਲਨਾਂ ਦੀ ਵਿਚਾਰਧਾਰਾ ਦੀ ਅਮੀਰ ਤੇ ਨਿਰੰਤਰ ਵਿਰਾਸਤ। ਇਹ ਅਧਿਕਾਰ ਚੇਤਨਾ ਸਿਲਸਿਲਾ ਅੱਜ ਵੀ ਜਾਰੀ ਹੈ। ਦਲਿਤ ਚੇਤਨਾ ਆਰਥਿਕਤਾ ਨਾਲ ਜੁੜੀਆਂ ਸਥਿਤੀਆਂ ਨੂੰ ਓਨੀ ਪਹਿਲ ਨਹੀਂ ਦਿੰਦੀ ਜਿੰਨੀ ਕਿ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਨੂੰ। ਵਜਹ ਇਹ ਹੈ ਕਿ ਸਮਾਜ ਵਿਚ ਦਲਿਤ ਮਨੁੱਖ ਨੂੰ ਆਦਰ-ਮਾਣ ਵੀ ਚਾਹੀਦਾ ਹੈ ਤੇ ਰੋਟੀ ਵੀ। ਸੋ, ਇਥੇ ਕਹਿਣ ਦਾ ਮਤਲਬ ਕਿ ਦਲਿਤ ਚੇਤਨਾ ਦੇ ਪੱਲੇ ਆਪਣਾ ਅੰਦੋਲਨ ਬਿਨਾਂ ਕਿਸੇ ਹੋਰ ਦੇ ਸਹਾਰੇ ਚਲਾਉਣ ਦੀ ਸਮਰੱਥਾ ਹੈ ਤੇ ਸਥਿਤੀਆਂ ਵੀ।

ਸਿੱਟਾ– ਮਾਰਕਸਵਾਦੀ ਸਾਹਿਤ ਤੇ ਦਲਿਤ ਸਾਹਿਤ ਸਮੇਤ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਇਕ-ਦੂਜੇ ਦੀਆਂ ਵਿਰੋਧੀ ਨਹੀਂ ਹਨ ਸਗੋਂ ਵੱਡੀ ਹੱਦ ਤਕ ਉਨ੍ਹਾਂ ਵਿਚ ਸਮਾਨਤਾਵਾਂ ਹਨ। ਪਰ ਪਰੰਪਰਕ ਸੋਚ ਦੇ ਧਾਰਨੀ ਲੋਕਾਂ ਦੀ ਸੰਜੀਦਗੀ ਉਤੇ ਪ੍ਰਸ਼ਨ ਚਿੰਨ੍ਹ ਲਗਦੇ ਹਨ। ਪਾਸ਼ ਕਾਵਿ ਤੇ ਦਲਿਤ ਸਾਹਿਤ ਦੇ ਵਿਚਾਰਧਾਰਕ ਪੱਖ ਤੋਂ ਕੁਝ ਨੁਕਤੇ ਸੁਮੇਲ ਰੱਖਦੇ ਹਨ ਤੇ ਭਾਰਤੀ ਮਨੁੱਖ ਨੂੰ ਬੁਲੰਦੀ 'ਤੇ ਦੇਖਣਾ ਲੋਚਦੇ ਹਨ। ਜਿਵੇਂ :-

1) ਦੋਵੇਂ ਸਾਹਿਤ ਧਾਰਾਵਾਂ ਜੀਵਨਵਾਦੀ ਤੇ ਯਥਾਰਥਵਾਦੀ ਹਨ।
2) ਦੋਵੇਂ ਸਾਹਿਤ ਧਾਰਾਵਾਂ ਮਨੁੱਖ ਨੂੰ ਮਹਾਨ ਮੰਨਦੀਆਂ ਹਨ। ਇਹ ਵੀ ਮੰਨਦੀਆਂ ਹਨ ਕਿ ਧਰਮ ਮਨੁੱਖ ਲਈ ਹੈ ਨਾ ਕਿ ਮਨੁੱਖ ਧਰਮ ਵਾਸਤੇ।
3) ਦੋਹਾਂ ਸਾਹਿਤ ਧਾਰਾਵਾਂ ਵਿਚ ਚੇਤਨਤਾ, ਅੰਦੋਲਨ ਤੇ ਸਮਾਜ ਵਿਚ ਮਨੁੱਖ ਦੀ ਮੁਕਤੀ ਤੇ ਉਸ ਦੀ ਮਹਾਨਤਾ ਦਾ ਵਿਚਾਰ ਪ੍ਰਗਟ ਹੋਇਆ ਹੈ।
4) ਦੋਹਾਂ ਸਾਹਿਤ ਧਾਰਾਵਾਂ ਵਿਚ ਆਮ ਮਨੁੱਖ ਨਾਇਕ ਬਣਿਆ ਹੈ।
5) ਦਲਿਤ ਦ੍ਰਿਸ਼ਟੀ ਤੋਂ ਪਾਸ਼-ਕਾਵਿ ਵਿਚ ਦਲਿਤ ਚੇਤਨਾ ਬੀਜ ਰੂਪ ਵਿਚ ਉਪਲਬਧ ਹੈ ਜਿਸ ਰਾਹੀਂ ਉਹ ਵਿਸ਼ਾਲ ਵਰਗ ਬਣਾਉਣਾ ਲੋਚਦਾ ਹੈ।
6) ਦਲਿਤ ਚੇਤਨਾ ਵਾਲੇ ਸਾਹਿਤ ਨੇ ਹੁਣ ਤਕ ਸ਼ੂਦਰਾਂ, ਅਤਿ ਸ਼ੂਦਰਾਂ ਤੇ ਹੋਰ ਕੰਮੀ-ਕਮੀਨ ਬਰਾਦਰੀਆਂ ਵਾਸਤੇ ਲੜਾਈ ਲੜੀ ਹੈ। ਇਹੀ ਆਸ਼ਾ ਪਾਸ਼-ਕਾਵਿ ਜਾਂ ਉਸ ਦੀ ਵਿਚਾਰਧਾਰਾ ਦਾ ਹੈ ਕਿ ਸਮਾਜ ਵਿਚ ਆਰਥਿਕ ਪਾੜਾ ਪੂਰਿਆ ਜਾਵੇ।

ਪਰੰਪਰਕ ਮਾਰਕਸਵਾਦ ਤੋਂ ਛੁਟਕਾਰਾ ਪਾਉਂਦਿਆਂ ਜਾਂ ਉਸ ਵਿਚ ਗਤੀਸ਼ੀਲਤਾ ਲਿਆਉਂਦਿਆਂ ਭਾਰਤੀ ਸਮਾਜਿਕ-ਆਰਥਿਕ ਵਿਵਸਥਾ ਅਨੁਸਾਰ ਮਾਰਕਸਵਾਦੀ ਤੇ ਸਮਾਜਵਾਦੀ ਸਾਹਿਤ ਨੇ ਵਿਚਾਰ-ਕ੍ਰਾਂਤੀ ਦੇ ਪੱਧਰ ਉਤੇ ਭਾਰਤ ਦੇ ਸਾਬਕਾ ਅਛੂਤਾਂ ਦੀ ਸੁਤੰ-ਤਰਤਾ, ਸਮਾਨਤਾ ਤੇ ਭਾਈਚਾਰੇ ਲਈ ਜੱਦੋਜਹਿਦ ਵਿਚ ਪੂਰੀ ਭਾਗੀਦਾਰੀ ਕਰਨੀ ਹੋਵੇਗੀ।

ਵਿਵਹਾਰਿਕ ਪੱਧਰ ਉਤੇ ਉਸ ਨੇ ਕਈ ਪੜਾਅ ਪਾਰ ਕਰਨੇ ਹਨ – ਉਹ ਵੀ ਸੁਹਿਰਦਤਾ ਨਾਲ। ਇਸ ਲਈ ਕਿ ਲੋਕ ਚੇਤਨਾ ਲਿਆਉਣੀ ਉਸ ਦਾ ਮੁੱਖ ਮੁੱਦਾ ਹੈ। ਫਿਰ ਭਾਰਤ ਦਾ ਸਮਾਜਿਕ, ਆਰਥਿਕ ਤੇ ਲੋਕਤੰਤਰੀ ਨਕਸ਼ਾ ਕੁਝ ਵੱਖਰੀ ਕਿਸਮ ਦਾ ਹੋਵੇਗਾ।

ਇਉਂ, ਪਾਸ਼-ਕਾਵਿ ਵਿਚਾਰਧਾਰਾ ਤੇ ਦਲਿਤ ਸਾਹਿਤ ਚੇਤਨਾ ਦੀ ਧਾਰਾ ਵਿਚਾਲੇ ਖੱਪਾ ਪੂਰਿਆ ਜ਼ਰੂਰ ਜਾ ਸਕੇਗਾ ਕਿਉਂਕਿ ਦੋਹਾਂ ਸਾਹਿਤ ਧਾਰਾਵਾਂ ਦਾ ਉਦੇਸ਼ ਬਹੁਜਨਾਂ (ਬਾਲਸ਼ਵਿਕਾਂ) ਨੂੰ ਵੱਧ ਤੋਂ ਵੱਧ ਮਨੁੱਖ ਦੇ ਕਲਿਆਣ ਹਿੱਤ ਚੇਤਨਾ ਦਾ ਪਾਸਾਰਾ ਕਰਨਾ ਤੇ ਬਰਾਬਰੀ ਦੇ ਸਮਾਜ ਦੀ ਸਿਰਜਨਾ ਕਰਨੀ ਹੈ।

e-mail : bmadhopuri@yahoo.in

**ਦੂਜੀ ਕਿਸ਼ਤ**

# ਮੂਲ ਨਿਵਾਸੀਆਂ ਦੀਆਂ ਮੂਲ ਦੁਸ਼ਵਾਰੀਆਂ ਦਾ ਲਖਾਇਕ-ਖੌਲਦਾ ਮਹਾਂਸਾਗਰ-2

ਹੋਰ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਇਥੇ ਰਹਿਣ ਦਾ ਅਧਿਕਾਰ ਨਹੀਂ? ਜਦ ਤਕ ਉਹ ਅਲਗ ਰਹਿਣਗੇ ਉਦੋਂ ਤਕ ਉਹ ਇਸ ਦੇਸ਼ ਦੇ ਨਾਗਰਿਕ ਨਹੀਂ ਹੋ ਸਕਦੇ ਜਦੋਂ ਤਕ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਹਿੰਦੂ ਵੰਡ ਵਿਚ ਜਜ਼ਬ ਨਹੀਂ ਕਰਦੇ, ਉਦੋਂ ਤਕ ਉਹਨਾਂ ਨੂੰ ਹਿੰਦੂ ਰਾਸ਼ਟਰ ਵਿਚ ਰਹਿਣ ਦਾ ਕੋਈ ਹੱਕ ਨਹੀਂ? ਇਸਦੇ ਬਾਵਜੂਦ ਵੀ ਜੇ ਉਹਨਾਂ ਨੇ ਹਿੰਦੂ ਰਾਸ਼ਟਰ ਵਿਚ ਰਹਿਣਾ ਹੈ ਤਾਂ ਉਹਨਾਂ ਦੂਜੇ ਦਰਜੇ ਦੇ ਨਾਗਰਿਕ ਦੀ ਹੈਸੀਅਤ ਨਾਲ ਰਹਿਣਾ ਪਵੇਗਾ?...... ਹਿਟਲਰ ਨੇ ਲੱਖਾਂ ਯਹੂਦੀਆਂ ਦਾ ਜਿਹੜਾ ਕਤਲੇਆਮ ਕੀਤਾ ਸੀ ਉਹ ਜਾਇਜ਼ ਸੀ? ਅਸੀਂ ਵੀ ਇਹ ਰਾਸਤਾ ਅਪਨਾਵਾਂਗੇ? ਰਾਜ ਪ੍ਰਬੰਧ ਧਰਮ ਦੀ ਆਗਿਆ ਅਨੁਸਾਰ ਹੀ ਚਲਣਾ ਚਾਹੀਦਾ ਹੈ? " ਇਹ ਹੈ ਭਾਰਤ ਦੀਆਂ ਸਾਰੀਆਂ ਸਮਾਜਕ ਸਮੱਸਿਆਵਾਂ ਤੇ ਔਕੜਾਂ ਦੀ ਮੂਲ ਜੜ੍ਹ ਜਿਸ ਕਰਕੇ ਗਾਹੇ-ਬਗਾਹੇ ਮੁਸਲਮਾਨ, ਸਿੱਖ ਤੇ ਇਸਾਈ ਘਟ- ਗਿਣਤੀਆਂ ਦੰਗੇ, ਫਸਾਦ, ਕਤਲੇਆਮ ਦੀਆਂ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ ਤੇ ਇਸ ਲਈ ਉਲਟਾ ਇਨ੍ਹਾਂ ਘਟ ਗਿਣਤੀਆਂ ਨੂੰ ਹੀ ਹਮੇਸ਼ਾ ਜ਼ਿੰਮੇਵਾਰ ਗਰਦਾਨਿਆ ਜਾਂਦਾ ਹੈ, ਅਤਿਵਾਦੀ ਬਣਾਇਆ ਜਾਂਦਾ ਹੈ? ਇਹ ਮੂਲ ਜੜ੍ਹ ਹੀ ਦੇਸ਼ ਵਿਚ ਵਾਪਰਦੀ ਹੋੜਾ-ਦੋੜੀ, ਮਾਰਕਾਟ ਲਈ ਪੂਰੀ ਜ਼ਿੰਮੇਵਾਰ ਹੈ?

ਲੇਖਕ ਨੇ ਆਪਣੀ ਗੱਲ ਦੀ ਪ੍ਰਪੱਕਤਾ ਬਣਾਉਣ ਲਈ ਬਾਬਾ ਸਾਹਿਬ ਡਾ. ਅੰਬੇਦਕਰ ਦੇ ਕਥਨ ਦਾ ਹਵਾਲਾ ਦਿੱਤਾ ਹੈ "ਭਾਰਤ ਦਾ ਅਸਲ ਇਤਿਹਾਸ ਤਾਂ ਬਦੇਸ਼ੀ ਬ੍ਰਾਹਮਣਾਂ ਅਤੇ ਮੂਲਵਾਦੀ ਬੁੱਧਾਂ (ਭਾਵ ਐਸ.ਸੀ.+ ਐਸ.ਟੀ.+ ਧਰਮ ਪ੍ਰਵਰਤਿਤ ਸਿੱਖ, ਮੁਸਲਮਾਨ ਅਤੇ ਇਸਾਈ) ਵਿਚਕਾਰ ਯੁੱਧਾਂ ਦਾ ਇਤਿਹਾਸ ਹੈ? ਲੋਕਤੰਤਰ ਤੋਂ ਬਾਦ ਵੀ ਤੇ ਪਹਿਲਾਂ ਵੀ" (ਦੁਸ਼ਮਣ ਦੀ ਬਾਜ ਨਜ਼ਰ)? ਅੱਜ ਦੇ ਲੋਕਤੰਤਰ ਵਿਚ ਵਾਪਰਿਆ ਸਿੱਖਾਂ ਦਾ 84 ਦਾ ਕਤਲੇਆਮ, ਗੁਜਰਾਤ ਦੇ ਗੋਧਰਾ ਕਾਂਡ ਤੋਂ ਬਾਦ ਹੋਇਆ ਮੁਸਲਮਾਨਾਂ ਦਾ ਕਤਲੇਆਮ, ਕੰਧ ਮਾਲ ਵਿਚ ਇਸਾਈਆਂ ਦੀ ਮਾਰਕਾਟ ਅਤੇ ਦਲਿਤਾਂ ਨਾਲ ਅਕਸਰ ਵਾਪਰਦੇ ਜੂਨੀ ਕਾਂਡ ਇਸਦਾ ਜਿਉਂਦੇ ਜਾਗਦੇ ਸਬੂਤ ਹਨ?

ਇਸ ਤਰ੍ਹਾਂ ਮੂਲ ਨਿਵਾਸੀ ਬ੍ਰਾਹਮਣਵਾਦ ਸਦੀਆਂ ਤੋਂ ਤਸੀਹੇ ਦਿੰਦਾ ਆ ਰਿਹਾ ਹੈ? ਕੋਈ ਰਾਜ ਆਇਆ, ਕੋਈ ਹਕੂਮਤ ਆਈ ਇਸਨੇ ਹਰ ਹਰਬਾ ਵਰਤ ਕੇ ਆਪਣੇ ਆਪ ਉਪਰ ਰੱਖਣ ਲਈ ਅਤੇ ਸ਼ੂਦਰ ਹੇਠ ਰੱਖਕੇ ਲਤਾੜਨ ਦੀ ਆਪਣੀ ਪ੍ਰਵਿਰਤੀ ਨਹੀਂ ਛੱਡੀ? ਹੋਰ ਤਾਂ ਹੋਰ ਹੁਣ ਇਹ ਭਿਆਨਕ ਜਾਤਪਾਤੀ ਬਾਦ ਭਾਰਤ ਵਿਚ ਹੀ ਨਹੀਂ ਬਾਹਰਲੇ ਦੇਸ਼ਾਂ ਵਿਚ ਵੀ ਜਿੱਥੇ ਜਿੱਥੇ ਬ੍ਰਾਹਮਣਵਾਦੀ ਭਾਰਤੀ ਗਏ ਉਥੇ ਉਥੇ ਇਹ ਫੈਲਦੀ ਜਾ ਰਹੀ ਹੈ? ਲੇਖਕ ਨੇ ਇਹ ਆਪਣੀ ਯੂਰਪੀਅਨ ਦੇਸ਼ਾਂ ਦੇ ਦੌਰੇ ਸਮੇਂ ਭਲੀਭਾਂਤ ਮਹਿਸੂਸ ਕੀਤੀ? ਇਸਦੀ ਭਿਆਨਕਤਾ ਮਹਿਸੂਸ ਕਰਕੇ ਕਈ ਦੇਸ਼ਾਂ ਨੇ ਇਸ ਵਿਵਸਥਾ ਤੇ ਕਾਸ਼ਨੀ ਪਾਬੰਦੀ ਵੀ ਲਗਾ ਦਿੱਤੀ ਹੈ? ਲੇਖਕ ਲਿਖਦਾ ਹੈ, ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਯੂਰਪ ਦੀ ਸੁੰਦਰ ਧਰਤੀ ਨੂੰ ਇਸ ਭਿਆਨਕ ਵਰਨ ਜਾਤੀ ਸੁਨਾਮੀ ਤੋਂ ਹੋਰ ਹਰ ਤਰ੍ਹਾਂ ਦੀਆਂ ਆਫਤਾਂ ਤੋਂ ਕਿਤੇ ਵਧੇਰੇ ਖਤਰਾ ਹੈ? ਅਸੀਂ 80-90 ਕਰੋੜ ਤਾਂ ਡੁੱਬੇ ਹਾਂ? ਅਸੀਂ ਬੇਫਿਕਰ ਹੋ ਕੇ ਸੱਤ ਸਮੁੰਦਰ ਤੈਰਦਿਆਂ ਵੀ ਉਹਨਾਂ ਦੀਆਂ ਬੇੜੀਆਂ ਵਿਚ "ਬੱਟੇ" "ਪਥੱਰ" ਬਣ ਕੇ ਕਿਸੇ ਦਿਨ ਡੋਬ ਦਿਆਂਗੇ? ਇਸ ਨੂੰ ਯੂਰਪ ਨੇ ਭਾਂਪ ਲਿਆ ਹੈ? ਉਹਨਾਂ ਦੇ 28 ਦੇਸ਼ਾਂ ਦੀ ਸੰਸਦ ਨੇ ਬਹੁਸੰਮਤੀ ਨਾਲ ਜਾਤਪਾਤੀ ਵਿਤਕਰਿਆਂ ਵਿਰੁੱਧ ਮਤਾ ਪਾਸ ਕਰ ਦਿੱਤਾ ਹੈ?" (ਜਾਤੀ ਕਰੇਗੀ ਸੰਸਾਰ ਨੂੰ ਬਰਬਾਦ) "ਹਿੰਦੂ ਸਾਮਰਾਜ ਦਾ ਇਤਿਹਾਸ" ਦਾ ਤਰਜਮਾਨ ਸ਼ੂਦਰਾ ਸੋਢੀ ਸੁਲਤਾਨ ਸਿੰਘ ਜੋ ਕਈ ਅਰਸੇ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ ਉਹ ਵੀ ਇਸ ਗੱਲ ਦੀ ਅਮਲੀ ਤੌਰ ਤੇ ਪ੍ਰਸਟੀ ਕਰਦਿਆਂ ਲਿਖਦਾ ਹੈ,

26 ਅਗਸਤ 2013- ਅਮਰੀਕਾ ਦੀ ਸਾਊਥ ਕਾਰੋਲੀਨਾ ਦੀ ਯੂਨੀਵਰਸਿਟੀ ਇਕ ਦੋ ਦਿਨਾਂ ਸਮਾਗਮ ਵਿਚ ਅਮਰੀਕਾ ਵਿਚ ਹਿੰਦੂਵਾਦ ਦੇ ਪ੍ਰਚਾਰ ਪ੍ਰਸਾਰ ਲਈ 11 ਭਾਗਾਂ ਵਿਚ ਵੱਡ ਆਕਾਰੀ "ਐਨਸਾਇਕਲੋਪੀਡੀਆ ਆਫ ਹਿੰਦੂਇਜਮ" ਛਾਪ ਕੇ ਅਮਰੀਕਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਭੇਜ ਦਿੱਤਾ ਹੈ, ਵੰਡ ਦਿੱਤਾ ਹੈ?"

(ਹਿੰਦੂ ਸਾਮਰਾਜ ਦਾ ਇਤਿਹਾਸ -540)?

ਵਰਣ ਵਿਵਸਥਾ ਦੇ ਸ਼ੁਰੂ ਵਿਚ ਨਾ ਸ਼ੂਦਰ ਲੋਕ ਮਾੜਾ ਸੀ ਤੇ ਨਾ ਇਸ ਅਧੀਨ ਆਉਂਦੇ ਸ਼ੂਦਰ ਬੰਦੇ ਮਾੜੇ ਸਨ ਸਗੋਂ ਸਭ ਤੋਂ ਉੱਤਮ ਸ਼ੂਦਰ ਨੂੰ ਮੰਨਿਆ ਜਾਂਦਾ ਸੀ? ਸਵਾਮੀ ਧਰਮਾ ਤੀਰਥਾ ਜੋ ਕੇਰਲਾ ਦੀ ਮੈਨਨ ਬ੍ਰਾਹਮਣ ਜਾਤੀ ਨਾਲ ਸਬੰਧਤ ਸਨ ਉਹਨਾਂ ਨੇ ਇਸ ਜਾਤੀ ਸਿਸਟਮ 'ਤੇ ਅੰਗਰੇਜ਼ੀ ਵਿਚ ਬੜੀ ਖੋਜ ਭਰਪੂਰ ਪੁਸਤਕ "ਹਿਸਟਰੀ ਆਫ ਹਿੰਦੂ ਇੰਪੀਰੀਅਲਿਜ਼ਮ" ਲਿਖੀ ਹੈ ਜਿਸਦਾ ਪੰਜਾਬੀ ਤਰਜਮਾ "ਹਿੰਦੂ ਸਾਮਰਾਜ ਦਾ ਇਤਿਹਾਸ" ਅਮਰੀਕਾ ਵਿਚ ਰਹਿੰਦੇ ਪੰਜਾਬੀ ਮੂਲ ਨਿਵਾਸੀ ਸ਼ੂਦਰਾ ਸੋਢੀ- ਸੁਲਤਾਨ ਸਿੰਘ ਨੇ ਬੜੀ ਮਿਹਨਤ ਅਤੇ ਲਗਨ ਨਾਲ ਕਰਕੇ ਸ਼ੂਦਰਾਂ ਨੂੰ ਇਕ ਕੀਮਤੀ ਤੋਹਫਾ ਭੇਂਟ ਕੀਤਾ ਹੈ? ਇਸ ਪੁਸਤਕ ਦੀ ਬਾਬਾ ਸਾਹਿਬ ਡਾ. ਅੰਬੇਦਕਰ ਨੇ ਵੀ ਪ੍ਰਸੰਸਾ ਕਰਦਿਆਂ ਆਖਿਆ ਸੀ ਕਿ ਇਸ ਵਿਚ ਦਿਲ ਨੂੰ ਪ੍ਰਭਾਵਤ ਕਰਨ ਵਾਲੀਆਂ ਦਲੀਲਾਂ ਦਿੱਤੀਆਂ ਗਈਆਂ ਹਨ? ਇਸ ਕਿਤਾਬ ਦੇ ਮੂਲ ਲੇਖਕ ਅਨੁਸਾਰ ਵਰਣ ਦੀ ਉਤਪਤੀ ਮਨੁੱਖਾ ਜੀਵਨ ਨੂੰ ਚਾਰ ਹਿਸਿਆਂ ਵਿਚ ਵੰਡਣ ਨਾਲ ਸ਼ੁਰੂ ਹੋਈ? ਪਹਿਲੀ ਅਵਸਥਾ ਵਿਚ ਮਨੁੱਖ ਇਕ ਵਿਦਿਆਰਥੀ ਦੇ ਤੌਰ ਤੇ ਵਿਦਿਆ ਪ੍ਰਾਪਤੀ ਕਰਦਾ ਹੈ ਤਾਂ ਉਹ ਆਪਣੇ ਅਧਿਆਪਕ ਨੂੰ ਆਪਣਾ ਮਾਲਕ ਸਮਝ ਕੇ ਉਸ ਪ੍ਰਤੀ ਪੂਰਣ ਸਮਰਪਿਤ, ਵਫਾਦਾਰ, ਵਿਸਵਾਸਪਾਤਰ ਅਤੇ ਇਮਾਨਦਾਰ ਰਹਿ ਕੇ ਵਿਦਿਆ ਪ੍ਰਾਪਤ ਕਰਦਾ ਹੈ, ਜਿਸ ਨੂੰ ਸ਼ੂਦਰ ਕਿਹਾ ਜਾਂਦਾ ਸੀ ਤੇ ਸਭ ਤੋਂ ਉਪਰ ਮੰਨਿਆ ਜਾਂਦਾ ਸੀ? ਦੂਜੀ ਅਵਸਥਾ ਵਿਚ ਉਹ ਵਿਆਹ ਕਰਵਾ ਕੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦਾ ਹੈ?

ਜਿਵੇਂ ਕਿਵੇਂ ਕਮਾਈ ਕਰਕੇ ਘਰ ਦਾ ਖਰਚ ਚਲਾਉਣਾ ਉਸ ਦੀ ਮੁੱਖ ਜ਼ਿੰਮੇਵਾਰੀ ਸੀ? ਇਸ ਪੱਧਰ ਨੂੰ ਵੈਸ਼ ਦਾ ਨਾਂ ਦਿੱਤਾ ਗਿਆ ਸੀ? ਤੀਜੀ ਪੱਧਰ 'ਤੇ ਉਹ ਘਰ ਦੀਆਂ ਜ਼ਿੰਮੇਵਾਰੀਆਂ ਅਗਲੀ ਪੀੜ੍ਹੀ ਨੂੰ ਸੌਂਪ ਕੇ ਆਪ ਵਾਨਪ੍ਰਸਥ ਹਾਲਤ ਵਿਚ ਜੰਗਲਾਂ ਵਿਚ ਚਲਿਆ ਜਾਂਦਾ ਸੀ ਅਤੇ ਉਥੇ ਜਾ ਕੇ ਸਰੀਰ ਸਾਧਨਾ, ਸ਼ਸਤਰ ਚਲਾਉਣੇ ਸਿੱਖਣੇ ਅਤੇ ਸਿਖ਼ਾਉਣੇ ਉਸਦੇ ਮੁੱਖ ਕਰਤੱਵ ਹੁੰਦੇ ਸਨ ਤੇ ਉਹ ਪੂਰਨ ਕੁਰਬਾਨੀ ਅਤੇ ਜੋਸ਼ ਭਰਪੂਰ ਜਜਬੇ ਨਾਲ ਲੈਸ ਹੁੰਦਾ ਸੀ? ਇਸ ਅਵਸਥਾ ਨੂੰ ਕਸ਼ੱਤਰੀ ਦਾ ਨਾਂ ਦਿੱਤਾ ਜਾਂਦਾ ਸੀ? ਚੌਥੀ ਅਵਸਥਾ ਮਨੁੱਖ ਦੇ ਸੰਨਿਆਸ ਲੈਣ ਦੀ ਹੁੰਦੀ ਸੀ? ਉਹ ਜੰਗਲਾਂ ਵਿਚ ਰਿਸੀ ਬਣ ਕੇ ਜਿੰਦਗੀ ਦੇ ਪ੍ਰਾਪਤ ਕੀਤੇ ਤਜਰਬੇ ਵਿਦਿਆਰਥੀਆਂ ਨੂੰ ਦਸੱਦਾ ਸੀ ਅਤੇ ਗੁਰੂਕੁਲ ਸਥਾਪਤ ਕਰਕੇ ਵਿਦਿਆ ਦੇਣ ਦਾ ਕੰਮ ਕਰਦਾ ਸੀ? ਇਸ ਅਵਸਥਾ ਦਾ ਨਾਂ ਬ੍ਰਾਹਮਣ ਸੀ?

(ਸਫਾ 53 ਤੋਂ 55 ਤਕ)

ਬਾਦ ਵਿਚ ਇਹ ਵਿਵਸਥਾ ਬ੍ਰਾਹਮਣ ਨੇ ਆਪਣੀ ਉੱਚਤਾ ਬਣਾਉਣ ਲਈ ਉਲਟ ਕਰ ਲਈ ਅਤੇ ਐਲਾਨ ਕੀਤਾ ਕਿ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ, ਕਸ਼ੱਤਰੀ ਬਾਹਵਾਂ ਵਿਚੋਂ, ਵੈਸ਼ ਪੇਟ ਵਿਚੋਂ ਅਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਏ? ਇਸੇ ਆਧਾਰ ਤੇ ਬ੍ਰਾਹਮਣ ਨੇ ਇਹਨਾਂ ਵਰਣਾਂ ਦੀ ਊਚ-ਨੀਚ ਦੀ ਦਰਜਾਬੰਦੀ ਕੀਤੀ? ਪ੍ਰੋ: ਗੁਰਨਾਮ ਸਿੰਘ ਨੇ ਇਤਿਹਾਸ ਦੇ ਡੂੰਘੇ ਅਧਿਐਨ ਤੋਂ ਬਾਅਦ ਲਿਖਿਆ ਕਿ ਬ੍ਰਾਹਮਣ ਸਿਰੋਂ ਆਰੀਅਨ ਸੀ? ਉਸਨੇ ਆਪਣੀ ਚਲਾਕੀ ਅਤੇ ਕੂਟਨੀਤੀ ਨਾਲ ਫੁਸਲਾ ਕੇ ਆਪਣੀ ਰੱਖਿਆ ਲਈ ਮੂਲ ਨਿਵਾਸੀਆਂ ਵਿਚੋਂ ਜਿਨ੍ਹਾਂ ਨੂੰ ਆਪਣੇ ਨਾਲ ਰਲਾ ਲਿਆ ਉਹ ਕਸਤਰੀ (ਕਸ਼ੱਤਰੀ ਜਾਂ ਖੱਤਰੀ) ਅਖਵਾਏ? ਇਹਨਾਂ ਤੋਂ ਹੀ ਇਕ ਪੱਧਰ ਤੇ ਉਸਨੇ ਆਪਣੀ ਦੇਖ ਰੇਖ ਹੇਠ ਆਪਣੀ ਉੱਚ ਪਦਵੀ ਦੇ ਜਰੀਏ ਰਾਜ ਵੀ ਕਰਵਾਇਆ? ਕਸ਼ੱਤਰੀ ਸ਼ਬਦ ਦਾ ਅਰਥ ਖੇਤਰੀ ਤੋਂ ਹੈ ਜਿਸਦਾ ਭਾਵ ਉਸੇ ਖ਼ਿੱਤੇ ਦੇ ਰਹਿਣ ਵਾਲੇ ਅਰਥਾਤ ਮੂਲ ਨਿਵਾਸੀ ਤੋਂ ਹੈ? ਇਹੀ ਵਿਗਾੜ ਕੇ ਕਹੇਤਰੀ ਤੋਂ ਕਸ਼ੱਤਰੀ ਤੇ ਫਿਰ ਉੱਚਾਰਣ ਅਨੁਸਾਰ ਖੱਤਰੀ ਬਣ ਗਿਆ? ਇਸੇ ਤਰ੍ਹਾਂ ਬ੍ਰਾਹਮਣ ਨੇ ਸ਼ੂਦਰਾਂ ਵਿਚੋਂ ਹੀ ਆਪਣੇ ਲਈ ਉਤਪਾਦਨ ਕਰਨ ਵਾਸਤੇ ਜੋ ਆਪਣੇ ਨਾਲ ਰਲਾ ਲਏ ਉਹ ਖਾਦ ਪਦਾਰਥ ਤੇ ਹੋਰ ਸਮਾਨ ਦਾ ਉਤਪਾਦਨ ਕਰਨ ਲੱਗੇ ਅਤੇ ਹਿਸਾਬ ਕਿਤਾਬ ਤੇ ਵਣਜ ਵਪਾਰ ਲਈ ਪਣੀ ਬਣੀਂ ਵੈਸ਼ ਵੀ ਨਾਲ ਲੈ ਲਿਆ? ਇਹਨਾਂ ਨੂੰ ਵੈਸ਼ ਦਾ ਨਾਂ ਦੇ ਦਿੱਤਾ ਗਿਆ? ਬਾਕੀ ਰਹਿੰਦੇ ਸ਼ੂਦਰਾਂ ਨੂੰ ਸੇਵਾ ਅਤੇ ਮਿਹਨਤ ਵਾਲੇ ਕੰਮ ਦੇ ਦਿੱਤੇ? ਇਹਨਾਂ ਸਾਰਿਆਂ ਸ਼ੂਦਰਾਂ ਮੂਲ ਨਿਵਾਸੀਆਂ ਵਿਚੋਂ ਜੋ ਬ੍ਰਾਹਮਣ ਤੋਂ ਆਕੀ ਹੋ ਗਏ ਉਹਨਾਂ ਨੇ ਅਧੀਨਗੀ ਨਾ ਕਬੂਲੀ ਤੇ ਉਹ ਜੰਗਲਾਂ ਵਿਚ ਚਲੇ ਗਏ ਅਤੇ ਆਦਿਵਾਸੀ ਜਾਂ ਆਦਿ ਕਬੀਲੇ ਹੀ ਬਣੇ ਰਹੇ? ਇਹਨਾਂ ਮੂਲਨਿਵਾਸੀਆਂ ਨੂੰ ਅਤੀ ਸ਼ੂਦਰ ਬਣਾ ਕੇ ਵਰਣ ਤੋਂ ਬਾਹਰ ਰੱਖ ਦਿੱਤਾ? ਇਹਨਾਂ ਵਰਣਾਂ ਦੀ ਜਦੋਂ ਆਪਸ ਵਿਚ ਵਿਆਹ ਸ਼ਾਦੀਆਂ ਅਤੇ ਖਾਣ ਪੀਣ ਤੇ ਪਾਬੰਦੀ ਲਾ ਦਿੱਤੀ ਗਈ ਤਾਂ ਉਹ ਜਾਤੀ ਦੀ ਕੱਟੜਤਾ ਵਿਚ ਬੰਨ੍ਹ ਗਏ?

ਬਾਬਾ ਸਾਹਿਬ ਦੀ ਖੋਜ "ਭਾਰਤ ਵਿਚ ਜਾਤਕ" ਅਤੇ "ਸ਼ੂਦਰ ਕੌਣ ਸਨ?" ਇਹੋ ਜਿਹਾ ਉਲੇਖ ਹੀ ਕਰਦੀ ਹੈ?

ਬ੍ਰਾਹਮਣ ਨੇ ਭਾਵੇਂ ਕਿਸੇ ਤੋਂ ਵੀ ਰਾਜ ਕਰਵਾਇਆ ਉਸਨੇ ਆਪਣੀ "ਉੱਚਤਾ ਹਰ ਹੀਲੇ ਬਰਕਰਾਰ ਰੱਖੀ ਤੇ ਦੂਜੀ ਕਿਸੇ ਵੀ ਜਾਤੀ ਭਾਵੇਂ ਉਹ ਕਿਸੇ ਵੀ ਉੱਚੇ ਸਥਾਨ ਤੇ ਪੁੱਜ ਗਈ ਹੋਵੇ ਉਹ ਪੈਰਾਂ ਹੇਠ ਲਿਤਾੜਨ ਦੀ ਹੱਦ ਤਕ ਗਿਆ? ਜਰਾ ਵੇਖੋ; "ਹਿੰਦੂ ਸਾਮਰਾਜ ਦਾ ਇਤਿਹਾਸ" ਵਿਚ ਲੇਖਕ ਲਿਖਦਾ ਹੈ ਕਿ "ਸ਼ਿਵਾ ਜੀ ਮਰਾਠਾ ਦੀ ਤਾਜਪੋਸ਼ੀ ਲਈ ਗਿਆਰਾਂ ਹਜ਼ਾਰ ਬ੍ਰਾਹਮਣ ਪ੍ਰਵਾਰ ਸਮੇਤ ਬੁਲਾਏ ਗਏ ਅਤੇ ਉਹ ਚਾਰ ਮਹੀਨਿਆਂ ਤਕ ਰਾਜੇ ਦੇ ਮਹਿਮਾਨ ਬਣ ਕੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਖਾਂਦੇ ਰਹੇ ਤੋਹਫ਼ੇ ਲੈਂਦੇ ਰਹੇ? ਪਰ ਤਾਜਪੋਸ਼ੀ ਵੇਲੇ ਅਜੀਬ ਪੰਗਾ ਪਾ ਬੈਠੇ ਕਿ ਅਛੂਤ ਦੀ ਤਾਜਪੋਸ਼ੀ ਨਹੀਂ ਹੋ ਸਕਦੀ? ਫਿਰ ਹੋਰ ਤੋਹਫ਼ਿਆਂ ਨਾਲ ਸ਼ਿਵਾ ਜੀ ਦੀ ਲੁੱਟ ਖਸੁੱਟ ਕੀਤੀ ਗਈ ਤੇ ਅੰਤ ਮੁੱਖ ਪੁਜਾਰੀ ਗੰਗਾ ਭੱਟ ਨੇ ਆਪਣੇ ਪੈਰ ਦੇ ਅੰਗੂਠੇ ਨਾਲ ਰਾਜ ਤਿਲਕ ਲਗਾਇਆ ਤੇ ਨਫ਼ਰਤ ਨਾਲ ਉਸ ਨੂੰ ਸ਼ੂਦਰ ਆਖ ਕੇ ਬੁਲਾਇਆ ਗਿਆ? ਇਕ ਮਹਾਨ ਯੋਧਾ ਜਿਸਨੇ ਬ੍ਰਾਹਮਣ ਦੀ ਸੁਰਖਿਆ ਅਤੇ ਖ਼ੁਸ਼ਹਾਲੀ ਲਈ ਆਪਣੀ ਜ਼ਿੰਦਗੀ ਅਰਪਣ ਕੀਤੀ ਉਸ ਨੂੰ ਇਸ ਤਰ੍ਹਾਂ ਨਾਲ ਬੇਇੱਜਤ ਕੀਤਾ ਗਿਆ?" (210-211)

ਆਰੀਅਨ ਦੀ ਗੁੱਝੀ ਸਾਜਿਸ਼ ਦਾ ਮੂਲ ਨਿਵਾਸੀ ਇਕ ਲੰਬੇ ਅਰਸੇ ਤੋਂ ਸ਼ਿਕਾਰ ਹੁੰਦੇ ਆ ਰਹੇ ਹਨ ਤੇ ਬਾਰ-ਬਾਰ ਹੁੰਦੇ ਆ ਰਹੇ ਹਨ? ਉਸ ਸਮੇਂ ਸਮੇਂ ਸਿਰ ਜਾਗ੍ਰਿਤ ਹੋਣ ਦੇ ਕਿੰਨੇ ਹੀ ਮੌਕੇ ਮਿਲੇ ਪਰ ਉਹ ਕੁਝ ਚਿਰ ਆਜਾਦੀ ਮਾਣਦੇ ਹਨ ਤੇ ਫਿਰ ਢਹਿ ਢੇਰੀ ਹੋ ਜਾਂਦੇ ਰਹੇ ਹਨ? ਤਥਾਗਤ ਬੁੱਧ ਨੇ ਸਭ ਤੋਂ ਪਹਿਲਾਂ ਇਸ ਬ੍ਰਾਹਮਣਵਾਦ ਦੇ ਜੂਲੇ ਹੇਠੋਂ ਕੱਢਿਆ ਲਗਭਗ ਇਕ ਹਜ਼ਾਰ ਸਾਲ ਦਲਿਤ ਬ੍ਰਾਹਮਣੀ ਤੇ ਫਿਰ ਇਸਦੇ ਜੂਲੇ ਹੇਠ ਆ ਗਏ? ਸੰਤਾਂ/ਗੁਰੂਆਂ/ਮਹਾਂਪੁਰਖਾਂ ਨੇ ਫਿਰ ਬਾਹਰ ਕੱਢਿਆ ਇਹ ਨਿਕਲ ਆਏ ਪਰ ਫਿਰ ਫਸ ਗਏ? ਡਾ. ਅੰਬੇਦਕਰ ਨੇ ਸੰਵਿਧਾਨ ਰਾਹੀਂ ਆਜ਼ਾਦੀ ਦਾ ਰਾਹ ਵਿਖਾਇਆ ਪਰ ਫਿਰ ਗੁਲਾਮੀ ਵਲ ਵਧ ਰਹੇ ਹਨ? ਕਾਂਸ਼ੀ ਰਾਮ ਨੇ ਬੜੇ ਯੋਜਨਾਬੱਧ ਤਰੀਕੇ ਨਾਲ ਬਾਹਰ ਕੱਢਿਆ ਸੀ ਪਰ ਫਿਰ ਫਸ ਰਹੇ ਹਨ? ਲੇਖਕ ਇਸਦਾ ਕਾਰਣ ਭਾਵੇਂ ਮੂਲ ਨਿਵਾਸੀਆਂ ਦੀ ਆਪਣਿਆਂ ਨਾਲ ਕੀਤੀ ਗਦਾਰੀ ਦੱਸਦਾ ਹੈ ਪਰ ਫਿਰ ਵੀ ਇਹ ਇਕ ਸਵਾਲਾਂ ਦਾ ਸਵਾਲ ਬਣਦਾ ਜਾ ਰਿਹਾ ਹੈ ਕਿ ਤਬਾਹੀ ਅਤੇ ਦੁੱਖਾਂ ਭਰੀ ਇਹ ਕਾਲੀ ਬੋਲੀ ਲੰਮੀ ਰਾਤ ਆਖ਼ਰ ਕਦੋਂ ਸੱਚ ਦੇ ਸੂਰਜ ਦੇ ਦਰਸ਼ਨ ਕਰੇਗੀ? ਡਾ, ਕਾਂਚਾ ਇਲਈਆ ਇਸ ਗੁੰਝਲਦਾਰ ਸਵਾਲ ਦੇ ਹਾਂ ਪੱਖੀ ਜਵਾਬ ਪ੍ਰਤੀ ਬੜੇ ਆਸਵੰਦ ਨੂਰ ਆਉਂਦੇ ਹਨ ਜਿਨ੍ਹਾਂ ਦਾ ਵਿਚਾਰ ਹੈ, ਇਹ ਸੱਚ ਹੈ ਕਿ ਹਿੰਦੂਵਾਦ ਨੇ ਦਲਿਤ ਬਹੁਜਨ ਸਭਿਅਤਾ ਅਤੇ ਸਭਿਆਚਾਰ ਨੂੰ ਤਬਾਹ ਕਰਨ ਦੀ ਪੂਰੀ ਕੋਸ਼ਿਸ਼ ਕੀਤੀ? ਪਰ ਇਹ ਵੀ ਸੱਚ ਹੈ ਕਿ ਹਿੰਦੂਵਾਦ ਇਸ ਕੰਮ ਵਿਚ ਕਾਮਯਾਬ ਨਹੀਂ ਹੋ ਸਕਿਆ?" (ਮੈਂ ਹਿੰਦੂ ਕਿਉਂ ਨਹੀਂ ਹਾਂ-177) ਉਹਨਾਂ ਦਾ ਭਾਵ ਹੈ ਕਿ ਇਹਨਾਂ ਦੇ ਕਦੇ ਪਰ ਕੱਟੇ ਗਏ ਕਦੇ ਲੱਤਾਂ ਗਿੱਟੇ ਭੰਨੇ ਗਏ ਪਰ ਇਹ ਫਿਰ ਉਠ ਕੇ ਮੰਜ਼ਿਲ ਵਲ ਤੁਰ ਪੈਂਦੇ ਹਨ? ਇਹ ਹਾਲੇ ਤਕ ਸਿਤਮ ਅੱਗੇ ਹਾਰੇ ਨਹੀਂ? ਉਹ ਬਹਾਦਰ ਹੀ ਹੁੰਦੇ ਹਨ ਜਿਨ੍ਹਾਂ ਦੀ ਹਸਤੀ ਲੱਖ ਮਿਟਾਇਆਂ ਵੀ ਮਿਟਦੀ ਨਹੀਂ? ਕੀ ਇਹ ਇਕ ਦਿਨ ਜਾਗਣਗੇ ਨਹੀਂ?

ਪ੍ਰੋ: ਗੁਰਨਾਮ ਸਿੰਘ ਨੇ ਇਤਿਹਾਸ ਦੇ ਤੱਥਾਂ ਤੇ ਮਿਤੀਆਂ ਦੇ ਹਿਸਾਬ ਪੋਟਿਆਂ ਤੇ ਰੱਖਿਆ ਹੋਇਆ ਜਾਪਦਾ ਹੈ? ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਟਕਾ ਟੱਕ ਮਿਤੀਆਂ ਘਟਨਾਵਾਂ ਨਾਲ ਜੁੜਦੀਆਂ ਚਲੀਆਂ ਜਾਂਦੀਆਂ ਹਨ ਤੇ ਕਿਤੇ ਵੀ ਹੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ? ਲੇਖਕ ਨੇ ਪ੍ਰਚਲਤ ਇਤਿਹਾਸ ਦੇ ਅਜਿਹੇ ਤੱਥ ਜੋ ਹਾਕਮ ਜਮਾਤ ਨੇ ਛੁਪਾ ਕੇ ਰੱਖੇ ਜਾਂ ਗਲਤ ਬਿਆਨ ਕੀਤੇ ਉਨ੍ਹਾਂ ਨੇ ਵੀ ਹਵਾਲੇ ਦੇ ਕੇ ਉਘਾੜਿਆ ਅਤੇ ਸੱਚ ਝੂਠ ਨਿਤਾਰਿਆ ਉਦਾਹਰਣ ਦੇ ਤੌਰ ਤੇ ਰਾਣੀ ਝਾਂਸੀ ਦੀ ਥਾਂ ਤੇ ਜੁਲਾਹਿਆਂ ਦੀ ਕੁੜੀ ਝਲਕਾਰੀ ਬਾਈ ਨੇ ਆਪਣੀ ਤਲਵਾਰ ਦੇ ਜੌਹਰ ਵਿਖਾਏ ਤੇ ਪਤੀ ਸਮੇਤ ਲੜ ਮਰੀ?

ਰਾਣੀ ਝਾਂਸੀ ਤਾਂ ਨੇਪਾਲ ਵੱਲ ਭੇਜ ਦਿੱਤੀ ਗਈ ਸੀ? (ਆਜਾਦੀ ਦੀ ਪਹਿਲੀ ਜੰਗ-1857) ਇਸੇ ਤਰ੍ਹਾਂ ਲਾਲਾ ਲਾਜਪਤ ਰਾਏ ਦੇ ਡਾਂਗਾਂ ਪੈਣ ਦੀ ਅਸਲੀਅਤ ਖੋਲ੍ਹਕੇ ਦੱਸੀ ਹੈ? ਜਲ੍ਹਿਆਂਵਾਲੇ ਬਾਗ ਦਾ ਸਾਕਾ ਇਹ ਹੈ ਕਿ ਉਥੇ ਅਛੂਤ ਸਿੱਖ ਇਕੱਠੇ ਹੋਏ ਸਨ ਜੋ ਦੂਜੀ ਸੰਸਾਰ ਜੰਗ ਵਿਚੋਂ ਜੇਤੂ ਹੋ ਕੇ ਮੁੜੇ ਸਨ ਤੇ ਜਦੋਂ ਦਰਬਾਰ ਸਾਹਿਬ ਵਿਚ ਹੁਕਰਾਨਾ ਕਰਨ ਗਏ ਤਾਂ ਉਹਨਾਂ ਨੇ ਮੱਥਾ ਟੇਕਣ ਤੋਂ ਮਨ੍ਹਾਂ ਕਰ ਦਿੱਤਾ ਜਿਸਦੇ ਸਿੱਟੇ ਵਜੋਂ ਉਹ ਵਿਸਾਖੀ ਵਾਲੇ ਦਿਨ ਰੋਸ ਸਭਾ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ? ਇਸੇ ਤਰ੍ਹਾਂ ਬ੍ਰਾਮਣਵਾਦ ਦਾ ਅਸਰ ਧੁਰ ਉੱਪਰ ਤਕ ਕਿਵੇਂ ਹੈ ਇਸਦੀ ਉਦਾਹਰਣ ਵੇਖੋ ਆਸਥਾ ਪਾਠ ਪੂਜਾ, ਭਾਗ----" ਵਿਚ ਲਿਖਿਆ ਹੈ ਕਿ ਪੰਡਤ ਨਹਿਰੂ ਨੇ 15 ਅਗਸਤ ਦੀ ਅੱਧੀ ਰਾਤ ਨੂੰ ਹੋਮ ਯੱਗ ਕਰਕੇ ਗੱਦੀ ਸੰਭਾਲੀ ਤੇ 26 ਜਨਵਰੀ 1950 ਵਿਚ ਸ਼ੂਦਰ ਰਾਸ਼ਟਰਪਤੀ ਨੇ ਹਰਿ ਕੀ ਪੌੜੀ ਤੇ 1100 ਬ੍ਰਾਹਮਣਾਂ ਦੇ ਪੈਰ ਧੋ ਕੇ ਚਰਨਾਮ੍ਰਿਤ ਪੀ ਕੇ ਗੱਦੀ ਸੰਭਾਲੀ? ਇਸੇ ਤਰ੍ਹਾਂ ਮੂਲ ਨਿਵਾਸੀ 500 ਮਰਾਠਿਆਂ ਨੇ 1 ਜਨਵਰੀ 1818 ਵਿਚ ਅੰਗਰੇਜਾਂ ਨਾਲ ਮਿਲਕੇ ਪੇਸ਼ਵਾ ਬ੍ਰਾਹਮਣਾਂ ਦੀ 30 ਹ੍ਜ਼ਾਰ ਸੈਨਾ ਨੂੰ ਕੋਰੇ ਗਾਂਵ ਦੀ ਧਰਤੀ ਤੇ ਢਾਹ ਢੇਰੀ ਕਰ ਦਿੱਤਾ ਸੀ? ਇਸ ਪਿੱਛੇ ਕਹਾਣੀ ਇਹ ਸੀ ਕਿ ਮਰਾਠਿਆਂ ਨੇ ਬ੍ਰਾਹਮਣਾਂ ਨੂੰ ਸਹਾਇਤਾ ਦੇਣ ਦੀ ਪੇਸਕਸ਼ ਕਰਕੇ ਪੁੱਛਿਆ ਸੀ ਕਿ ਜੇ ਉਹ ਉਨ੍ਹਾਂ ਨੂੰ ਜਿਤਾ ਦਿੰਦੇ ਹਨ ਤਾਂ ਕੀ ਇਨਾਮ ਦਿੱਤਾ ਜਾਵੇਗਾ? ਪੇਸ਼ਵਾ ਨੇ ਕਿਹਾ ਕਿ ਜੋ ਮੰਨ ਮਹਾਰਾਜ ਦਾ ਵਿਧਾਨ ਹੈ ਉਸੇ ਅਨੁਸਾਰ ਹੀ ਸਨਮਾਨ ਦਿੱਤਾ ਜਾਵੇਗਾ? ਇਸ ਜਾਤ ਅਭਿਮਾਨੀ ਕਾਰਣ ਨੇ ਹੀ ਮਰਾਠਿਆਂ ਨੂੰ ਅੰਗਰੇਜ਼ਾਂ ਵੱਲ ਕਰ ਦਿੱਤਾ? ਇਸ ਘਟਨਾ ਦਾ ਸੱਚ ਬਾਬਾ ਸਾਹਿਬ ਸਮਝਦੇ ਸਨ ਤੇ ਉਹ ਹਰ ਸਾਲ ਪਹਿਲੀ ਜਨਵਰੀ ਨੂੰ ਉਸ ਥਾਂ ਤੇ ਸ਼ਰਧਾ ਦੇ ਫੁੱਲ ਭੇਂਟ ਕਰਨ ਜ਼ਰੂਰ ਜਾਂਦੇ ਸਨ? ਇਸ ਤਰ੍ਹਾਂ ਦੀ ਅਣਗੌਲੀਆਂ ਘਟਨਾਵਾਂ ਦਾ ਜਿਕਰ ਲੇਖਕ ਉਹਨਾਂ ਨੂੰ ਉਭਾਰਨ ਦੀ ਮਨਸ਼ਾ ਨਾਲ ਵਾਰ ਵਾਰ ਕਰਦਾ ਹੈ ਤਾਂ ਜੋ ਉਹ ਇਤਿਹਾਸ ਦਾ ਹਿੱਸਾ ਬਣਨ ਜਿਨ੍ਹਾਂ ਨੂੰ ਅਜੋਕੇ "ਇਤਿਹਾਸ" ਤੋਂ ਬਾਹਰ ਰਖਿਆ ਗਿਆ?

"ਖੌਲਦਾ ਮਹਾਂਸਾਗਰ-2" ਅਸਲ ਵਿਚ ਉਹਨਾਂ ਲੇਖਾਂ ਦਾ ਸੰਗ੍ਰਹਿ ਹੈ ਜੋ ਲੇਖਕ ਨੇ ਸਮੇਂ ਸਮੇਂ ਤੇ ਸਮਾਜਕ ਕਿਸਮ ਦੀਆਂ ਵਾਪਰੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ ਲਿਖੇ? ਇਸ ਕਰਕੇ ਕਈ ਵਾਰੀ ਵਿਚਾਰਾਂ ਦਾ ਦੁਹਰਾਓ ਹੋਇਆ ਹੈ? ਪਰ ਜਦੋਂ ਅਸੀਂ ਉਸ ਲੇਖ ਨੂੰ ਉਸੇ ਸੰਦਰਭ ਵਿਚ ਪੜ੍ਹਦੇ ਹਾਂ ਜਿਸ ਵਿਚ ਲੇਖਕ ਨੇ ਲਿਖਿਆ ਹੈ ਤਾਂ ਉਹ ਆਪਣੇ ਆਪ ਵਿਚ ਸੰਪੂਰਨ ਜਾਪਦਾ ਹੈ ਤੇ ਦੁਹਰਾਓ ਖਟਕਦਾ ਨਹੀਂ?

ਪੁਸਤਕ ਦੇ ਤਕਨੀਕੀ ਪੱਖ ਤੋਂ ਹੋ ਸਕਦਾ ਹੈ ਇਹ ਕੋਈ ਨੁਕਸ ਹੋਵੇ ਪਰ ਲੇਖਕ ਦਾ ਮੰਤਵ ਤਾਂ ਆਪਣੇ ਸਮਾਜ ਨੂੰ ਵੱਧ ਤੋਂ ਵੱਧ ਸੂਚਨਾ ਦੇਣੀ ਹੈ, ਉਸ ਨੂੰ ਜਾਗ੍ਰਿਤ ਕਰਨਾ ਹੈ ਤੇ ਇਕ ਹਲੂਣਾ ਦੇਣਾ ਹੈ? ਗੱਲ ਤਾਂ ਸਮਝਾਉਣ ਦੀ ਹੈ, ਤਰੀਕਾ ਕੋਈ ਹੋਵੇ? ਲੇਖਕ ਦਾ ਇਹੀ ਤਰੀਕਾ ਸਮਾਜ ਨੂੰ ਪਸੰਦ ਹੈ ਇਸੇ ਲਈ ਪੁਸਤਕ ਛਪਦਿਆਂ ਹੀ ਧੜਾ ਧੜ ਵਿਕ ਜਾਂਦੀ ਹੈ? ਵੱਡੇ ਵੱਡੇ ਵਿਦਵਾਨਾਂ ਦੀ ਵੀ ਲਿਖੀ ਪੁਸਤਕ ਇੰਜ ਵਿਕਦੀ ਨਹੀਂ ਵੇਖੀ? ਇਸ ਲਈ ਇਹ ਕੋਈ ਨੁਕਸ ਨਹੀਂ ਜੋ ਆਮ ਤੌਰ ਤੇ ਲੇਖਕ ਦੀਆਂ ਪੁਸਤਕਾਂ ਵਿਚ "ਵਿਦਵਾਨਾਂ" ਵਲੋਂ ਕੱਢਿਆ ਜਾਂਦਾ ਹੈ?

ਗੁਰਨਾਮ ਸਿੰਘ ਨੇ ਇਤਿਹਾਸ ਨੂੰ ਬੜੇ ਡੂੰਘੇ ਅਤੇ ਨਿਰੱਪਖ ਨਜਰੀਏ ਤੋਂ ਪਰਖਿਆ ਹੈ ਤੇ ਫਿਰ ਉਸ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਹੈ? ਉਸਨੇ ਜਿਥੇ ਬ੍ਰਾਹਮਣਵਾਦ ਦੇ ਨੁਕਸਾਂ ਅਤੇ ਉਨ੍ਹਾਂ ਤੋਂ ਹੋਣ ਵਾਲੇ ਸਮਾਜ ਦੇ ਨੁਕਸਾਨ ਦਾ ਜਿਕਰ ਕੀਤਾ ਉਥੇ ਉਸਨੇ ਆਪਣੇ ਮੂਲ ਨਿਵਾਸੀਆਂ ਦੀਆਂ ਗਲਤੀਆਂ ਨੂੰ ਵੀ ਨਿਰਪੱਖਤਾ ਨਾਲ ਉਜਾਗਰ ਕੀਤਾ? ਉਸਦਾ ਕਹਿਣਾ ਹੈ ਕਿ ਮੂਲ ਨਿਵਾਸੀ ਆਪਣਿਆਂ ਨਾਲ ਗਦਾਰੀ ਕਰਕੇ ਆਰੀਅਨ ਨਾਲ ਬਾਰ ਬਾਰ ਮਿਲਦੇ ਰਹੇ ਜਿਸ ਕਰਕੇ ਮੂਲ ਨਿਵਾਸੀਆਂ ਨਾਲ ਜਿਥੇ ਸਮੇਂ ਨੇ ਬੇਵੋਾਈ ਕੀਤੀ ਉਥੇ ਉਹ ਆਪਣੀਆਂ ਦੁਸ਼ਵਾਰੀਆਂ ਦੇ ਆਪ ਵੀ ਜ਼ਿੰਮੇਵਾਰ ਬਣੇ? ਇਹੀ ਕੁਝ ਪਹਿਲਾਂ ਅਤੀਤ ਵਿਚ ਵਾਪਰਦਾ ਰਿਹਾ ਤੇ ਇਹੀ ਕੁਝ ਅੱਜ ਵਰਤਮਾਨ ਵਿਚ ਵੀ ਵਾਪਰ ਰਿਹਾ ਹੈ? ਲੇਖਕ ਦੀ ਇਸ ਗੱਲ ਵਿਚ ਕੁਝ ਹੱਦ ਤਕ ਵਜਨ ਹੈ? ਜੇ ਮੂਲ-ਨਿਵਾਸੀ ਆਪਣੀ ਏਕਤਾ ਕਾਇਮ ਰੱਖਦੇ ਤਾਂ ਵਰਣ ਵਿਵਸਥਾ ਸਾਇਦ ਕਾਇਮ ਹੀ ਨਾ ਹੁੰਦੀ? ਇਹ ਟੁੱਟ ਕੇ ਆਪਣੇ ਵਿਰੋਧੀਆਂ ਨਾਲ ਜਾ ਮਿਲਦੇ ਰਹੇ ਤੇ ਚਾਪਲੂਸੀ ਕਰਕੇ ਰੁਤਬੇ ਤੇ ਦਰਜੇ ਪਾਉਂਦੇ ਰਹੇ ਜਿਸਦੇ ਨਤੀਜੇ ਵਜੋਂ ਨਵੀਂ ਜਮਾਤ, ਜਾਤ ਹੋਂਦ ਵਿਚ ਆਉਂਦੀ ਰਹੀ? ਤੇ ਅੱਜ ਵੀ ਇਹ ਉਹੀ ਖੇਡ ਖੇਡਦਾ ਜਾ ਰਿਹਾ ਹੈ? ਰਾਵਣ ਬਹਾਦਰ ਮੂਲਨਿਵਾਸੀ ਹਰਾਉਣਾ ਸੰਭਵ ਨਹੀਂ ਸੀ ਜੇ ਉਸਦਾ ਹੀ ਭਰਾ ਭਵਿੱਖਣ ਗਦਾਰੀ ਨਾ ਕਰਦਾ, ਅਤੇ ਨਾ ਹੀ ਮੂਲ ਨਿਵਾਸੀ ਹਸ਼ਮਾਨ ਵਿਰੋਧੀ ਧੜੇ ਵਿਚ ਜਾ ਖੜ੍ਹਦਾ? ਅੱਜ ਵੀ ਇਹ ਜੇ ਮੂਲ ਨਿਵਾਸੀਆਂ ਦੀ ਪਛਾਣ ਕਰਕੇ ਵਿਰੋਧੀ ਖੇਮੇ ਨੂੰ ਤਿਆਗ ਦੇਵੇ ਤਾਂ ਇਹ ਆਪਣੇ ਦੁੱਖਾਂ ਦਾ ਅੰਤ ਬਹੁਤ ਜਲਦੀ ਕਰ ਸਕਦਾ ਹੈ? ਪਰ ਇਹ ਅੱਜ ਵੀ ਆਪਣਿਆਂ ਨੂੰ ਨਾ ਪਛਾਣ ਕੇ ਵਿਰੋਧੀਆਂ ਦੀ ਚਮਚਾਗਿਰੀ ਕਰਕੇ ਆਪਣਾ ਅਤੇ ਆਪਣੇ ਮੂਲ ਨਿਵਾਸੀਆਂ ਦੀ ਤਬਾਹੀ ਦਾ ਕਾਰਣ ਬਣ ਰਿਹਾ ਹੈ? "ਸ਼ੂਦਰਾਂ ਦੀ ਗੁਲਾਮੀ ਦਾ ਕਾਰਣ ਸ਼ੂਦਰ" ਚੈਪਟਰ ਵਿਚ ਲੇਖਕ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਆਪਣੀ ਇਹ ਗਲ ਸਾਬਤ ਕਰਦਾ ਹੈ?



**- ਫਤਿਹਜੰਗ ਸਿੰਘ**
**9872670278**

ਸਭ ਤੋਂ ਪਹਿਲਾਂ ਬੁੱਧ ਮੱਤ ਨੇ ਮਨੁੱਖਾਂ ਵਲੋਂ ਮਨੁੱਖਾਂ ਨਾਲ ਕੀਤੀ ਜਾ ਰਹੀ ਇਸ ਲੁੱਟ ਖਸੁੱਟ ਦਾ ਖੁਲਾਸਾ ਕੀਤਾ ਅਤੇ ਇਸ ਵਿਰੁੱਧ ਆਵਾਜ ਬੁਲੰਦ ਕੀਤੀ? ਬੁੱਧ ਦੀਆਂ ਲੋਕਪੱਖੀ ਸਿਧ-ਪੱਧਰੀਆਂ ਗੱਲਾਂ ਨਾਲ ਲੋਕਾਂ ਨੂੰ ਇਕ ਦਮ ਸਮਝ ਪੈਂਦੀ ਸੀ ਤੇ ਧਰਵਾਸ ਮਿਲਦੀ ਸੀ? ਇਸ ਲਈ ਬੁੱਧ ਮੱਤ ਬਹੁਤ ਤੇਜੀ ਨਾਲ ਦੂਰ ਦੂਰ ਤਕ ਫੈਲਿਆ? ਅਸ਼ੋਕ ਦੇ ਵੇਲੇ ਤਾਂ ਇਹ ਰਾਜ ਧਰਮ ਵੀ ਬਣ ਗਿਆ ਸੀ? ਅਸ਼ੋਕ ਦੇ ਪੋਤਰੇ ਬਹਿਦਰਥ ਦੇ ਬ੍ਰਾਹਮਣ ਸੈਨਾਪਤੀ ਪੁਸਿਆਮਿਤੱਰ ਵਲੋਂ ਕਤਲ ਕਰ ਦਿੱਤੇ ਜਾਣ ਤਕ ਚੌਦਾਂ ਸਦੀਆਂ ਬੁੱਧ ਮੱਤ ਦੀ ਖੂਬ ਚੜ੍ਹਾਈ ਰਹੀ? ਬੁਧ ਮੱਤ ਦੀ ਚੜ੍ਹਦੀ ਤੇ ਢਹਿੰਦੀ ਕਲਾ ਦਾ ਜਿਕਰ ਚੀਨੀ ਯਾਤਰੀ ਹਿਊਨਸਾਂਗ ਅਤੇ ਾਹੀਯਾਨ ਨੇ ਵੀ ਬੜੇ ਵਿਸਥਾਰ ਨਾਲ ਕੀਤਾ ਹੈ? "ਹਿੰਦੂ ਸਾਮਰਾਜ ਦਾ ਇਤਿਹਾਸ" ਵਿਚ ਲੇਖਕ ਲਿਖਦਾ ਹੈ ਪੰਜਵੀ ਸਦੀ ਦੀ ਸ਼ੁਰੂਆਤ ਵਿਚ ਫਾਹੀਯਾਨ ਨਾਂ ਦੇ ਇਕ ਪ੍ਰਸਿਧ ਚੀਨੀ ਯਾਤਰੀ ਨੇ ਭਾਰਤ ਦੀ ਯਾਤਰਾ ਕੀਤੀ ਅਤੇ ਉਸਨੇ ਪਾਇਆ ਕਿ ਬੁੱਧ ਧਰਮ ਭਾਰਤ ਦੇ ਹਰ ਪਾਸੇ ਲਹਿਰਾ ਰਿਹਾ ਸੀ ਅਤੇ ਉੱਚਾਈਆਂ ਛੂਹ ਰਿਹਾ ਸੀ?

ਮੁਲਕ ਵਿਚ ਸੈਂਕੜੇ ਬੋਧ ਸੰਘ (ਮੱਠ) ਸਨ ਜਿਨ੍ਹਾਂ ਵਿਚੋਂ ਹਜਾਰਾਂ ਹੀ ਬੋਧ ਭਿਕਸ਼ੂ ਬੁੱਧ ਦੇ ਨਿਯਮਾਂ ਦਾ ਪ੍ਰਚਾਰ ਕਰ ਰਹੇ ਸਨ, ਫੈਲਾਅ ਰਹੇ ਸਨ?

ਲੋਕ ਖ਼ੁਸ਼ਹਾਲ ਸਨ ਅਤੇ ਬਿਨਾਂ ਕਿਸੇ ਦੋਤਰੀ ਰੁਕਾਵਟ ਤੋਂ ਸਨ ਅਤੇ ਬਿਨਾਂ ਭਾਰੀ ਕਰਾਂ ਤੋਂ ਸਨ? ਰਾਜ ਵਿਚ ਕਿਸੇ ਨੂੰ ਵੀ ਸਰੀਰਕ ਸਜਾ ਨਹੀਂ ਸੀ ਦਿੱਤੀ ਜਾਂਦੀ, ਬਲਕਿ ਜੁਰਮ ਦੇ ਪੈਮਾਨੇ ਅਨੁਸਾਰ ਹੀ ਮੁਜਰਿਮਾਂ ਲਈ ਜੁਰਮਾਨੇ ਦੀ ਵਿਵਸਥਾ ਸੀ?

ਸਾਰੇ ਮੁਲਕ ਟਿਚ ਲੋਕ ਕਿਸੇ ਜਿਊਂਦੇ ਜੀਵ ਨੂੰ ਨਹੀਂ ਮਾਰਦੇ ਸਨ ਅਤੇ ਨਾ ਹੀ ਸਰਾਬ ਪੀਂਦੇ ਸਨ? ਬਜਾਰਾਂ ਵਿਚ ਨਾ ਕਸਾਈਆਂ ਦੀਆਂ ਦੁਕਾਨਾਂ ਸਨ ਅਤੇ ਨਾ ਹੀ ਸਰਾਬ ਦੀਆਂ ਦੁਕਾਨਾਂ ਸਨ?" (133) ਕਿੰਨਾ ਵਧੀਆ ਸਮਾਂ ਸੀ ਇਹ ਖ਼ੁਸ਼ਹਾਲ ਸਮਾਜ ਵਾਲਾ!

ਲੇਖਕ ਨੇ ਬੁਧਮੱਤ ਨਾਲ ਸਬੰਧਤ ਚਾਰ ਲੇਖ ਹੱਥਲੀ ਕਿਤਾਬ ਵਿਚ ਦਿੱਤੇ ਹਨ ਜਿਨ੍ਹਾਂ ਵਿਚ ਬੁੱਧ ਮੱਤ ਦੇ ਸ਼ੁਰੂਆਤ ਤੋਂ ਲੈ ਕੇ ਅਜੀਬ ਤਕ ਵਿਸਥਾਰ ਪੂਰਵਕ ਵਡਮੁੱਲੀ ਜਾਣਕਾਰੀ ਦਿੱਤੀ ਹੈ? ਅੱਜ ਬੁੱਧ ਮੱਤ ਦੀ ਪੁਨਰ ਸੁਰਜੀਤੀ ਹੋ ਰਹੀ ਹੈ ਪਰ ਬੁੱਧ ਮੱਤ ਵਿਚ ਤੇ ਬ੍ਰਾਹਮਣਵਾਦ ਵਿਚ ਵਖਰੇਵਾਂ ਕਰਨਾ ਅਸੰਭਵ ਹੋਇਆ ਪਿਆ ਹੈ?

ਬਾਬਾ ਸਾਹਿਬ ਨੇ ਬੁੱਧ ਮੱਤ ਵਿਚੋਂ ਫਾਲਤੂ ਜਮ੍ਹਾਂ ਕੀਤਾ ਰਲੇਵਾਂ ਵੱਖ ਕਰਨ ਲਈ ਖੋਜ ਕਰਕੇ "ਬੁੱਧ ਅਤੇ ਉਸਦਾ ਧੰਮ" ਪੁਸਤਕ ਲਿਖੀ ਜਿਸਦੀ ਮਦਦ ਨਾਲ ਅਸੀਂ ਅਸਲ ਬੁੱਧ ਮੱਤ ਨੂੰ ਲੱਭ ਸਕਦੇ ਹਾਂ ਜੋ ਬਿਲਕੁਲ ਵਿਗਿਆਨਕ ਸੋਚ ਅਤੇ ਮਨੁੱਖੀ ਹਿੱਤਾਂ ਦੀ ਪੱਧਰ ਤੇ ਲਿਖੀ ਗਈ ਹੈ? ਬੁੱਧ ਦਾ ਆਪਣਾ ਕਥਨ ਹੈ ਕਿ ਕਿਸੇ ਵਿਚਾਰ ਜਾਂ ਸਿਧਾਂਤ ਨੂੰ ਇਸ ਕਰਕੇ ਹੀ ਨਾਂ ਮੰਨ ਲਓ ਕਿ ਉਹ ਕਿਸੇ ਮਹਾਂਪੁਰਖ ਨੇ ਪੇਸ਼ ਕੀਤਾ ਹੈ ਜਾਂ ਕਿਸੇ ਗਰੰਥ ਵਿਚ ਦਰਜ ਹੈ?

ਸਗੋਂ ਉਸ ਨੂੰ ਬੁੱਧੀ ਦੀ ਕਸਵੱਟੀ ਤੇ ਪਰਖੋ ਅਤੇ ਜੇ ਸਹੀ ਲੱਗੇ ਤਾਂ ਹੀ ਅਪਣਾਓ? ਗੁਰਨਾਮ ਸਿੰਘ ਨੇ ਵੀ ਇਸ ਪੁਸਤਕ ਵਿਚਲੇ ਲੇਖ "ਬੁੱਧ ਬਣੀਏ ਜਾਂ ਬੋਧੀ" ਵਿਚ ਜੋਰ ਦਿੱਤਾ ਹੈ ਕਿ ਇਕੱਲੇ ਬੁਧ ਮੱਤ ਅਪਨਾਉਣ ਦਾ ਕੋਈ ਲਾਭ ਨਹੀਂ ਜਦੋਂ ਤਕ ਬੁੱਧੀ ਦਾ ਵਿਕਾਸ ਕਰਕੇ ਅਸੀਂ ਬੁਧੀਵਾਨ ਨਹੀਂ ਬਣਦੇ?

ਬੁੱਧ ਧਰਮ ਸ਼ ਲੇਖਕ ਇੰਜ ਸਮਝਦਾ ਹੈ? ਗੌਤਮ ਜਦੋਂ ਬੁੱਧ ਹੋਏ ਤਾਂ ਉਹਨਾਂ ਨੇ ਕਿਹਾ ਕਿ ਪੁਨਰ- ਜਨਮ, ਮੁਕਤੀ, ਗਤੀ, ਆਤਮਾ, ਪ੍ਰਮਾਤਮਾ, ਜੂਨੀ ਚੱਕਰ, ਨਰਕ, ਸੁਰਗ, ਸਭ ਬੇ ਆਧਾਰ ਅਤੇ ਅਪ੍ਰਕਿਰਤਿਕ ਗੱਲਾਂ ਹਨ ਜਿਨ੍ਹਾਂ ਦਾ ਕੋਈ ਸੱਚ ਆਧਾਰ ਨਹੀਂ ਹੈ? ਕੋਈ ਸ਼ੂਦਰ ਜਾਂ ਬ੍ਰਾਹਮਣ ਨਹੀਂ ਹੈ?

(ਚਲਦਾ)

# ਕਾਵਿ ਕਿਆਰੀ

ਕਾਵਿ ਕਿਆਰੀ

## ਬੀਤੇ ਸਾਲ ਦੀ ਪੂਰਬ ਸੰਧਿਆ

ਕਤਰਾ ਕਤਰਾ ਕਿਰ ਗਿਆ
ਇਕ ਹੋਰ ਸਾਲ
ਹੋਰ ਲੰਬੀ ਕਰ ਗਿਆ
ਦੁੱਖਾਂ ਦੀ ਪਾਲ਼
ਹਰ ਪੜਾਅ ਹਰ ਸਫ਼ਰ ਤੇ
ਸ਼ਹਿ ਲਾ ਕੇ ਮਿਲੀਆਂ ਸਾਜ਼ਿਸ਼ਾਂ
ਹੋਰ ਪੀਡੇ ਹੋ ਗਏ
ਦੁੱਖਾਂ ਦੇ ਜਾਲ੍ਹ
ਸਬਰ ਸੀ ਜਾਂ ਕਹਾ ਇਸਨੂੰ ਬੁਜ਼ਦਿਲੀ
ਪਰ ਨਾ ਕੋਈ ਆਇਆ ਉਬਾਲ੍ਹ।

ਰੀਝ ਦੇ ਅਸਮਾਨ ਤੋਂ
ਟੁੱਟਦੇ ਰਹੇ ਨਿੱਤ ਤਾਰੇ
ਉਮਰ ਦੀਆਂ ਗੁੰਝਲਾਂ ਨਾਲ
ਉਲਝਦੇ ਥੱਕੇ ਤੇ ਹਾਰੇ
ਹੋਂਦ ਜਿਉਂ ਰੰਗਲੇ ਗੁਬਾਰੇ
ਜਿਨ੍ਹਾਂ ਨੂੰ ਨਾ ਧਰਤ ਝੱਲੇ
ਨਾ ਕਿਤੇ ਅੰਬਰ ਸਹਾਰੇ
ਇਕ ਤੋਂ ਦੂਜੇ ਦੁਆਰੇ।

ਇਸ ਵਰ੍ਹੇ ਵੀ
ਬੇਹਿਸਾਬ- ਮਣਾਂ-ਮੂੰਹੀਂ
ਅੰਨ ਦੀ ਥਾਂ
ਮੰਡੀਆਂ 'ਚ ਵਿਕਿਆ ਬਰੂਦ
ਘਰ-ਘਰ ਵਿਚ ਗੜ੍ਹੇਮਾਰੀ
ਦਰ-ਦਰ ਹੋਇਆ ਖਰੂਦ
ਤੂੰਬਾ-ਤੂੰਬਾ ਤਰਸਦਾ ਸੁੱਖ ਚੈਨ ਨੂੰ

ਝੰਬਿਆ ਤੇ ਟੁੱਟਿਆ ਫਿਰਦਾ ਵਜੂਦ
ਭੁੱਲਿਆ ਤੇ ਭਟਕਿਆ ਆਪਣੀ ਹਦੂਦ

ਲੰਘ ਗਿਆ ਇਕ ਵਰ੍ਹਾ ਹੋਰ
ਸਾਡਿਆਂ ਸਾਹਾਂ ਦਾ ਚੋਰ
ਪੁੜ ਗਿਆ ਇਕ ਹੋਰ ਕੰਡਾ
ਜੁੜ ਗਿਆ ਇਕ ਜ਼ਖਮ ਹੋਰ
ਰਿਸਦਾ ਡੂੰਘਾ ਮਘੋਰ।

## ਮਦਨ ਵੀਰਾ ਦੀਆਂ ਦੋ ਰਚਨਾਵਾਂ







ਮਦਨ ਵੀਰਾ
91-94176-83769

'ਖਾਰਾ ਪਾਣੀ' ਦੀਆਂ ਕਵਿਤਾਵਾਂ 'ਚ ਮਦਨ ਵੀਰਾ ਦਾ ਕਾਵਿ-ਸਫਰ ਨਿਰੰਤਰ ਪ੍ਰਵਾਹਮਾਨ ਵੀ ਹੈ ਅਤੇ ਕਵਿਤਾ ਦੀ ਸਿਰਜਣਾ ਦੀਆਂ ਨਵੀਆਂ ਕਾਵਿ-ਜੁਗਤਾਂ ਦੀ ਤਲਾਸ਼ 'ਚ ਵੀ ਹੈ। ਉਹ ਆਪਣੀ ਕਵਿਤਾ ਲਈ, ਆਪਣੀ ਕਵਿਤਾ ਦੀ ਵਿਰਤੀ ਅਨੁਸਾਰ ਆਪਣੇ ਵਿਲੱਖਣ ਸੁਹਜ-ਸ਼ਾਸਤਰ ਦਾ ਐਲਾਨ ਵੀ ਕਈ ਵਾਰ ਕਰਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਉਸ ਨੇ ਆਪਣੀ ਕਵਿਤਾ ਲਈ ਆਪਣਾ ਵੱਖਰਾ ਤੇ ਵਿਲੱਖਣ ਸੁਹਜ-ਸ਼ਾਸਤਰ ਸਿਰਜ ਕੇ ਆਪਣੀ ਪਛਾਣ ਸਥਾਪਤ ਕੀਤੀ। ਪਰ ਕਿਉਂਕਿ ਕਿਸੇ ਕਵੀ ਦੀ ਸਿਰਜਣਾ ਦੇ ਸੁਹਜ-ਸ਼ਾਸਤਰੀ ਆਧਾਰ ਅਤੇ ਮਾਧਿਅਮ ਕੋਈ ਸੂਤਰ ਨਹੀਂ ਜਿਹੜੇ ਉਸਨੇ ਕਵਿਤਾ 'ਤੇ ਆਰੋਪਿਤ ਕਰਨੇ ਹੁੰਦੇ ਹਨ। ਕਵਿਤਾ ਤਾਂ ਜ਼ਿੰਦਗੀ 'ਚੋਂ ਸਿਰਜਿਤ ਹੁੰਦੀ ਹੈ, ਜੀਵਨ ਸਥਿਰ ਨਹੀਂ ਤਾਂ ਕਵਿਤਾ ਦੇ ਸੁਹਜ-ਸ਼ਾਸਤਰ ਨੇ ਵੀ ਬਦਲਦੇ ਰਹਿਣਾ ਹੈ। ਇਹ ਬਦਲਦੇ ਰਹਿਣਾ ਹੀ ਸਿਰਜਕ ਦਾ ਵਿਕਾਸ ਹੈ। 'ਖਾਰਾ ਪਾਣੀ' ਦੇ ਨਿਰੰਤਰ ਕਾਵਿ-ਸਫਰ ਰਾਹੀਂ ਮਦਨ ਵੀਰਾ ਨੇ ਨਿਰੰਤਰ ਵਿਕਾਸ ਕੀਤਾ ਹੈ। ਸਮਕਾਲੀ ਦਲਿਤ ਕਵਿਤਾ ਵਿਚ ਮਦਨ ਵੀਰਾ ਦਾ ਕਵਿ-ਪ੍ਰਵਚਨ ਵਿਲੱਖਣ ਹੀ ਨਹੀਂ ਮੁੱਲਵਾਨ ਵੀ ਹੈ। ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਦੀ ਉਸਨੂੰ ਰਾਜਨੀਤਿਕ/ ਦਾਰਸ਼ਨਿਕ ਸੂਝ ਹੈ ਅਤੇ ਇਸ ਸੂਝ ਨੂੰ ਕਵਿਤਾ ਦੀ ਭਾਸ਼ਾ 'ਚ ਢਾਲਣ ਦੀ ਕਾਵਿ-ਪ੍ਰਤਿਭਾ ਵੀ ਮੌਜੂਦ ਹੈ। ਕਿਸੇ ਸਿਰਜਕ ਵਿਚ ਅਜਿਹਾ ਸੁਮੇਲ ਹਮੇਸ਼ਾ ਹੀ ਉਸਦੇ ਸੁਨਹਿਰੀ ਭਵਿੱਖ ਦਾ ਜ਼ਾਮਨ ਬਣਦਾ ਹੈ। ਮਦਨ ਵੀਰਾ ਤੋਂ ਮੈਨੂੰ ਇਹ ਹੀ ਤਵੱਕੋਂ ਹੈ।

- ਡਾ. ਯੋਗਰਾਜ

## ਚੜ੍ਹਦਿਆ ਸੁੱਖ ਦਾ ਚੜ੍ਹੀ

ਚੜ੍ਹਦਿਆਂ- ਸੁੱਖ ਦਾ ਚੜ੍ਹੀ।
ਕਾਸ਼! ਸੁਲਝੇ ਤੰਦ ਉਲਝੀ
ਟੁੱਟ ਜਾਏ ਦੁੱਖ ਦੀ ਪੀਡੀ ਕੜ੍ਹੀ
ਮੁੜ ਮੌਲ ਪੈਣ ਸੜ੍ਹੇ-ਝੁਲਸੇ
ਸਬਜ਼ਰੰਗੀ ਸ਼ਾਖ ਹੈ ਜੋ ਭੂਕ-ਪੀਲੀ
ਹੋ ਜਾਏ ਸਾਵੀ ਹਰੀ।
ਚੜ੍ਹਦਿਆ ਸੁੱਖ ਦਾ ਚੜ੍ਹੀ

ਭਟਕਿਆਂ ਨੂੰ ਰਾਹ
ਦਲਾਸਾ ਥੱਕਿਆਂ ਨੂੰ
ਸਿਰ ਢਕਣ ਲਈ ਥਾਂ
ਘਰੋਂ ਦਰੋਂ ਧੱਕਿਆਂ ਨੂੰ
ਘੜੀ ਤਾਂ ਮਿਲੇ ਸਕੂਨ ਅੱਕਿਆਂ ਨੂੰ
ਸੱਖਣੇ ਨੈਣਾਂ 'ਚ ਫਿਰ ਸੁਪਨੇ ਭਰੀ
ਚੜ੍ਹਦਿਆ ਸੁੱਖ ਦਾ ਚੜ੍ਹੀ।

ਆਲ੍ਹਣੇ ਵਿਚ ਪਰਤ ਆਵਣ
ਫਿਰ ਪਰਿੰਦੇ
ਖੁੱਲ੍ਹ ਜਾਣ ਬਾਡਰ
ਟੁੱਟਣ ਕੜੀਆਂ ਤੇ ਜਿੰਦੇ
ਰਿਜ਼ਕ ਸਿਰ ਹੋ ਜਾਣ ਕਾਮਗਰ-ਕਰਿੰਦੇ
ਗਲਵਕੜੀਆਂ ਦੀ ਕੱਸ ਢਿੱਲੀ ਨਾ ਪਵੇ
ਮਣਕਾ-ਮਣਕਾ ਜੁੜ ਜਾਣ ਸਾਰੇ ਬਾਸ਼ਿੰਦੇ
ਬਣੀਂ ਤਾਂ ਠੋਹਣੀ ਬਣੀਂ
ਬੇੜੀ ਬਣੀਂ
ਜਾਂ ਬਣੀਂ ਟੁੱਟੇ ਪੁਲਾਂ ਲਈ
ਤੂੰ ਕੜੀ
ਚੜ੍ਹਦਿਆ ਸੁੱਖ ਦਾ ਚੜ੍ਹੀ।

ਚਾਨਣੀ ਦੀ ਭਾਅ-ਕੱਚੇ ਬਨ੍ਹੇਰਿਆਂ ਲਈ
ਲੱਪ-ਲੱਪ ਦਈ ਲੋਅ ਹਨ੍ਹੇਰੇ ਵਿਹੜਿਆਂ
ਲਈ
ਚੱਪਾ ਚੱਪਾ ਚਾਅ- ਥੱਕੇ ਘਨ੍ਹੇੜਿਆਂ ਲਈ
ਬਚੇ ਨਾ ਕੋਈ ਥਾਂ- ਰੋਸੇ ਝੇੜਿਆਂ ਲਈ
ਸਖੀ ਦਿਲ ਦਰਵੇਸ਼ ਹੋ ਸਿਰ ਹੱਥ ਧਰੀਂ
ਚੜ੍ਹਦਿਆ ਸੁੱਖ ਦਾ ਚੜ੍ਹੀ....।

## ਸਵੈ-ਰੁਜ਼ਗਾਰ ਦਾ ਸਾਧਨ!

ਤਰਲੋਚਨ ਸਿੰਘ 'ਦੁਪਾਲਪੁਰ
001-408-915-1268



ਫੰਡ 'ਕੱਠਾ ਕਰਨੇ ਲਈ ਸੰਸਥਾ ਬਣਾ ਲੈ ਕੋਈ
ਵਿਰਸੇ ਦੀ 'ਸੇਵਾ' ਵਾਲਾ ਫੱਟਾ ਲਟਕਾਈ ਜਾਹ।
ਚਾਚੇ, ਤਾਏ, ਮਾਮੇ, ਸਾਲੇ ਫਿੱਟ ਕਰ ਇਹਦੇ ਵਿਚ
'ਕੌਲੀ-ਚੱਟ' ਮੈਂਬਰਾਂ ਦੀ ਗਿਣਤੀ ਵਧਾਈ ਜਾਹ
'ਨਸ਼ਾ-ਖੋਰੀ ਰੋਗ ਨੇ ਪੰਜਾਬ ਬਰਬਾਦ ਕੀਤਾ!'
ਚਿੰਤਾ ਵਾਲੀ ਰਾਗਣੀ ਗਾ ਲੋਕਾਂ ਨੂੰ ਸੁਣਾਈ ਜਾਹ
ਰਿਸ਼ਵਤ-ਖੋਰੀ ਕਾਲੇ ਧਨ ਦੇ ਵਿਰੋਧ ਵਾਲਾ
ਟਾਂਵਾ-ਟਾਂਵਾ ਬਿਆਨ ਅਖ਼ਬਾਰਾਂ 'ਚ ਛਪਾਈ ਜਾਹ
ਗਾਉਣ ਵਾਲਿਆਂ ਦੀ ਹੇੜ੍ਹ ਸੱਦੀ
ਜਾਈਂ ਮੇਲਿਆਂ 'ਚ
ਲੋਈਆਂ ਗਲ਼ਾਂ ਵਿਚ ਨਾਲ਼ੇ ਪਾਈ ਤੇ
ਪੁਆਈ ਜਾਹ
ਖਾਈ ਜਾਹ ਗ੍ਰਾਂਟਾਂ ਸਰਕਾਰ ਨਾਲ ਯਾਰੀ ਪਾ ਕੇ
ਕੋਠੀਆਂ ਤੇ ਕਾਰਾਂ ਜਾਇਦਾਦ ਤੂੰ ਬਣਾਈ ਜਾਹ1

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ) ਵੱਲੋਂ ਪੁਸਤਕ ਲੋਕ-ਅਰਪਣ ਤੇ ਚਰਚਾ

ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਡਾ. ਰਵਿੰਦਰ ਕੌਰ ਦੀ ਪੁਸਤਕ 'ਪੰਜਾਬੀ ਲੋਕ ਸਾਹਿਤ ਅਧਿਐਨ: ਆਲੋਚਨਾਤਮਕ ਵਿਸ਼ਲੇਸ਼ਣ' ਲੋਕ- ਅਰਪਣ ਅਤੇ ਚਰਚਾ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕੀਤੀ। ਪੁਸਤਕ ਤੇ ਪਹਿਲਾ ਪਰਚਾ ਪੇਸ਼ ਕਰਦਿਆਂ ਮਦ-ਨਵੀਰਾ ਨੇ ਕਿਹਾ ਕਿ ਪੰਜਾਬੀ ਲੋਕ ਸਾਹਿਤ ਵਿਚ ਮੈਟਾ ਆਲੋਚਨਾ ਦੀ ਪੇਸ਼ਕਾਰੀ ਕਰਨ ਵਾਲੀ ਇਹ ਉਚ ਪਾਏ ਦੀ ਪੁਸਤਕ ਹੈ। ਇਸ ਵਿਚ ਲੋਕਧਾਰਾ ਦੇ ਹੁਣ ਤੱਕ ਹੋਏ ਕੰਮ ਉਤੇ ਨਜ਼ਰਸਾਨੀ ਕੀਤੀ ਗਈ ਹੈ। ਦੂਜਾ ਪਰਚਾ ਪੜ੍ਹਦਿਆਂ ਡਾ. ਜਸਵੰਤ ਰਾਏ ਨੇ ਕਿਹਾ ਕਿ ਪੰਜਾਬੀ ਲੋਕ ਧਾਰਾ ਦੇ ਵੱਖ ਵੱਖ-ਵੱਖ ਰੂਪਾਂ ਦਾ ਅਧਿਐਨ ਕਰਦਿਆਂ ਡਾ. ਰਵਿੰਦਰ ਕੌਰ ਨੇ ਸਿਧਾਂਤਕ ਤੌਰ ਤੇ ਪੂਰੀ ਇਮਾਨ ਦਾਰੀ ਨਾਲ ਆਲੋਚਕਾਂ ਦੇ ਕੰਮਾਂ ਦੀ ਪੜਚੋਲ ਕੀਤੀ ਹੈ ਅਤੇ ਜਿੱਥੇ ਕਿਤੇ ਲੋਕ-ਸਾਹਿਤ ਆਲੋਚਕਾਂ ਦੇ ਕੰਮ ਵਿਚ ਊਣਤਾਈ ਨਜ਼ਰ ਆਈ ਹੈ, ਉਥੇ ਬੇਝਿਜਕ ਹੋ ਕੇ ਆਪਣੀ ਰਾਇ ਪੇਸ਼ ਕੀਤੀ ਹੈ। ਸਮਾਗਮ ਵਿਚ ਹਾਜ਼ਰ ਵੱਖ-ਵੱਖ ਵਿਦਵਾਨਾਂ ਨੇ ਵੀ ਪੁਸਤਕ ਦੀ ਚਰਚਾ ਵਿਚ ਹਿੱਸਾ ਲਿਆ ਤੇ ਆਪਣੀਆਂ ਟਿੱਪਣੀਆਂ ਪੇਸ਼ ਕੀਤੀਆਂ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਕਰਮਜੀਤ ਸਿੰਘ ਨੇ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਇ ਪੁਸਤਕ ਦੀ ਲੋਕਧਾਰਾ ਤੇ ਕੰਮ ਕਰਨ ਵਾਲੇ ਖੋਜਾਰਥੀਆਂ ਲਈ ਬਹੁਤ ਉਪਯੋਗੀ ਹੋਵੇਗੀ ਅਤੇ ਇਕ ਸਾਰਥਕ ਦਿਸ਼ਾ ਨਿਰਧਾਰਿਤ ਕਰੇਗੀ। ਡਾ. ਰਵਿੰਦਰ ਕੌਰ ਨੇ ਵੀ ਚਰਚਾ ਸਮੇਂ ਵਿਦਵਾਨਾਂ ਦੁਆਰਾ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ।



ਸਮਾਗਮ ਦੇ ਦੂਸਰੇ ਸੈਸ਼ਨ ਵਿਚ ਕਵੀ ਦਰਬਾਰ ਕਰਵਾਇਆ ਗਿਆ। ਕਵੀ ਦਰਬਾਰ ਵਿਚ ਸ਼ਾਇਰ ਮਦਨਵੀਰਾ, ਜਸਬੀਰ ਸਿੰਘ ਧੀਮਾਨ, ਕੁਲਤਾਰ ਸਿੰਘ ਕੁਲਤਾਰ, ਸੁਰਿੰਦਰ ਸਿੰਘ ਕੰਗਵੀ, ਸਤੀਸ਼ ਕੁਮਾਰ, ਹਰਵਿੰਦਰ ਸਾਬੀ। ਡਾ. ਸੁਖਦੇਵ ਸਿੰਘ ਢਿੱਲੋਂ, ਸੁਰਿੰਦਰ ਸੱਲਣ, ਯੋਧਾ ਮੱਲ, ਨੀਤੂ ਰਾਣੀ, ਬਬੀਤਾ ਰਾਣੀ ਅਤੇ ਸ਼ਿਫਾਲੀ ਨੇ ਹਾਜ਼ਰੀ ਲਗਵਾਈ। ਸਭਾ ਦੇ ਮੀਤ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਆਏ ਹੋਏ ਵਿਦਵਾਨਾਂ ਲਈ ਧੰਨਵਾਦੀ ਸ਼ਬਦ ਆਖੇ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਚਲਾਈ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਕਰਵਾਇਆ ਗਿਆ ਸਾਹਿਤਕ ਸਮਾਗਮ ਸ਼ਾਨਦਾਰ ਸਫਲਤਾਪੂਰਵਕ ਸੰਪੰਨ

ਸਟਾਕਟਨ (ਹਰਜਿੰਦਰ ਪੰਧੇਰ)- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵੱਲੋਂ ਕਰਵਾਇਆ ਗਿਆ ਕਹਾਣੀ ਦਰਬਾਰ ਇਕ ਭਾਵਪੂਰਤ, ਉਸਾਰੂ ਅਤੇ ਸਾਰਥਕ ਕਹਾਣੀ ਵਰਕਸ਼ਾਪ ਹੋ ਨਿਬੜਿਆ। ਇਸ ਵਿਚ ਕੁੱਲ ਚਾਰ ਕਹਾਣੀਆਂ ਪੜ੍ਹੀਆਂ ਗਈਆਂ। ਸਭ ਤੋਂ ਪਹਿਲਾਂ ਪ੍ਰੋ: ਹਰਭਜਨ ਸਿੰਘ ਦੀ ਕਹਾਣੀ 'ਕਰਾਂਤੀ ਗੀਤ' ਸ਼ਾਇਰ ਮਨਦੀਪ ਗੋਰਾ ਵੱਲੋਂ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕੀਤੀ ਗਈ। ਇਸ ਕਹਾਣੀ ਵਿਚ ਪਰਵਾਸੀ ਲੋਕਾਂ ਦੀਆਂ ਸਮੱਸਿਆਵਾਂ ਅਤੇ 'ਲੀਗਲ ਸਟੇਟਸ' ਲਈ ਸੰ-ਘਰਸ਼ ਨੂੰ ਵਿਸ਼ਵ ਸਰਵਹਾਰਾ ਅੰ-ਦੋਲਨ ਦੇ ਸੰਦਰਭ ਵਿਚ ਰੱਖ ਕੇ ਇਕ ਸ਼ਾਨਦਾਰ ਅਤੇ ਜਾਨਦਾਰ ਬਿਰਤਾਂਤ ਸਿਰਜਿਆ ਗਿਆ ਹੈ। ਇਸ ਕਹਾਣੀ ਉਪਰ ਵਿਚਾਰ ਵਟਾਂਦਰੇ ਦਾ ਆਰੰਭ ਪ੍ਰਸਿੱਧ ਸਾਹਿਤਕਾਰ ਇੰਦਰ ਸਿੰਘ ਖਾਮੋਸ਼ ਨੇ ਆਪਣੇ ਪੇਪਰ 'ਕਰਾਂਤੀ ਗੀਤ: ਇਕ ਕਰਾਂਤੀਕਾਰੀ ਇਤਿਹਾਸਕ ਸੰਦਰਭ' ਨਾਲ ਕੀਤਾ। ਇਸ ਪੇਪਰ ਵਿਚ ਉਨ੍ਹਾਂ ਨੇ ਇਸ ਕਹਾਣੀ ਨੂੰ ਸਮਕਾਲੀ ਪ੍ਰਸਥਿਤੀਆਂ ਵਿਚ ਇਨਕਲਾਬੀ ਸੰਦਰਭ ਅਤੇ ਹਾਂ-ਪੱਖੀ ਨਜ਼ਰੀਏ ਤੋ ਸਿਰਜੀ ਗਈ ਇਕ ਸ਼ਕਤੀਸ਼ਾਲੀ ਰਚਨਾ ਕਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰੋ. ਹਰਭਜਨ ਨੇ ਇਸ ਕਹਾਣੀ ਵਿਚ ਲੋਕ-ਪੱਖੀ ਸਾਹਿਤ ਅਤੇ ਇਨਕਲਾਬੀ ਸੰਘਰਸ਼ ਦੇ ਸੁਮੇਲ ਅਤੇ ਸਮਰਥਨ ਦੇ ਮੁੱਦੇ ਨੂੰ ਵੀ ਬਾਖੂਬੀ ਫੋਕਸ ਵਿਚ ਲਿਆਂਦਾ ਹੈ।

ਦੂਜੀ ਕਹਾਣੀ 'ਪਿੰਜਰਾ' ਇਸ ਸਮਾਗਮ ਦੇ ਮੁੱਖ ਮਹਿਮਾਨ ਅਮਰਜੀਤ ਚਾਹਲ ਨੇ ਪੇਸ਼ ਕੀਤੀ। ਇਸ ਕਹਾਣੀ ਉਪਰ ਵਿਚਾਰ ਵਟਾਂਦਰੇ ਦੀ ਸ਼ੁਰੂਆਤ ਹਰਜਿੰਦਰ ਪੰਧੇਰ ਵੱਲੋਂ ਪੜ੍ਹੇ ਗਏ ਅਜਮੇਰ ਰੋਡੇ ਦੇ ਸੰਖੇਪ ਰੀਵਿਊ-ਨੁਮਾ ਪੇਪਰ ਨਾਲ ਹੋਈ। ਇਸ ਪੇਪਰ ਵਿਚ ਅਜਮੇਰ ਰੋਡੇ ਨੇ ਇਸ ਕਹਾਣੀ ਨੂੰ ਆਮ ਰਵ-ਾਇਤੀ ਤਕਨੀਕ ਤੋਂ ਹਟ ਕੇ ਇਕ ਸਫਲ ਨਵਾਂ ਤਜਰਬਾ ਕਹਿ ਕੇ ਤਰੀਫ਼ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ, "ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਆਮ ਕਹਾਣੀਆਂ ਵਾਂਗ ਘਟਨਾ 'ਤੇ ਜ਼ੋਰ ਨਹੀਂ ਦਿੰਦਾ। ਪਾਠਕਾਂ ਨੂੰ ਪ੍ਰਭਾਵਿਤ ਕਰਨ ਲਈ ਪਰਿਵਾਰਕ ਹਿੰਸਾ ਦੇ ਜਲਵੇ ਨਹੀਂ ਦਿਖਾਉਂਦਾ। ਇਸ ਤੋਂ ਉਲਟ ਇਸ ਹਿੰਸਾ ਤੋਂ ਉਪਜੀ ਪਾਤਰਾਂ ਦੀ ਮਾਨਸਿਕ ਟੁੱਟ ਭੱਜ ਤੇ ਜ਼ੋਰ ਦਿੰਦਾ ਹੈ।" ਤੀਜੀ ਕਹਾਣੀ 'ਕੁੱਤਾ ਤੇ ਮਨੁੱਖ' ਹਰਜਿੰਦਰ ਪੰਧੇਰ ਵੱਲੋਂ ਪੇਸ਼ ਕੀਤੀ ਗਈ। ਇਸ ਬਾਰੇ ਵਿਚਾਰ ਵਟਾਂਦਰੇ ਦਾ ਆਗਾਜ਼ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ ਇਸ ਕਹਾਣੀ ਨੂੰ ਵਿਸ਼ਵ ਪ੍ਰਸਥਿਤੀਆਂ ਦੇ ਸਮਕਾਲੀ ਸੰਦਰਭ ਵਿਚ, ਵਿਸ਼ੇਸ਼ ਕਰ ਕੇ ਨਵ-ਬਸਤੀਵਾਦੀ ਪਾਸਾਰ ਲਈ ਨਵੀਆਂ ਸਾਮਰਾਜੀ ਜੰਗਾਂ ਦੀ ਤਬਾਹੀ ਅਤੇ ਕਾਰਪੋਰੇਟ ਸੈਕਟਰ ਦੀ ਕੁੱਤਾ ਖੋਹੀ ਦੇ ਦੌਰ ਵਿਚ ਮਨੁੱਖ ਦੀ ਹੋ ਰਹੀ ਬੇਹੁਰਮਤੀ ਤੇ ਬੇਕਦਰੀ ਬਾਰੇ ਇਕ ਬੇਹਤਰੀਨ ਕਹਾਣੀ ਕਹਿ ਕੇ ਸਵਾਗਤ ਕੀਤਾ। ਚੌਥੀ ਕਹਾਣੀ 'ਬੈਸਟ ਮਦਰਜ਼ ਡੇਅ' ਨੀਲਮ ਸੈਣੀ ਨੇ ਪੇਸ਼ ਕੀਤੀ। ਇਸ ਬਾਰੇ ਪ੍ਰਿੰਸੀਪਲ ਹਰਨੇਕ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸਨੂੰ ਇਕ ਸਕੂਲ ਟੀਚਰ ਦੇ ਬਹੁ-ਸਭਿਆਚਾਰਕ ਆਦਾਨ-ਪਰਦਾਨ ਅਤੇ ਪਰਵਾਸੀ ਭਾਈਚਾਰਿਆਂ ਦੇ ਅੰਤਰਵਿਰੋਧਾਂ ਬਾਰੇ ਨਿੱਜੀ ਅਨੁਭਵ ਵਿਚੋਂ ਉਪਜੀ ਇਕ ਵਧੀਆ ਕਹਾਣੀ ਕਿਹਾ। ਉਨ੍ਹਾਂ ਨੇ ਇਸ ਕਹਾਣੀ ਦੇ ਅੰਤ ਨੂੰ ਮੁੜ-ਵਿਚਾਰਨ ਅਤੇ ਪੁਨਰ-ਸਿਰਜਨ ਬਾਰੇ ਸੁਝਾਅ ਵੀ ਦਿੱਤਾ। ਚਾਰੇ ਕਹਾਣੀਆਂ ਉਪਰ ਹੋਈ ਭਰਵੀਂ ਅਤੇ ਭਖਵੀਂ ਬਹਿਸ ਵਿਚ ਜਿਨ੍ਹਾਂ ਸਾਹਿਤਕਾਰਾਂ ਨੇ ਹਿੱਸਾ ਲਿਆ, ਉਹਨਾਂ ਵਿਚ ਇੰਦਰ ਸਿੰਘ ਖਾਮੋਸ਼, ਅਮਰਜੀਤ ਚਾਹਲ, ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਰਾਠੀ ਸੂਰਾ ਪੁਰੀ, ਪ੍ਰਿੰਸੀਪਲ ਹਰਨੇਕ ਸਿੰਘ ਤੋਂ ਇਲਾਵਾ ਨੀਲਮ ਸੈਣੀ, ਤਾਰਾ ਸਾਗਰ, ਮਨਦੀਪ ਗੋਰਾ, ਕੁਲਦੀਪ ਸਿਘ ਤੱਖਰ, ਕਾਮਰੇਡ ਸਰਨ ਪਾਲ ਬੈਂਸ, ਇੰਦਰਜੀਤ ਗਰੇਵਾਲ ਆਦਿ ਸ਼ਾਮਲ ਹਨ। ਇਸ ਬਹਿਸ ਦੌਰਾਨ ਇਨ੍ਹਾਂ ਕਹਾਣੀਆਂ ਬਾਰੇ ਮਹਿੰਦਰ ਪਾਲ ਸਿੰਘ ਧਾਲੀਵਾਲ (ਇੰਗਲੈਂਡ), ਸੁਰਿੰਦਰ ਸੋਹਲ (ਨਿਊਯਾਰਕ), ਡਾ: ਲਾਭ ਸਿੰਘ ਖੀਵਾ (ਬਠਿੰਡਾ, ਪੰਜਾਬ) ਅਤੇ ਪਿਸ਼ੌਰਾ ਸਿੰਘ ਢਿਲੋਂ (ਮਡੇਰਾ, ਕੈਲੀਫੋਰਨੀਆ) ਵੱਲੋਂ ਭੇਜੇ ਗਏ ਸੁਝਾਅ-ਨੁਮਾ ਈਮੇਲ ਰੁੱਕਿਆਂ ਨੂੰ ਹਰਜਿੰਦਰ ਪੰਧੇਰ ਨੇ ਪੜ੍ਹ ਕੇ ਸੁਣਾਇਆ। ਸਮਾਗਮ ਦੇ ਅਰੰਭ ਵਿਚ ਹਰਜਿੰਦਰ ਪੰਧੇਰ ਨੇ 'ਕਾਮਾਗਾਟਾ ਮਾਰੂ ਜਹਾਜ਼' ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਦਿਆਂ, ਇਹ ਸਮਾਗਮ ਸਮੁੱਚੀ ਗਦਰ ਲਹਿਰ ਦੇ ਉਹਨਾਂ ਅਧੂਰੇ ਸੁਪਨਿਆਂ ਦੇ ਨਾਂ ਕਰ ਦਿੱਤਾ, ਜੋ ਅਧੂਰੇ ਹੀ ਰਹਿ ਗਏ। ਉਸ ਤੋਂ ਮਗਰੋਂ ਅਮਰਜੀਤ ਚਾਹਲ ਨੇ ਕਹਾਣੀ ਵਿਧਾ ਨਾਲ ਸਬੰਧਿਤ ਕਲਾ, ਭਾਸ਼ਾ, ਤਕਨੀਕ, ਵਿਸ਼ਾ-ਵਸਤੂ ਆਦਿ ਪਹਿਲੂਆਂ ਬਾਰੇ ਕੁੰਜੀਵਤ ਭਾਸ਼ਣ ਕੀਤਾ ਜੋ ਕਾਫੀ ਸਲਾਹਿਆ ਗਿਆ। ਇਸ ਸਬੰਧ ਵਿਚ ਪ੍ਰੋ. ਹਰਭਜਨ ਸਿੰਘ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ। ਅੰਤ ਵਿਚ ਕਾਵਿ-ਮਹਿਫਲ ਦਾ ਆਗਾਜ਼ ਕਰਦਿਆਂ ਡਾਕਟਰ ਤਨਵੀ ਚੌਹਾਨ ਨੇ ਦੋ ਲੋਕ ਗੀਤ ਗਾ ਕੇ ਖੂਬ ਵਾਹ-ਵਾਹ ਖੱਟੀ। ਗੁਰਚਰਨ ਕੌਰ ਨੇ ਵੀ ਇਕ ਹੋਰ ਲੋਕ ਗੀਤ ਪੇਸ਼ ਕੀਤਾ ਅਤੇ ਅਮਰਪਾਲ ਨੇ ਆਪਣਾ ਲਿਖਿਆ ਇਕ ਕਰਾਂਤੀਕਾਰੀ ਗੀਤ ਗਾਇਆ। ਫਿਰ ਇੰਦਰਜੀਤ ਗਰੇਵਾਲ, ਰਾਠੀ ਸੂਰਾਪੁਰੀ, ਨੀਲਮ ਸੈਣੀ, ਮਨਦੀਪ ਗੋਰਾ ਆਦਿ ਨੇ ਆਪਣੀਆਂ ਕਾਵਿ-ਰਚਨਾਵਾਂ ਤੇ ਗਜ਼ਲਾਂ ਪੇਸ਼ ਕੀਤੀਆਂ। ਸਮੁੱਚੇ ਸਮਾਗਮ ਦੀ ਪ੍ਰਧਾਨਗੀ ਦੀ ਜ਼ਿੰਮੇਂਵਾਰੀ ਇੰਦਰ ਸਿੰਘ ਖਾਮੋਸ਼ ਤੇ ਅਮਰਜੀਤ ਚਾਹਲ ਨੇ ਮਿਲ ਕੇ ਨਿਭਾਈ।




**(ਰਿਪੋਰਟ: ਹਰਜਿੰਦਰ ਪੰਧੇਰ**

# ਅਮਰੀਕੀ ਸਥਾਨਕ ਪੰਜਾਬੀ ਕਵੀਆਂ ਵੱਲੋਂ ਪੈਟਰਸਨ (ਕੈਲੀਫੋਰਨੀਆ) ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਜਾਵੇਗਾ

**ਪੈਟਰਸਨ (ਯੂ. ਐਸ. ਏ.) (ਪ੍ਰਮਿੰਦਰ ਸਿੰਘ ਪ੍ਰਵਾਨਾ)-** ਇਲਾਕਾ ਨਿਵਾਸੀਆਂ ਦੀ ਸਮੂਹ ਸਾਧ ਸੰਗਤ ਵਾਸਤੇ ਇਕ ਵਿਸ਼ੇਸ਼ ਸੂਚਨਾ ਹੈ ਕਿ 21 ਦਸੰਬਰ, 2014 ਦਿਨ ਐਤਵਾਰ ਦੁਪਹਿਰ 12 ਤੋਂ 1 ਵਜੇ ਤੱਕ ਅਮਰੀਕੀ ਸਥਾਨਕ ਪੰਜਾਬੀ ਕਵੀਆਂ ਵੱਲੋਂ ਭਾਈ ਸੇਵਾ ਸਿੰਘ ਜੀ ਦੇ ਸਹਿਯੋਗ ਨਾਲ ਇਕ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਡਾਈਨ ਟਰੁੱਥ ਸਿੱਖ ਮਿਸ਼ਨ (209-585-9724) ਵਿਖੇ ਸਜਾਇਆ ਜਾ ਰਿਹਾ ਹੈ। ਯਾਦ ਰਹੇ ਕਿ ਹਫਤਾਵਾਰੀ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ, ਇਸੇ ਲੜੀ ਵਿਚ ਗੁਰ-ਇਤਿਹਾਸ ਦੇ ਸ਼ਹੀਦਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਜਾਵੇਗਾ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਧਾਰਮਿਕ ਕਵੀ ਦਰਬਾਰ ਦਾ ਆਨੰਦ ਮਾਣਦੇ ਹੋਏ ਲਾਹਾ ਪ੍ਰਾਪਤ ਕਰਕੇ ਕਵੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਜ਼ਰੂਰ ਦਰਸ਼ਨ ਦੇਣ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ ਪ੍ਰਵਾਹ ਨੂੰ ਸੁਰਜੀਤ ਰੱਖਣ ਦਾ ਉਪਰਾਲਾ ਹੈ। ਅਜਿਹੇ ਪ੍ਰੋਗਰਾਮ ਸਾਧ ਸੰਗਤ ਦੀ ਸ਼ਰਧਾ ਅਤੇ ਯੋਗ ਪ੍ਰਬੰਧਕਾਂ ਦੇ ਸਹਿਯੋਗ ਨਾਲ ਸਫਲ ਹੁੰਦੇ ਹਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-415-9317 ਜਾਂ 408-528-4489

# ਇਰਾਕ ਵਿਚ ਖੁੱਲ੍ਹੇਆਮ ਵਿਕ ਰਹੀਆਂ ਨੇ ਇਸਾਈ ਔਰਤਾਂ

**ਬਗਦਾਦ-** ਇਰਾਕ ਅਤੇ ਸੀਰੀਆ ਵਿਚ ਕਤਲੇਆਮ ਮਚਾਉਣ ਵਾਲੇ ਇਸਲਾਮਿਕ ਸਟੇਟ (ਆਈ) ਦੇ ਅੱਤਵਾਦੀਆਂ ਵੱਲੋਂ ਜ਼ਬਰਦਸਤੀ ਚੁੱਕ ਕੇ ਲਿਜਾਈਆਂ ਗਈਆਂ ਯਜੀਦੀ ਅਤੇ ਇਸਾਈ ਔਰਤਾਂ ਤੇ ਲੜਕੀਆਂ ਆਲੂ-ਪਿਆਜ ਵਾਂਗ ਮੰਡੀਆਂ 'ਚ ਵੇਚੀਆਂ ਜਾ ਰਹੀਆਂ ਹਨ। ਅੱਤਵਾਦੀਆਂ ਨੇ ਇਹਨਾਂ ਦੀ ਵੱਖਰੀ ਕੀਮਤ ਲਗਾ ਰੱਖੀ ਹੈ। ਇਸ ਲਈ ਬਕਾਇਦਾ ਇਕ ਸੂਚਨਾ ਜਾਰੀ ਕੀਤੀ ਹੈ। ਇਸ ਸੂਚਨਾ ਅਨੁਸਾਰ 40 ਤੋਂ 50 ਸਾਲ ਵੀ ਔਰਤ ਦੀ ਕੀਮਤ 50,000 ਦੀਨਾਰ ਹੈ, ਜਦਕਿ 30 ਤੋਂ 40 ਸਾਲ ਵਾਲੀ ਔਰਤ ਦੀ ਕੀਮਤ 75000 ਦੀਨਾਰ ਰੱਖੀ ਹੈ। 20 ਤੋਂ 30 ਸਾਲ ਵਾਲੀਆਂ ਔਰਤਾਂ ਦੀ ਕੀਮਤ 1 ਲੱਖ ਦੀਨਾਰ ਹੈ ਅਤੇ 10 ਤੋਂ 20 ਸਾਲ ਉਮਰ ਵਾਲੀਆਂ ਲੜਕੀਆਂ ਦੀ ਕੀਮਤ ਡੇਢ ਲੱਖ ਦੀਨਾਰ ਤੈਅ ਕੀਤੀ ਹੈ। ਇੱਥੇ ਸੌਦੇਬਾਜ਼ੀ ਨਹੀਂ ਹੁੰਦੀ ਹੈ ਅਤੇ ਇਹਨਾਂ ਦੀ ਫਿਕਰ ਪ੍ਰਾਈਜ਼ ਹੈ, ਜੇ ਕੋਈ ਗੜਬੜੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦਾ ਸਿਰ ਵੱਢ ਦਿੱਤਾ ਜਾਂਦਾ ਹੈ। ਇਸ ਸਮੇਂ ਵਿਚ ਇਕ ਖਰੀਦਦਾਰ ਤਿੰਨ ਤੋਂ ਵੱਧ ਔਰਤਾਂ ਜਾਂ ਲੜਕੀਆਂ ਨਹੀਂ ਖਰੀਦ ਸਕਦਾ ਹਾਲਾਂਕਿ ਇਸ ਬਾਰੇ ਤੁਰਕੀ, ਸੀਰੀਆਈ ਅਤੇ ਅਰਬ ਦੇਸ਼ਾਂ ਦੇ ਖਰੀਦਦਾਰਾਂ ਨੂੰ ਛੋਟ ਦਿੱਤੀ ਗਈ ਹੈ। ਯਜੀਦੀ ਇਰਾਕ ਦੇ ਮੂਲ ਨਿਵਾਸੀ ਹਨ। ਇਰਾਕ ਵਿਚ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਹਿੰਸਾ ਦੌਰਾਨ ਹਜ਼ਾਰਾਂ ਯਜੀਦੀ ਮਰਦਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਬੱਚਿਆਂ ਅਤੇ ਔਰਤਾਂ ਨੂੰ ਜਬਰੀ ਚੁੱਕ ਲਿਆ ਗਿਆ ਹੈ।

# ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਯੂਬਾ ਸਿਟੀ ਵਿਖੇ ਮਨਾਇਆ ਗਿਆ








**ਯੂਬਾ ਸਿਟੀ–** ਬਾਬਾ ਜੀਵਨ ਸਿੰਘ ਨੌਜਵਾਨ ਸਭਾ ਯੂ. ਐਸ. ਏ. ਨੇ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਜੀ ਦਾ ਸ਼ਹੀਦੀ ਦਿਹਾੜਾ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ 7 ਦਸੰਬਰ ਦਿਨ ਐਤਵਾਰ ਨੂੰ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਸਭਾ ਵੱਲੋਂ ਅੱਜ ਤੋਂ ਤਿੰਨ ਸਾਲ ਪਹਿਲਾਂ ਬਹੀਦੀ ਦਿਹਾੜਾ ਮਨਾਉਣ ਦੀ ਆਰੰਭਤਾ ਹੋਈ ਸੀ ਅਤੇ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਮਨਾਏ ਜਾਣ ਦਾ ਇਹ ਪਹਿਲਾ ਮੌਕਾ ਹੈ, ਜਿੱਥੇ ਸੰਗਤਾਂ ਨੇ ਭਾਰੀ ਗਿਣਤੀ 'ਚ ਹਾਜ਼ਰੀ ਭਰੀ। ਸਭਾ ਦੇ ਚੇਅਰਮੈਨ ਦੇ ਦੱਸਣ ਅਨੁਸਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਰਿਓਲਿੰਡਾ ਅਤੇ ਫਰਿਜ਼ਨੋ ਤੋਂ ਇਲਾਵਾ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਆਦਿ ਦੇ ਨੁਮਾਇੰਦਿਆਂ ਨੇ ਹਾਜ਼ਰੀਆਂ ਭਰੀਆਂ।

ਇਸ ਸ਼ਹੀਦੀ ਦਿਹਾੜੇ ਦੇ ਮੌਕੇ ਜਿਹਨਾਂ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਉਹਨਾਂ ਵਿਚ ਸਰਵ ਸ਼੍ਰੀ ਡਾ. ਗੁਰਜੀਤ ਸਿੰਘ, ਸੰਤੋਖ ਸਿੰਘ ਗਿੱਲ, ਅਮਰ ਦੜੌਚ, ਮੱਖਣ ਲੁਹਾਰ, ਪਲਵਿੰਦਰ ਮਾਹੀ ਆਦਿ ਤੋਂ ਇਲਾਵਾ ਜਿਹਨਾਂ ਗਾਇਕ-ਕਲਾਕਾਰਾਂ ਨੇ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਲਾਸਾਨੀ ਕੁਰਬਾਨੀ, ਬਾਬਾ ਜੀ ਵੱਲੋਂ ਮੁਗਲਾਂ ਦੇ ਰਾਜ ਵੇਲੇ ਸਖ਼ਤ ਪਹਿਰੇ ਦੇ ਬਾਵਜੂਦ ਸਤਿਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਉਣਾ ਅਤੇ ਉਹਨਾਂ ਦਾ ਇਕ ਉਚ ਕੋਟੀ ਦਾ ਲੇਖਕ ਹੋਣ ਬਾਰੇ ਸੰਘਰਸ਼ਮਈ ਵਾਰਾਂ, ਗੀਤ, ਕਵਿਤਾਵਾਂ ਰਾਹੀਂ ਸੰਗਤਾਂ ਨੂੰ ਜਾਣੂ ਕਰਾਉਣ ਵਿਚ ਜਿਹਨਾਂ ਨੇ ਅਹਿਮ ਚਾਨਣਾ ਪਾਇਆ, ਉਹਨਾਂ ਵਿਚ ਅਮਰਜੀਤ ਲਾਲੀ, ਭੁਪਿੰਦਰ ਭਿੰਦਾ, ਸੁਖਦੇਵ ਸਾਹਿਲ, ਸੁਲਤਾਨ ਅਖਤਰ ਤੇ ਭਾਈ ਹਰਬਿਲਾਸ ਸਿੰਘ ਦੇ ਨਾਂ ਵਰਣਨਯੋਗ ਹਨ।

ਇੰਨੇ ਵੱਡੇ ਸਮਾਗਮ ਦਾ ਪ੍ਰੋਗਰਾਮ ਉਲੀਕਣਾ ਤੇ ਸਫਲ ਬਣਾਉਣ ਵਿਚ ਇਕ ਟੀਮ ਵਰਕ ਦੀ ਜ਼ਰੂਰਤ ਹੋਇਆ ਕਰਦੀ ਹੈ, ਜੋ ਇਸ ਟੀਮ ਵਰਕ ਨੂੰ ਇਕ ਸਭਾ ਦੇ ਰੂਪ ਵਿਚ ਸਰਵਾਨੀ ਬਲਬੀਰ ਧਾਰੀਵਾਲ (ਚੇਅਰਮੈਨ), ਰਵੀ ਪਾਸ ਸਿੰਘ (ਵਾਈਸ ਚੇਅਰਮੈਨ), ਦਵਿੰਦਰ ਸਿੰਘ (ਪ੍ਰਧਾਨ), ਹਰਜੀ ਸਿੰਘ (ਉਪ ਪ੍ਰਧਾਨ), ਅਮਰਜੀਤ (ਜਨਰਲ ਸਕੱਤਰ), ਸ਼ਿਵਤਾਰ ਸਿੱਧੂ (ਉਪ ਸਕੱਤਰ), ਅਜਮੇਰ ਘਾਰੂ (ਅਜਾਨਚੀ), ਭੁਪਿੰਦਰ ਸਿੰਘ (ਸਹਾਇਕ ਖਜਾਨਚੀ) ਅਤੇ ਦੀਪ ਸਿੰਘ (ਸਹਾਇਕ ਖਜਾਨਚੀ) ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਅਤੇ ਜਨਰਲ ਸਕੱਤਰ ਸ੍ਰੀ ਸੋਹਣ ਲਾਲ ਸਹੋਤਾ ਬੀ. ਡੀ. ਓ. ਜੀ ਦਾ ਆਸ਼ੀਰਵਾਦ ਹਾਸਲ ਸੀ। ਇਹਨਾਂ ਨੌਜਵਾਨਾਂ ਨੇ ਵੀ ਆਪਣੇ ਇਹਨਾਂ ਬਜ਼ੁਰਗਾਂ ਦੇ ਆਸ਼ੀਰਵਾਦ ਦਾ ਮਾਣ ਕਰਦਿਆਂ ਸਨਮਾਨ ਚਿੰਨ੍ਹ ਨਾਲ ਇਹਨਾਂ ਦਾ ਸੰਯੁਕਤ ਸਨਮਾਨ ਕੀਤਾ। ਇਸ ਤੋਂ ਇਲਾਵਾ ਸਭਾ ਵੱਲੋਂ ਹੋਰ ਮਾਣ ਸਨਮਾਨ ਦਿੱਤੇ ਗਏ।

ਕਿਸੇ ਵੀ ਪ੍ਰੋਗਰਾਮ ਦੇ ਸਮਾਗਮ ਦੀ ਤਿਆਰੀ ਜਿੰਨੀ ਮਹੱਤਵਪੂਰਨ ਹੋਇਆ ਕਰਦੀ ਹੈ, ਉਨਾ ਹੀ ਸਟੇਜ ਸਕੱਤਰ ਲਈ ਮਹੱਤਵਪੂਰਨ ਹੁੰਦੀ ਹੈ। ਸੋ ਇਸਨੂੰ ਸਫਲ ਬਣਾਉਣ ਵਿਚ ਅਖੀਰਲਾ ਪੜਾਅ ਸਟੇਜ ਸਕੱਤਰ ਦਾ ਹੁੰਦਾ ਹੈ, ਜਿਸ ਦੀ ਸੇਵਾ ਨਾਮਵਰ ਗਾਇਕ ਅਮਰਜੀਤ ਲਾਲੀ ਨੇ ਬਾਖ਼ੂਬੀ ਨਾਲ ਨਿਭਾਈ।

ਉਹਨਾਂ ਨੇ ਸਭਾ ਵੱਲੋਂ ਸਭ ਦਾ ਧੰਨਵਾਦ ਕੀਤਾ ਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਜਨਮ ਦਿਨ ਮੁਬਾਰਕ

## ਬੱਚੀ ਰਵਨੀਤ ਕੌਰ ਚੰਦੜ ਨੂੰ ਮਾਤਾ-ਪਿਤਾ, ਦਾਦੀ-ਦਾਦੇ ਜੀ ਦੇ ਸਮੂਹ ਪਰਿਵਾਰ ਵੱਲੋਂ ਪਹਿਲੇ ਜਨਮ ਦਿਨ ਦੀਆਂ ਲੱਖ-ਲੱਖ ਮੁਬਾਰਕਾਂ


ਬੱਚੀ ਰਵਨੀਤ ਕੌਰ ਚੰਦੜ


ਬੱਚੀ ਰਵਨੀਤ ਕੌਰ ਚੰਦੜ ਆਪਣੇ ਮਾਤਾ-ਪਿਤਾ ਨਾਲ

**ਨੀਰਜ ਕੁਮਾਰ ਚੰਦੜ (ਪਿਤਾ), ਪਰਮਜੀਤ ਕੌਰ ਚੰਦੜ (ਮਾਤਾ), ਸੁਖ ਰਾਮ ਚੰਦੜ (ਦਾਦਾ), ਮੋਹਿੰਦਰ ਕੌਰ ਚੰਦੜ (ਦਾਦੀ)**

# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

We have the largest collection for Indian, Fijian & Pakistani Grocery



The Threading queen

threading & HEENA TATTOOS

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511



# INDIA BAZAAR




Jai Ram Gaught

Harjit Gaught (Happy)

Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210



# Raja SWEETS & CATERING

AUTHORIZED CATERER FOR MAJOR 5-STAR HOTELS



Raja Items Serving

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

Raja Catering Service

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

Raja Additional Service

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

Phone: 510-538-1138